੩੦ ਵਾਂ ਸਾਲ

# ਵਰਿਆਮ

ਜੁਲਾਈ, ੨੦੦੫



ਪ੍ਰਿਉ ਪ੍ਰਿਉ ਕਰਤੀ ਸਭੁ ਜਗੁ ਫਿਰੀ
ਮੇਰੀ ਪਿਆਸ ਨ ਜਾਇ ॥
ਨਾਨਕ ਸਤਿਗੁਰਿ ਮਿਲਿਐ ਮੇਰੀ ਪਿਆਸ ਗਈ
ਪਿਰੁ ਪਾਇਆ ਘਰਿ ਆਇ ॥ - ਮ. ੩

Namdhari Elibrary NamdhariElibrary@gmail.com

# ਸ਼ਰਧਾਂਜਲੀ



ਪ੍ਰਿੰਸੀਪਲ ਅਜੀਤ ਸਿੰਘ ਚੀਮਾ

੫ ਜੂਨ 2005 ਨੂੰ ਪਰਲੋਕ ਸਿਧਾਰ ਗਏ

Namdhari Elibrary NamdhariElibrary@gmail.com

# ਵਰਿਆਮ

**ਜੁਲਾਈ-੨੦੦੫**
**ਜਿਲਦ-੩੦**
**ਅੰਕ- ੯**

**ਸੰਪਾਦਕ**
**ਜਗਦੀਸ਼ ਸਿੰਘ 'ਵਰਿਆਮ'**



| | |
|---|---|
| ਦਫਤਰ ਦਾ ਪਤਾ: | Office Address : |
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-ਦਫਤਰ : ੨੨੨੨੫੪੩ | Ph. : 2222543 (O) |
| ਘਰ : ੨੪੫੬੨੮੯ | 2456289 (R) |



## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੬੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ ਅਮਰੀਕੀ |

ਹਵਾਈ ਡਾਕ ਰਾਹੀਂ

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।


## ਤਤਕਰਾ


ਸੰਪਾਦਕੀ ਪੱਤਰੇ —ਜਗਦੀਸ਼ ਸਿੰਘ -------- ੨
ਆਓ ਚਿੰਤਨ ਕਰੀਏ !—ਗੁਰਮੀਤ ਸਿੰਘ ਪਲਾਹੀ ---- ੫
ਇਕ-ਸਾਖੀਕਾਰ, ਇਕ-ਮਹਾਂਕਵੀ :
ਮਾਸਟਰ ਨਿਹਾਲ ਸਿੰਘ —ਸੁਵਰਨ ਸਿੰਘ ਵਿਰਕ ---- ੭
ਇਹ ਸਭ ਤੇਰੀ ਹੀ ਮਾਇਆ ਹੈ
—ਅਜੀਤ ਸਿੰਘ 'ਬੁਲੰਦ' -- ੧੬
ਯਾਤਰਾ ਦੱਖਣ ਦੇਸ਼ ਦੀ —ਸਾਧੂ ਸਿੰਘ ਕਿਸਾਨ -- ੧੭
ਸਫ਼ਰ 'ਮੈਂ' ਤੋਂ 'ਤੂੰ' ਤੱਕ —ਦਲਬੀਰ ਸਿੰਘ ਤਰਸ - ੨੨
ਗ਼ਜ਼ਲਾਂ —ਅਜੈਬ ਸਿੰਘ ------- ੨੨
ਗ਼ਜ਼ਲ —ਤੁਲੀ ਫਕੀਰ ਚੰਦ ---- ੨੨
ਰਾਂਝਾ, ਵੰਝਲੀ ਤੇ ਦਰਿਆ —ਕੰਵਰ ਇਮਤਿਆਜ਼ - ੨੪
ਗੀਤ —ਚਰਨ ਸੀਚੇਵਾਲਵੀ --- ੨੪
ਗ਼ਜ਼ਲ —ਪ੍ਰਿੰ. ਨਵਰਾਹੀ ਘੁਗਿਆਣਵੀ --- ੨੪
ਗੀਤ —ਸੁਰਜੀਤ ਸਿੰਘ ਅਮਰ --- ੨੪
ਪ੍ਰਦੂਸ਼ਣ —ਅਜੀਤ ਸਿੰਘ ਚੀਮਾ ---- ੨੫
ਅਯੋਧਿਆ—ਇਕ ਇਤਿਹਾਸਕ ਖੋਜ
—ਕਰਤਾਰ ਸਿੰਘ ਨੀਲਧਾਰੀ --- ੨੭
ਤੇਜ਼ੀ ਨਾਲ ਬਦਲਦਾ ਪੰਜਾਬੀ ਸੱਭਿਆਚਾਰ
—ਸੁਰਿੰਦਰ ਪਾਲ ਮੰਡ ----- ੩੧
ਭਾਈ ਮਹਾਂ ਸਿੰਘ ਜੀ
—ਸਵਰਗੀ ਸੰਤ ਨਿਧਾਨ ਸਿੰਘ ਆਲਿਮ --- ੩੩
ਕੁਝ ਤਾਜ਼ੀਆਂ ਪੜ੍ਹੀਆਂ ਪੁਸਤਕਾਂ
—ਪਿਆਰਾ ਸਿੰਘ ਭੋਗਲ ----- ੩੭
ਖ਼ਬਰਨਾਮਾ ------------------------------ ੩੭
ਪ੍ਰਤੀਕਿਰਿਆ ------------------------------ ੪੫


## ਬੇਈਮਾਨਾਂ ਦੀ ਨਿਸਬਤ

ਗਰੀਬ ਨਾਲੋਂ ਅਮੀਰ ਨੂੰ ਧਨ ਦੀ ਲੋੜ ਬਹੁਤੀ ਹੁੰਦੀ ਹੈ, ਇਸ ਲਈ ਉਹ ਬਹੁਤੀਆਂ ਹਾਲਤਾਂ ਵਿਚ ਬੇਈਮਾਨੀ ਲਈ ਛੇਤੀ ਪਰੇਰਿਆ ਜਾਂਦਾ ਹੈ। ਦੁਨੀਆਂ ਵਿਚ ਗਰੀਬਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਏਸ ਗਿਣਤੀ ਦੇ ਰੂਬਰੂ ਗਰੀਬ ਬੇਈਮਾਨਾਂ ਦੀ ਨਿਸਬਤ ਆਟੇ ਵਿੱਚ ਲੂਣ ਜਿੰਨੀ ਵੀ ਨਹੀਂ ਪਰ ਅਮੀਰ ਬੇਈਮਾਨਾਂ ਦੀ ਨਿਸਬਤ ਅੱਧੋ-ਸੁਧ ਹੈ।

—ਗੁਰਬਖਸ਼ ਸਿੰਘ, ਪ੍ਰੀਤਲੜੀ ਮਾਰਚ—੬੧




Namdhari Elibrary NamdhariElibrary@gmail.com

## ਸਾਂਝੀ ਬੇਬਸੀ

ਸਾਂਝੇ ਕਰਨ ਲਈ ਮਸਲੇ ਬਹੁਤ ਹਨ। ਸਮਾਜ ਪ੍ਰਾਂਤ, ਦੇਸ਼ ਅਤੇ ਵਿਦੇਸ਼ ਦੇ ਵੀ। ਭਖਦੇ ਅਤੇ ਭਖ ਚੁੱਕੇ ਜਾਂ ਬੁੱਸੇ ਹੋਏ ਵੀ। ਉਂਝ ਇਹ ਮਸਲੇ ਸਦਾ ਹੀ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਹਨ ਪਰ ਸਾਡੀ ਤੁਹਾਡੀ ਸਾਰਿਆਂ ਦੀ ਇਕ ਸਾਂਝੀ ਬੇਬਸੀ ਹੈ। ਅਸੀਂ ਆਮ ਤੌਰ ਤੇ ਮਹੀਨੇ ਦੀ ਅਠਾਈ ਤਾਰੀਖ ਨੂੰ ਆਉਣ ਵਾਲੇ ਮਹਿਨੇ ਦਾ ਪਰਚਾ ਡਾਕ ਵਿਚ ਪਾ ਦਿੰਦੇ ਹਾਂ ਪਰ ਇਸ ਵਾਰ ਪੂਰੀ ਤਿਆਰੀ ਦੇ ਬਾਵਜੂਦ ਵੀ ਪਤਾ ਨਹੀਂ ਕਿ ਇਵੇਂ ਹੋ ਸਕੇਗਾ ਜਾਂ ਨਹੀਂ। ਗਰਮੀ ਹੱਦ ਬੰਨੇ ਟੱਪ ਰਹੀ ਹੈ। ਨਿਰੀ ਇਹ ਹੀ ਗੱਲ ਨਹੀਂ ਬਿੱਜਲੀ ਦੀ ਸਪਲਾਈ ਬਾਰ-ਬਾਰ ਬੰਦ ਕੀਤੀ ਜਾ ਰਹੀ ਹੈ। ਜਿਹੜੇ ਕੰਪਿਊਟਰ ਅਤੇ ਕਾਰਿੰਦੇ ਏ. ਸੀ. ਦੀ ਠੰਡ ਦੇ ਗਿੱਝੇ ਹੋਏ ਸਨ ਉਹਨਾਂ ਦਾ ਹਾਲ ਸ਼ਬਦਾਂ ਵਿਚ ਬਿਆਨ ਨਹੀਂ ਹੋ ਸਕਦਾ। ਗਰਮੀ ਸਰਦੀ ਤਾਂ ਕੁਦਰਤ ਦੀ ਦੇਣ ਹੈ ਪਰ ਬਿੱਜਲੀ ਫੇਲ੍ਹ ਹੋਣੀ ਤੇ ਬਾਰ-ਬਾਰ ਹੋਣੀ ਤਾਂ ਸਰਕਾਰੀ ਪਰਬੰਧ ਦੀ ਕਮੀ ਹੈ। ਇਹਦਾ ਇਲਾਜ ਸਾਡੇ ਕੋਲ ਨਹੀਂ। ਏਸ ਵਾਸਤੇ ਪਤਾ ਨਹੀਂ ਇਹ ਪਰਚਾ ਕਦੋਂ ਤੁਹਾਡੇ ਕੋਲ ਪੁੱਜੇ। ਭਈ ਬਰਦਾਸ਼ਤ ਕਰ ਲੈਣਾ, ਗਰਮੀ ਵਾਂਗ ਹੀ।

*ਜ਼ਿੰਦਗੀ ਹੈ ਯਾ ਕੋਈ ਤੂਫਾਨ ਹੈ*
*ਹਮ ਤੋ ਇਸ ਜੀਨੇ ਕੇ ਹਾਥੋਂ ਮਰ ਚਲੇ*

—ਖੁਆਜਾ ਮੀਰ ਦਰਦ

## ਠੇਕੇਦਾਰ ਗੁਰਬਚਨ ਸਿੰਘ

ਚਲੋ ਚਲੀ ਦੇ ਮੇਲੇ ਵਿਚ ਅੰਤ ਦਿੱਲੀ ਵਾਲੇ ਠੇਕੇਦਾਰ ਗੁਰਬਚਨ ਸਿੰਘ ਵੀ ਸੰਸਾਰ ਯਾਤਰਾ ਮੁਕੰਮਲ ਕਰ ਗਏ ਹਨ। ਉਹਨਾਂ ਨੂੰ ਮਿਲ ਕੇ, ਉਹਨਾਂ ਦੀ ਸਿਹਤ ਵੇਖ ਕੇ ਅਤੇ ਉਹਨਾਂ ਦੀਆਂ ਜ਼ਿੰਦਾ-ਦਿਲੀ ਦੀਆਂ ਗੱਲਾਂ ਸੁਣ ਕੇ ਕਦੀ ਅੰਦਾਜ਼ਾ ਵੀ ਨਹੀਂ ਸੀ ਲਗਦਾ ਕਿ ਇਹ ਮਨੁਖ ਕਦੀ ਵੀ ਇਸ ਸੰਸਾਰ ਤੋਂ ਅਲੱਗ ਹੋ ਜਾਵੇਗਾ।

ਅੱਜ ਕਲ੍ਹ ਦੇ ਪਾਕਿਸਤਾਨ ਦੇਸ਼ ਦੇ ਜ਼ਿਲ੍ਹਾ ਸਿਆਲਕੋਟ ਵਿਚ ਇਕ ਝੰਗੀ ਪਿੰਡ ਹੁੰਦਾ ਸੀ, ਜਿਥੋਂ ਦੇ ਨਾਮਧਾਰੀਆਂ ਦਾ ਇਕ ਵਡਾ ਪਰਿਵਾਰ ਸੀ। ਪਾਰਟੀਸ਼ਨ ਬਾਅਦ ਇਹ ਵਡ-ਪਰਿਵਾਰ ਦਿੱਲੀ ਵਿਚ ਆ ਕੇ ਵਸਿਆ। ਬਹੁਤ ਵੱਡਾ ਪਰਿਵਾਰ ਹੋਣ ਕਰ ਕੇ ਇਹਨਾਂ ਝੰਗੀ ਵਾਲਿਆਂ ਦਾ ਵਾਹਵਾ ਦਬਦਬਾ ਰਿਹਾ ਹੈ। ਹੋਰਾਂ ਸ਼ਰਨਾਰਥੀਆਂ ਵਾਂਗ ਇਹਨਾਂ ਇਥੇ ਆ ਕੇ ਸੁਆਹ ਅਤੇ ਮਿੱਟੀ ਦੇ ਢੇਰ ਤੋਂ ਮੁੜ ਸਲਤਨਤ ਦੀ ਉਸਾਰੀ ਕੀਤੀ। ਇਹ ਬਹੁਤ ਮਿਹਨਤ, ਹਿੰਮਤ, ਸ਼ਰਧਾ ਅਤੇ ਆਸਥਾ ਦੀ ਦਾਸਤਾਂ ਹੈ।

ਸ. ਗੁਰਬਚਨ ਸਿੰਘ ਹੋਰੀਂ ਕੁਝ ਚਿਰ ਮੰਡੀ ਹਿਮਾਚਲ 'ਚ ਵੀ ਰਹੇ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨੂਰਾਨੀ ਆਭਾ ਮੰਡਲ ਦਾ ਅਨੰਦ ਮਾਣਦੇ ਰਹੇ। ਸਤਿਸੰਗ ਅਤੇ ਕੀਰਤਨ ਦਾ ਵੀ ਸ਼ੌਕ ਸੀ ਅਤੇ ਕੁਝ ਕੁਝ ਲਿਖਣ ਪੜ੍ਹਣ ਦਾ ਵੀ। ਦੀਨ ਅਤੇ ਦੁਨੀਆਂ ਤੇ ਨਜ਼ਰ ਰਖਦੇ ਸਨ। ਦਿੱਲੀ ਆਣ ਕੇ ਰਾਜਗਿਰੀ ਦਾ ਕੰਮ ਕਰਦੇ ਕਰਾਉਂਦੇ ਉਹ ਵਡੇ ਠੇਕੇਦਾਰ ਦੇ ਤੌਰ ਤੇ ਸਥਾਪਤ ਹੋਏ। ਇਹ ਫਰਿਹਾਦ ਦੇ ਨਹਿਰ ਪੁਟਣ ਵਾਲੀ ਕਹਾਣੀ ਤੋਂ ਘੱਟ ਨਹੀਂ ਸੀ। ਪਹਿਲਾਂ ਝੁੱਗੀਆਂ ਵਿਚ ਫੇਰ ਨਾਮਧਾਰੀ ਕਾਲੋਨੀ ਰਮੇਸ਼ ਨਗਰ ਦਿੱਲੀ ਦੇ ਕੁਆਟਰਾਂ 'ਚ ਰਹੇ, ਅੰਤ ਰਾਜੌਰੀ ਗਾਰਡਨ ਦੇ ਇਲਾਕੇ ਵਿਚ ਇਕ ਵਿਸ਼ਾਲ ਸ਼ਾਨਦਾਰ ਕੋਠੀ ਪਾਈ। ਠੇਕੇਦਾਰੀ ਤੋਂ ਇਲਾਵਾ ਫਰਨੀਚਰ ਬਨਾਉਣ ਦੇ ਕਾਰਖਾਨੇ ਵੀ ਲਾਏ। ਆਪ ਦੇ ਤਿੰਨ ਸਪੁਤਰਾਂ ਨੇ ਪਿਤਾ ਦੀ ਸਲਤਨਤ ਨੂੰ ਵੀ ਚੰਗੀ ਤਰ੍ਹਾਂ ਸੰਭਾਲਿਆ ਤੇ ਵਿਕਸਿਤ ਕੀਤਾ। ਉੱਚਾ ਲੰਮਾ ਕੱਦ ਭਰਵਾਂ ਸਰੀਰ ਤੇ ਭਰਵੀਂ ਰੋਹਬ ਵਾਲੀ ਆਵਾਜ਼ ਗੁਰਬਚਨ ਸਿੰਘ ਜੀ ਦੀ ਬੁਲੰਦ ਸ਼ਖ਼ਸੀਅਤ ਦਾ ਖਾਸਾ ਸੀ। ਉਹ ਪਰਿਵਾਰ ਅਤੇ ਰਿਸ਼ਤੇਦਾਰੀ ਵਿਚ ਵੀ ਸਭ ਦਾ ਥਾਉਂ-ਥਾਈਂ ਖਿਆਲ ਰਖਦੇ ਅਤੇ ਸਮਾਜਕ ਮਸਲੇ ਨਜਿਠਦੇ। ਦੂਜੇ ਸ਼ਬਦਾਂ ਵਿਚ ਉਹਨਾਂ ਦਾ ਤਗੜਾ ਲੋਕ ਸੰਪਰਕ ਸੀ। ਉਹ ਵਰਿਆਮ ਰਸਾਲੇ ਦੇ ਪਾਠਕ ਅਤੇ ਕਦੇ ਕਦਾਈਂ ਲੇਖਕ ਵੀ ਸਨ, ਅਤੇ ਸਹਾਇਕ ਵੀ। ਉਹ ਸੰਪਾਦਕ ਵਰਿਆਮ ਦੇ ਜ਼ਾਤੀ ਮਿੱਤਰ, ਗਾਈਡ, ਸਹਾਇਕ ਅਤੇ ਪਰਿਵਾਰਕ ਰਿਸ਼ਤੇ ਵਿਚ ਵੀ ਸਾਂਝੀਵਾਲ ਸਨ। ਦੁਖ ਸੁੱਖ ਦੇ ਭਾਈਵਾਲ ਉਹ ਸਾਡੇ ਮਿੱਤਰ ਸਵਰਗੀ ਸ. ਪ੍ਰੀਤਮ ਸਿੰਘ


Namdhari Elibrary NamdhariElibrary@gmail.com

ਸਾਬਕਾ ਪ੍ਰਧਾਨ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ ਦੇ ਰਿਸ਼ਤੇ ਚੋਂ ਭਣਵਈਏ ਲਗਦੇ ਸਨ। ਸ. ਪ੍ਰੀਤਮ ਸਿੰਘ ਨਾਲ ਉਹਨਾਂ ਦਾ ਮੋਹ ਦਾ ਰਿਸ਼ਤਾ ਸੀ ਅਤੇ ਸੱਚੀ ਗੱਲ ਤਾਂ ਇਹ ਹੈ ਕਿ ਸਮੁਚੇ ਜੰਮੂ ਦੀ ਸੰਗਤ ਨਾਲ ਹੀ ਇਹ ਰਿਸ਼ਤਾ ਅੰਤ ਤਕ ਕਾਇਮ ਰਿਹਾ। ਕਈ ਵਾਰ ਸਰੀਰਕ ਸੰਘਰਸ਼ ਅਤੇ ਬੀਮਾਰੀਆਂ ਨਾਲ ਜੂਝ ਕੇ ਉਹ ਫਿਰ ਨੌ-ਬਰ-ਨੌ ਹੋਏ ਅਤੇ ਪਾਰਕ ਦੀ ਸੈਰ ਨਿਤਨੇਮ ਨਾਲ ਕਰਦੇ। ਉਹ ਬੜਾ ਸਮਾਂ ਸ. ਹਰਵਿੰਦਰ ਸਿੰਘ ਹੰਸਪਾਲ ਜੀ ਦੇ ਪਿਤਾ ਜੀ ਸ. ਗਿਆਨ ਸਿੰਘ ਹੋਰਾਂ ਨਾਲ ਰਾਜੌਰੀ ਗਾਰਡਨ ਪਾਰਕ ਵਿਚ ਸਤਿਸੰਗ ਕਰਦੇ ਰਹੇ। ਮਜ਼ਬੂਤ ਇਰਾਦੇ ਵਾਲੇ, ਗੁਰੂ ਘਰ ਦੇ ਉਪਾਸ਼ਕ ਅਤੇ ਸਦਾ ਸੱਚੇ ਮਾਰਗ ਦੇ ਪਾਂਧੀ ਸ. ਗੁਰਬਚਨ ਸਿੰਘ ੭੯ ਸਾਲ ਦੀ ਆਯੂ ਭੋਗ ਕੇ ਸਾਥੋਂ ਵਿਦਾ ਹੋਏ ਹਨ। ਉਹਨਾਂ ਦੇ ਨਿਧਨ ਨਾਲ ਸਾਨੂੰ ਜ਼ਾਤੀ ਤੌਰ ਤੇ ਬਹੁਤ ਘਾਟਾ ਪਿਆ ਹੈ ਭਾਵੇਂ ਉਹ 'ਗੁਰਮੁਖ ਜਨਮ ਸਵਾਰ ਦਰਗਹ ਚਲਿਆ' ਵਾਂਗ ਗਏ ਹਨ ਅਤੇ ਉਹਨਾਂ ਨਮਿਤ ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਾਠ ਦੇ ਭੋਗ ਅਤੇ ਅਰਦਾਸ ਹੋਈ ਹੈ ਅਤੇ ਦਿੱਲੀ ਵਿਚ ਵੀ ਕੀਰਤਨ ਅਰਦਾਸ ਹੋ ਚੁੱਕੀ ਹੈ। ਦੁੱਖ ਅਫਸੋਸ ਬਹੁਤ ਹੈ ਪਰ ਭਾਣਾ ਅਟਲ ਹੈ। ਉਹਨਾਂ ਦੇ ਘਰੋਂ, ਭੈਣ ਸੁਰਜੀਤ ਕੌਰ ਦੀ ਵੱਡੀ ਭੈਣ ਹਰਬੰਸ ਕੌਰ ਕੁਝ ਦਿਨ ਪਹਿਲਾਂ ਚੜਾਈ ਕਰ ਗਈ ਤਾਂ ਹਰ ਰੋਜ਼ ਸ਼ਾਮ ਨੂੰ ਉਹਨਾਂ ਦੇ ਘਰ ਨਿਤਨੇਮ ਕੀਰਤਨ ਵਿੱਚ ਸ਼ਾਮਲ ਹੁੰਦੇ ਰਹੇ। ਇਦਾਂ ਕਰ ਦੇ ਹੀ ਉਹ ਆਪ ਵੀ ਉਸੇ ਰਾਹ ਪੈ ਗਏ। ਉਹਨਾਂ ਦੇ ਸਪੁੱਤਰ ਸ. ਸਤਨਾਮ ਸਿੰਘ, ਗੁਰਨਾਮ ਸਿੰਘ ਸੁਰਿੰਦਰ ਸਿੰਘ ਅਤੇ ਸਪੁਤਰੀਆਂ ਜੰਮੂ ਵਾਲੇ ਭਾਈ ਸਾਹਿਬ ਸੰਤ ਕੁੰਦਨ ਸਿੰਘ ਅਤੇ ਵਿਸ਼ਾਲ ਮਿੱਤਰ ਅਤੇ ਸਨੇਹੀ ਮੰਡਲ ਦਾ ਦੁੱਖ ਸਾਡਾ ਅਪਣਾ ਦਰਦ ਹੈ।

## ਮਾਰਕੰਡਾ ਦਾ ਕੁੰਭ ਦਾ ਨ੍ਹਾਉਣ

ਸਾਡੇ ਪੌਰਾਣਕ ਸਾਹਿਤ ਵਿਚ ਇਕ ਰਿਸ਼ੀ ਮਾਰਕੰਡੇ ਦਾ ਨਾਂ ਬੜਾ ਪਰਸਿੱਧ ਹੈ ਪਰ ਸਾਡਾ ਦੋਸਤ ਆਧੁਨਿਕ ਮਾਰਕੰਡਾ ਹੈ।

ਸੀ. ਮਾਰਕੰਡਾ ਅਥਵਾ ਚਰੰਜੀਲਾਲ ਮਾਰਕੰਡਾ ਸਾਹਿਤ ਤੇ ਪਤਰਕਾਰਤਾ ਜਗਤ ਵਿਚ ਜਾਣਿਆ ਪਛਾਣਿਆ ਨਾਮ ਹੈ। ਸ਼ਕਲ ਸਰੂਪ ਤੋਂ ਸਿੱਖ। ਏਧਰ ਸਿੱਖ (ਸਿੰਘ) ਨਾਵਾਂ ਵਾਲੇ ਗੁਰਮੁਖ ਸਫਾਚਟ ਸ਼ਕਲਾਂ ਵਾਲੇ ਵੇਖੇ ਹਨ ਅਤੇ ਅਖਬਾਰਾਂ ਦੇ ਵਿਆਹਾਂ ਦੇ ਇਸ਼ਤਿਹਾਰਾਂ ਵਿਚ ਵੀ ਲਿਖਿਆ ਹੁੰਦਾ ਹੈ 'ਕਲੀਨ ਸ਼ੇਵਨ ਸਿੱਖ' ਪਰ ਮਾਲਵੇ ਵਿਚ ਐਸੇ ਹਿੰਦੂ ਨਾਵਾਂ ਵਾਲੇ ਗੁਰਮੁਖ ਵੀ ਵਸਦੇ ਹਨ ਜੋ ਨਾਮ ਤੋਂ ਹਿੰਦੂ ਪਰ ਸ਼ਕਲ ਤੋਂ ਪੂਰਨ ਕੇਸਾਧਾਰੀ ਸਿੱਖ ਲਗਦੇ ਹਨ। ਸੀ. ਮਾਰਕੰਡਾ ਵੀ ਪੂਰਨ ਕੇਸਾਧਾਰੀ ਸ਼ਕਲ ਵਾਲਾ ਤੇ ਈਮਾਨ ਵਲੋਂ ?... ਈਮਾਨਦਾਰ ਪੁਰਸ਼ ਹੈ। ਕਦੇ ਉਹਦਾ ਨਾਂਅ ਨਕਸਲ ਬਾੜੀਆ ਦੇ ਯਾਰਾਂ ਵਿਚ ਵੀ ਵਜਦਾ ਸੀ। ਕਿਤੇ ਵਜੋਂ ਅਧਿਆਪਕ ਹੈ ਅਤੇ ਪੰਜਾਬੀ ਪੱਤਰਾਂ ਨੂੰ ਖਬਰਾਂ ਭੇਜਣੀਆਂ ਅਤੇ ਲੀਡਰਾਂ ਨੂੰ ਮਿਲਣ ਗਿਲਣ ਦਾ ਵੀ ਸ਼ੌਕ ਰਖਦਾ ਹੈ ਜਾਂ ਉਹ ਆਪ ਮਿਲਦੇ ਹਨ। ਉਹ ਹਮਾਤੜਾਂ ਨੂੰ ਸਾਹਿਤਕ ਦੋਸਤਾਂ ਦੀ ਸ਼੍ਰੇਣੀ ਵਿਚ ਰਖਦਾ ਹੈ। ਘੁਮਣ ਫਿਰਨ ਦਾ ਵੀ ਸ਼ੌਕੀਨ। ਜਦੋਂ ਦਾਅ ਲਗੇ ਅਤੇ ਕੋਈ ਮਿਤਰ ਦੋਸਤ ਬਾਹਰ ਜਾਣ ਦੀ ਤਜਵੀਜ਼ ਰੱਖ ਦਏ ਤਾਂ ਸੀ. ਮਾਰਕੰਡਾ ਮੰਨਣ ਲਗਿਆਂ ਦੇਰ ਨਹੀਂ ਲਾਉਂਦਾ। ਬਹੁਤੀਆਂ ਸਿਫਤਾਂ ਦਾ ਮਾਲਕ ਅਨੇਕਾਂ ਵਿਚਾਰਾਂ ਦਾ ਵਾਕਫਕਾਰ ਅਤੇ ਮਿਲਣ ਗਿਲਣ ਵਿਚ ਮਿਲਾਪੜਾ, ਯਾਰਾਂ ਦੇ ਆਖੇ ਲਗ ਕੇ ਸਫਰ ਤੂੰ ਤਿਆਰ ਤੇ ਫੇਰ ਸਫਰਨਾਮਾ ਲਿਖ ਕੇ ਅਖਬਾਰ ਜਾਂ ਪੁਸਤਕਾਂ ਰਾਹੀਂ ਮੁੜ ਲੋਕਾਂ ਅੱਗੇ ਪਰੋਸਣ ਵਾਲਾ। "ਕੁੰਭ ਦਾ ਨ੍ਹਾਉਣ" ਉਸਦੀ ਪੁਸਤਕ ਨਵੰਬਰ ੨੦੦੪ ਵਿਚ ਆਈ ਹੈ। ਉਡਾਨ ਪਬਲੀਕੇਸ਼ਨ ਮਾਨਸਾ ਨੇ ਛਾਪੀ ਹੈ। ਕੁੰਭ ਦੇ ਮੇਲੇ ਕੌਮਾਂਤਰੀ ਪਰਸਿਧੀ ਵਾਲੇ ਹੁੰਦੇ ਹਨ। ਹਮਾਤੜ ਤਾਂ ਭੀੜ ਤੋਂ ਡਰਦੇ ਨਹੀਂ ਜਾਂਦੇ ਉਂਝ ਜਗਿਆਸਾ ਵੀ ਰਖਦੇ ਹਨ ਇਹ ਜਾਨਣ ਦੀ ਕਿ ਉਥੇ ਕੀ ਹੁੰਦਾ ਹੈ। ਉਂਝ ਮਾਰਕੰਡਾ ਬੁਨਿਆਦੀ ਤੌਰ ਤੇ ਕਵੀ ਹੈ। ਦਰਜਨ ਕੁ ਕਿਤਾਬਾਂ ਰਲੀਆਂ ਮਿਲੀਆਂ ਲਿਖੀਆਂ ਹਨ। ਇਸ ਪੁਸਤਕ ਵਿਚ ਉਹਨੇ ਸੁਆਦ ਅਤੇ ਅਨੰਦ ਕਾਇਮ ਰਖਿਆ ਹੈ ਕਹਾਣੀ ਅਤੇ ਕਵਿਤਾ ਵਾਲਾ। ਭਾਵੇਂ ਉਸ ਨੇ ਪੁਸਤਕ ਵਿਚ ਕਿਤੇ ਲਿਖਿਆ ਹੈ ਕਿ "ਮੇਰੇ ਸਾਹਵੇਂ ਇਕ ਮਸਲਾ ਪਹਾੜ ਵਾਂਗੂੰ ਖੜ੍ਹਾ ਹੋ ਗਿਆ। ਰਾਹਾਂ ਦੀ ਯਾਤਰਾ ਤਾਂ ਸੁਖੀ ਸਾਂਦੀ ਤਹਿ ਕਰ ਲਈ, ਹੁਣ ਸ਼ਬਦਾਂ ਦੀ ਯਾਤਰਾ ਨੇ ਮੈਨੂੰ ਮੁਸ਼ਕਲ ਵਿਚ ਪਾ ਦਿਤਾ...।"

ਪਰ ਸੱਚੀ ਗੱਲ ਹੈ ਇਹ ਸ਼ਬਦਾਂ ਦੀ ਯਾਤਰਾ ਪਾਠਕ ਨੂੰ ਰਾਹਾਂ ਦੀ ਯਾਤਰਾ ਪੂਰੇ ਅਨੰਦ ਨਾਲ ਕਰਾਉਂਦੀ ਹੈ। ਤੇ ਕੁਝ ਤਸਵੀਰਾਂ ਰਾਹੀਂ ਵੀ ਇਸ਼ਨਾਨ ਕਰਾਉਂਦੀ ਹੈ। ਮਾਰਕੰਡਾ ਜਿਹੜੀ ਸੜਕ ਤੇ ਰਹਿੰਦਾ ਹੈ ਤਪਾ ਮੰਡੀ ਵਿਚ, ਉਹਦਾ ਨਾਮ ਕਵਿਤਾ ਮਾਰਗ ਹੈ ਤੇ ਮੋਬਾਇਲ ਫੋਨ ੯੪੧੭੨-੭੨੧੬੧ ਹੈ ਅਤੇ ਉਹਦੇ ਪ੍ਰਕਾਸ਼ਕਾਂ ਉਡਾਨ



Namdhari Elibrary NamdhariElibrary@gmail.com

ਪਬਲੀਕੇਸ਼ਨ ਵਾਟਰ ਵਰਕਸ ਰੋਡ ਮਾਨਸਾ ਦਾ ੯੮੧੪੮-੦੯੨੭੯ ਹੈ।

ਪਾਠਕ ਸਾਡੇ ਵਾਂਗ ਪੁਸਤਕ ਰਸ ਮਾਣ ਸਕਦੇ ਹਨ।

## ਨਿੰਦਰ ਘੁਗਿਆਣਵੀ

ਨਿੰਦਰ ਘੁਗਿਆਣਵੀ ਜਦੋਂ ਹਰਨਾਮ ਦਾਸ ਸਹਿਰਾਈ ਬਾਰੇ ਆਪਣੀ ਐਡਿਟ ਕੀਤੀ ਪੁਸਤਕ ਦੇਣ ਆਇਆ ਤਾਂ ਮੈਂ ਕਿਹਾ ਕਿ ਯਾਰ ਤੇਰੀਆਂ ਦੋ ਪੁਸਤਕਾਂ ਅਗੇ ਮੇਰੇ ਮੇਜ਼ ਤੇ ਪਈਆਂ ਹਨ, ਓਹਨਾਂ ਬਾਰੇ ਤਾਂ ਲਿਖਿਆ ਨਹੀਂ ਗਿਆਂ ਤੂੰ ਹਰ ਗੇੜੇ ਨਵੀਂ ਪੁਸਤਕ ਲਿਖ ਛਾਪ ਕੇ ਦੇ ਜਾਨੈਂ।" ਮੇਰੇ ਕੋਲ ਅੱਵਲ ਤਾਂ ਨਿਤ ਦੀ ਭਜ ਦੌੜ ਚੋਂ ਸਮਾਂ ਹੀ ਨਹੀਂ ਨਿਕਲਦਾ ਕਿ ਪੁਸਤਕ ਪੜ੍ਹ ਕੇ ਲਿਖ ਸਕਾਂ ਉਤੋਂ ਗਰਮੀ ਦੀ ਮਾਰ।.... ਪਰ ਨਿੰਦਰ ਲਿਖਣ ਕਲਾ ਦੀ ਹਿੰਮਤ ਨਾਲ ਲਥਾ ਲਬ ਹੈ।

ਉਹਦੀ ਆਵਾਜ਼ ਪਹਿਲੀ ਵਾਰ ਮੈਂ ਟੈਲੀਫੋਨ ਤੇ ਸੁਣੀ ਸੀ। ਉਹ ਕਹਿ ਰਿਹਾ ਸੀ, 'ਤੁਸੀਂ ਹੰਸ ਰਾਜ ਹੰਸ ਬਾਰੇ ਕੁਝ ਸ਼ਬਦ ਲਿਖ ਦਿਓ' ਤਾਂ ਮੈਨੂੰ ਲਗਾ ਕੋਈ ਨਿਆਣਾ ਬੋਲ ਰਿਹਾ ਹੈ।

ਮੈਨੂੰ ਨਹੀਂ ਪਤਾ ਉਹਦੀ ਉਮਰ ਕਿੰਨੀ ਕੁ ਹੈ ਪਰ ਮੈਂ ਵੀਹਾਂ ਅਤੇ ਤੀਹਾਂ ਦੇ ਵਿਚ ਵਿਚ ਸਮਝਦਾ ਹਾਂ ਅਤੇ ਜਿੰਨੀ ਉਹਦੀ ਉਮਰ ਹੈ ਓਨੀਆਂ ਕੁ ਉਸਦੀਆਂ ਕਿਤਾਬਾਂ ਹਨ। ਅਗੋਂ ਸ਼ਾਇਦ ਉਮਰ ਦੇ ਸਾਲਾਂ ਨਾਲੋਂ ਵੀ ਵਧ ਜਾਣ। ਜਿਹੜੀ ਉਮਰ ਵਿਚ ਮੁੰਡੇ ਗਲੀਆਂ ਵਿੱਚ ਡੰਡੇ ਗੱਡ ਕੇ ਕ੍ਰਿਕਟ ਖੇਡਦੇ ਰੌਲਾ ਪਾ ਰਹੇ ਹੁੰਦੇ ਹਨ ਜਾਂ ਬਾਬੇ ਨਾਨਕ ਦੇ ਕਥਨ "ਪੰਜਵੈ ਖਾਣ ਪੀਅਣ ਕੀ ਧਾਤੁ ਛਿਵੈ ਕਾਮੁ ਨ ਪੁਛੈ ਜਾਤਿ" ਵਾਲੀ ਹਾਲਤ ਵਿਚ ਹੁੰਦੇ ਹਨ ਉਹ ਲਿਖਦਾ ਪੜ੍ਹਦਾ ਹੈ। ਉਹ ਭਾਸ਼ਾ ਵਿਭਾਗ ਵਿਚ ਸੇਵਾਦਾਰ ਦੀ ਨੌਕਰੀ ਕਰਦਾ ਰਿਹਾ ਹੈ। ਉਹਨੇ ਜੱਜਾਂ ਕੋਲ ਚਪੜਾਸਪੁਣਾ ਵੀ ਕੀਤਾ ਹੈ। ਉਹਨੇ ਬਹੁਤ ਸਾਰੇ ਗੌਣ ਵਾਲਿਆਂ ਅਤੇ ਇਹਨਾਂ ਨੂੰ ਬਣੌਣ ਵਾਲਿਆਂ ਤੇ ਪੁਸਤਕਾਂ ਲਿਖ ਮਾਰੀਆਂ ਹਨ। ਜੱਜ ਕੋਲ ਅਰਦਲੀ ਦੀ ਨੌਕਰੀ ਬਾਰੇ ਉਹਦੀ ਪੁਸਤਕ ਬਾਰ-ਬਾਰ ਛੱਪ ਰਹੀ ਹੈ। ਆਪ ਉਹ ਯਮਲਾ ਜੱਟ ਤੋਂ ਸਿਖ ਕੇ ਤੂੰਬੀ ਵਜਾ ਲੈਂਦਾ ਹੈ ਤੇ ਯਮਲੇ ਤੇ ਪੁਸਤਕ ਵੀ ਲਿਖੀ ਹੈ। ਬਹੁਤ ਸਾਰੇ ਵਡੇ ਛੋਟੇ ਬੰਦੇ ਉਸ ਨਾਲ ਦੁਆ ਸਲਾਮ ਰਖਦੇ ਹਨ ਅਤੇ ਨਾਲ ਰੀਝ ਵੀ ਰਖਦੇ ਹਨ ਕਿ ਉਹ ਉਹਨਾਂ ਤੇ ਕੋਈ ਕਿਤਾਬ ਲਿਖ ਦੇਵੇ। ਪੰਜਾਬ, ਚੰਡੀਗੜ੍ਹ ਦਿੱਲੀ ਦੇ ਐਡੀਟਰ ਅਤੇ ਛੋਟੇ ਵੱਡੇ ਅਤੇ ਵੱਡੇ ਤੋਂ ਵੱਡੇ ਲੇਖਕ ਉਹਦੇ ਸੰਪਰਕ ਦੀ ਮਾਰ ਹੇਠ ਹਨ। ਉਹਦਾ ਮੋਬਾਈਲ ਵੱਜਦਾ ਹੀ ਰਹਿੰਦਾ ਹੈ, ਜਲੰਧਰ, ਚੰਡੀਗੜ੍ਹ, ਦਿੱਲੀ, ਟਰਾਂਟੋ, ਨਿਊ ਯਾਰਕ ਦੇ ਬੇਲੀਆਂ ਨਾਲ। ਬਾਹਰ ਦੇਸ਼ਾਂ ਵਿਚ ਉਥੋਂ ਦੇ ਰੇਡੀਓ, ਸਾਹਿਤਕਾਰਾਂ, ਲੀਡਰਾਂ ਨਾਲ ਉਹਦਾ ਦਸਤਪੰਜਾ ਹੈ। ਉਹ ਤੂੰਬੀ ਵਜਾ ਲੈਂਦਾ ਹੈ, ਰੇਡੀਓ ਤੇ ਵੀ, ਉਹ ਕੁਮੈਂਟਰੀ ਕਰਦਾ ਹੈ। ਜਿਹੜੀਆਂ ਗੱਲਾਂ ਆਮ ਲੋਕੀ ਲੁਕਾਉਂਦੇ ਹਨ ਉਹ ਲਿਖ ਕੇ ਛਪਾ ਦਿੰਦਾ ਹੈ। ਗਾਉਣ ਵਜਾਉਣ ਵਾਲੇ ਤਾਂ ਓਹਨੇ ਤਾਰ ਦਿੱਤੇ ਹਨ ਅਤੇ ਨਾਲ ਹੀ ਆਪ ਵੀ ਤਰ ਗਿਆ ਹੈ। ਉਹਨੂੰ ਆਜਜ਼ੀ ਅਤੇ ਆਕੜ ਦਾ ਹਥਿਆਰ ਥਾਂ ਕੁ ਥਾਂ ਵਰਤਣਾ ਆਉਂਦਾ ਹੈ। ਉਹ ਨਿਤਨੇਮ ਵਾਂਗ ਲਿਖਦਾ ਹੈ। ਜਦੋਂ ਜਲੰਧਰ ਆਉਂਦਾ ਹੈ ਤਾਂ ਸਾਈਕਲ ਲੈ ਕੇ ਸਾਰੇ ਪਾਸੇ ਘੁੰਮ ਕੇ ਮਿਲ ਜਾਂਦਾ ਹੈ। ਇਸੇ ਤਰ੍ਹਾਂ ਹਰ ਸ਼ਹਿਰ ਵਿਚ ਉਹਦਾ ਫੇਰਾ-ਤੋਰਾ ਹੈ। ਉਂਜ ਉਹਦਾ ਇੰਟਰਨੈਸ਼ਨਲ ਹੈਡਕੁਆਟਰ ਪਿੰਡ ਘੁਗਿਆਣਾ ਜ਼ਿਲਾ ਫਰੀਦਕੋਟ ਵਿਚ ਹੈ। ਉਹਦੇ ਬਾਰੇ ਗੱਲ ਕਰਨ ਵਾਲੇ, ਓਹਦੇ ਤੇ ਨੁਕਤਾਚੀਨੀ ਕਰਨ ਵਾਲੇ ਅੰਤ ਤੇ ਕਹਿੰਦੇ ਹਨ "ਪਰ ਕੰਜਰ ਨੂੰ ਲਿਖਣਾ ਆਉਂਦਾ ਹੈ।"

ਸਾਡੇ ਸਵ. ਮਿੱਤਰ ਸ. ਪ੍ਰੀਤਮ ਸਿੰਘ ਕਵੀ ਹੋਰਾਂ ਦੀ ਇਕ ਦੋਹਤਰੀ ਬੱਚੀ ਹੈ। ਬੀਮਾਰੀ ਕਾਰਣ ਉਹ ਆਮ ਤੌਰ ਤੇ ਬਿਸਤਰੇ ਤੇ ਹੀ ਹੁੰਦੀ ਹੈ ਪਰ ਉਹਨੂੰ ਪੜ੍ਹਣ ਦਾ ਸ਼ੋਕ ਹੈ। ਉਹ ਵਰਿਆਮ ਵੀ ਸਾਰਾ ਅੱਖਰ ਅੱਖਰ ਪੜ੍ਹਦੀ ਹੈ। ਮੈਂ ਇਕ ਵਾਰ ਪੁਛਿਆਂ ਬੇਟਾ ਤੈਨੂੰ ਕਿਹੜਾ ਲੇਖਕ ਚੰਗਾ ਲਗਦਾ ਹੈ , ਕਹਿਣ ਲਗੀ "ਨਿੰਦਰ ਘੁਗਿਆਣਵੀ"। ਨਿੰਦਰ ਘੁਗਿਆਣਵੀ ਲਿਖਦਾ ਵੀ ਹੈ, ਰੇਡੀਓ, ਟੀ.ਵੀ. ਪ੍ਰੋਗਰਾਮ ਵੀ ਕਰਦਾ ਹੈ। ਤੁਹਾਡੇ ਸਮਾਗਮਾਂ ਵਿਚ ਸੇਵਾਦਾਰੀ ਵੀ ਕਰਦਾ ਹੈ। ਉਹ ਰੌਚਕ ਹਸਤੀ ਹੈ—ਲਿਖਤ ਵਿਚ ਵੀ ਤੇ ਮਿਲਣ ਗਿਲਣ ਵਿਚ ਵੀ। ਉਹ ਬਦੋਬਦੀ ਤੁਹਾਨੂੰ ਚੰਗਾ ਲਗਦਾ ਹੈ। ਹੁਣ ਸ਼ਾਇਦ ਵਦੇਸ਼ ਵਿਚ ਹੋਵੇ।... ਚਸ਼ਮੇ ਬਦ ਦੂਰ।

—ਜਗਦੀਸ਼ ਸਿੰਘ ਵਰਿਆਮ



Namdhari Elibrary NamdhariElibrary@gmail.com

# ਆਓ ਚਿੰਤਨ ਕਰੀਏ !

*—ਗੁਰਮੀਤ ਸਿੰਘ ਪਲਾਹੀ*

ਕਦੇ ਸਮਾਂ ਸੀ, ਜਦੋਂ ਆਟੇ ਦਾ ਭਾਅ ਉੱਚਾ ਹੁੰਦਾ, ਬਿਜਲੀ ਦਰਾਂ 'ਚ ਵਾਧਾ ਹੁੰਦਾ, ਬੱਸ/ਰੇਲ ਕਿਰਾਏ ਵਧਦੇ, ਤਾਂ ਆਮ ਆਦਮੀ ਦਾ ਪੱਖ ਲੈਣ ਲਈ ਰਾਜਨੀਤਕ ਪਾਰਟੀਆਂ/ਸਮਾਜ ਦਾ ਚੇਤੰਨ ਵਰਗ, ਰੋਸ ਪ੍ਰਗਟ ਕਰਨ ਲਈ ਅੱਗੇ ਆਉਂਦਾ। ਮੁਜ਼ਾਹਰੇ, ਧਰਨੇ ਲਗਦੇ, ਲੇਖ ਲਿਖੇ ਜਾਂਦੇ, ਲੰਮੀਆਂ ਹੜਤਾਲਾਂ ਹੁੰਦੀਆਂ 'ਤੇ ਸਰਕਾਰਾਂ ਲੋਕ ਰਾਏ ਵੇਖ ਲੋਕਾਂ ਨੂੰ ਰਾਹਤ ਦੇਣ ਲਈ ਜ਼ਰੂਰੀ ਕਾਰਵਾਈ ਕਰਦੀਆਂ। ਪਰ ਹੁਣ ਰਾਤੋ-ਰਾਤ ਪੈਟਰੋਲ/ਤੇਲ ਦੇ ਭਾਅ ਵਧ ਜਾਂਦੇ ਹਨ, ਵੈਟ ਲਾਗੂ ਹੋ ਜਾਂਦਾ ਹੈ, ਬਿਜਲੀ ਦਰਾਂ 'ਚ ਵਾਧਾ ਹੋ ਜਾਂਦਾ ਹੈ, ਰੇਲ ਕਿਰਾਏ ਵਧ ਜਾਂਦੇ ਹਨ, ਪਰ ਨੇਤਾਵਾਂ/ਪਾਰਟੀਆਂ ਦੇ ਕੰਨਾਂ 'ਤੇ ਜੂੰ ਨਹੀਂ ਸਰਕਦੀ, ਕੁਝ ਵੀ ਨਹੀਂ ਵਾਪਰਦਾ, ਹਾਂ ਕਦੇ ਕਦਾਈਂ ਕੋਈ ਬਿਆਨ ਆ ਜਾਂਦਾ ਹੈ ਤੇ ਬੱਸ! ਕਿੰਨੇ ਸਿੱਥਲ ਹੋ ਗਏ ਹਨ ਲੋਕ!!

ਨਿੱਤ ਅਖਬਾਰਾਂ 'ਚ ਬਲਾਤਕਾਰਾਂ, ਕਤਲਾਂ, ਲੁੱਟਾਂ ਖੋਹਾਂ ਦੀਆਂ ਖਬਰਾਂ ਛਪਦੀਆਂ ਹਨ। ਧੀਆਂ/ਨੂੰਹਾਂ ਮਾਰਨ ਦੀ ਖ਼ਬਰ ਆਮ ਹੋ ਗਈ ਹੈ। ਸਭਿਅਕ ਸਮਾਜ'ਚ ਅਸੱਭਿਅਕ ਕੰਮਾਂ ਦੀ ਬਹੁਤਾਤ ਹੁੰਦੀ ਜਾ ਰਹੀ ਹੈ। ਪਰ ਕੋਈ ਨਹੀਂ ਕੁਸਕਦਾ। ਕੋਈ ਕਲਮ ਹੰਝੂ ਨਹੀਂ ਵਹਾਉਂਦੀ। ਕੋਈ ਲੋਕ ਲਹਿਰ ਪੈਦਾ ਨਹੀਂ ਹੋ ਰਹੀ ਕਿੰਨੇ ਖੁਦਗਰਜ਼ ਹੋ ਗਏ ਹਾਂ ਅਸੀਂ!!

ਸਾਡੀਆਂ ਰਹੁ ਰੀਤਾਂ, ਸਭਿਆਚਾਰ 'ਤੇ ਹਮਲਾ ਹੋ ਰਿਹਾ ਹੈ। ਗੰਦੇ ਗੀਤ, ਲੱਚਰ ਸਾਹਿਤ, ਪੰਜਾਬੀ ਵਿਰਸੇ ਦੇ ਨਾਮ 'ਤੇ ਨੰਗੇਜ ਡਾਂਸ, ਨੌਜਵਾਨਾਂ ਹੱਥ ਮੋਟਰ-ਸਾਈਕਲ, ਮੋਬਾਇਲ ਤੇ ਨਸ਼ੇ ਸਾਨੂੰ ਹੁਣ ਅਸੁਖਾਵੇਂ ਨਹੀਂ ਲਗਦੇ!! ਭੰਗੜੇ ਦਾ ਨਾਂ 'ਤੇ ਪੱਛਮੀ ਡਾਂਸ, ਗਿੱਧੇ ਦੇ ਨਾਂ ਤੇ "ਟਾਪ ਲੈਸ" ਨਾਚ, ਮੈਰਿਜ ਪੈਲਸਾਂ 'ਚੇ ਵਿਆਹਾਂ ਵੇਲੇ ਦੀ ਹੁੱਲੜਬਾਜ਼ੀ ਅਤੇ ਸ਼ਰਾਬ ਦੀ ਖੁਲ੍ਹੀ ਵਰਤੋਂ ਹੁਣ ਸਾਨੂੰ ਸਾਡੇ ਵਿਰਸੇ ਦੀਆਂ ਸ਼ਾਨਦਾਰ ਰਵਾਇਤਾਂ ਦੀ ਯਾਦ ਦੁਆਉਣੋਂ ਹਟ ਗਈ ਹੈ! ਕਿਵੇਂ ਟੁੱਟ ਰਿਹਾ ਹੈ ਪੰਜਾਬੀ ਸਮਾਜ ਸ਼ਾਇਦ ਸਾਨੂੰ ਅਹਿਸਾਸ ਹੀ ਨਹੀਂ!

ਅਸੀਂ ਅਤਿ ਆਧੁਨਿਕ ਬਣ ਰਹੇ ਹਾਂ। ਸਾਡੇ ਬੱਚੇ ਅੰਗਰੇਜ਼ੀ ਸਿੱਖ ਰਹੇ ਹਨ, ਲੈਪ ਟੌਪ/ਕੰਪਿਊਟਰ 'ਤੇ ਕੰਮ ਕਰ ਰਹੇ ਹਨ। ਅਸੀਂ ਉਨ੍ਹਾਂ ਦੇ ਮੁਕਾਬਲੇ "ਅਨਪੜ੍ਹ" ਹੁੰਦੇ ਜਾ ਰਹੇ ਹਾਂ। ਬੱਚੇ "ਡਿਸਕੋ" ਨਾਚ ਕਰਦੇ ਹਨ, ਪੱਛਮੀ ਸੰਗੀਤ ਦੀ ਨਕਲ ਕਰਦੇ ਹਨ, ਅਸੀਂ ਫਖਰ ਮਹਿਸੂਸ ਕਰਦੇ ਹਾਂ। ਰੋਟੀ ਦੀ ਥਾਂ ਫਾਸਟ ਫੂਡ ਖਾ ਕੇ ਆਪਣੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ, ਨਿੱਤ ਨਵੀਆਂ ਉਹ ਬਿਮਾਰੀਆਂ ਸਹੇੜ ਰਹੇ ਹਨ, ਜਿਹੜੀਆਂ ਆਮ ਤੌਰ 'ਤੇ ਉਮਰ ਦੇ ਆਖਰੀ ਸਾਲਾਂ 'ਚ ਲਗਦੀਆਂ ਹਨ, (ਜਿਵੇਂ ਸ਼ੂਗਰ, ਅੰਧਰਾਤਾ, ਗੋਡਿਆਂ ਦਾ ਦਰਦ, ਅੱਖਾਂ ਦੀ ਬਿਮਾਰੀਆਂ) ਤਾਂ ਇਹ ਕੀ 'ਮਨੁੱਖਤਾ" ਲਈ ਖਤਰੇ ਦੀ ਘੰਟੀ ਨਹੀਂ ਹੈ ? ਤਾਂ ਫਿਰ ਅਸੀਂ ਇਸ ਪ੍ਰਤੀ ਚਿੰਤਤ ਕਿਉਂ ਨਹੀਂ ਹਾਂ!

ਗੁਆਂਢੀ ਦੇ ਘਰ ਮਾਤਮ ਹੁੰਦਾ ਹੈ ਸਾਡੇ ਘਰ ਰੇਡੀਓ/ਟੀ.ਵੀ. ਫੁਲ ਅਵਾਜ਼ ਵਿੱਚ ਵੱਜਦਾ ਹੈ, ਸਾਡੇ ਘਰ ਵਿਆਹ ਹੈ, ਗੁਆਂਢੀ ਨੂੰ ਪਤਾ ਤੱਕ ਨਹੀਂ। ਗੁਆਂਢ ਦੇ ਘਰ ਚੋਰੀ/ਡਾਕਾ/ਹਮਲਾ ਹੋਇਆ ਹੈ ਅਸੀਂ ਆਰਾਮ ਨਾਲ ਬੈਠੇ ਹਾਂ। ਸਾਡਾ ਨੌਜਵਾਨ ਬੇਟਾ ਕੁਸੰਗਤ 'ਚ ਫਸ ਗਿਆ ਹੈ, ਗੁਆਂਢੀ ਸਾਨੂੰ ਦੱਸਣ ਦਾ ਹੀਆ ਨਹੀਂ ਕਰਦਾ। ਗੁਆਂਢੀ ਦਸ ਦਿਨ ਤੋਂ ਬੁਖਾਰ ਨਾਲ ਤੜਫ ਰਿਹਾ ਹੈ, ਸਾਨੂੰ ਉਸ ਦੀ ਸਿਹਤ ਦਾ ਪਤਾ ਲੈਣ ਲਈ ਵਕਤ ਹੀ ਨਹੀਂ ਮਿਲਿਆ।

ਸਾਡੇ ਸਾਹਮਣੇ ਐਕਸੀਡੈਂਟ ਹੋਇਆ ਹੈ, ਵਿਅਕਤੀ ਤੜਫ ਰਿਹਾ ਹੈ, ਅਸੀਂ ਮੂੰਹ ਮੋੜ ਕੇ ਲੰਘ ਗਏ ਹਾਂ। ਕੋਈ ਬੰਦਾ ਦੂਜੇ ਦਾ ਮਾਰ-ਕੁਟਾਈ ਕਰ ਰਿਹਾ ਹੈ ਅਸੀਂ ਅੱਖਾਂ ਮੀਚ ਲਈਆਂ ਹਨ ਕਿਉਂਕਿ ਅਸੀਂ ਇਹ ਭਰਮ ਪਾਲ ਰਹੇ ਹਾਂ ਕਿ ਬਿੱਲੀ ਨੂੰ ਵੇਖ ਚੂਹੇ ਦੇ ਅੱਖਾਂ ਮੀਚਣ ਨਾਲ ਬਿੱਲੀ ਚੂਹੇ ਨੂੰ ਬਖਸ਼ ਦੇਵੇਗੀ।

ਸਾਡਾ ਵਿਰਸਾ ਭਾਈਚਾਰਕ ਸਾਂਝ ਦਾ ਵਿਰਸਾ ਹੈ, ਸਾਡਾ ਸਭਿਆਚਾਰ ਲੋਕ-ਹਿਤੂ ਸਹਿਨਸ਼ੀਲਤਾ, ਪਰਉਪਕਾਰ ਦੀ ਤਰਜਮਾਨੀ ਕਰਨ ਵਾਲਾ ਹੈ। ਅਸੀਂ ਗੁਰੂਆਂ/ਪੀਰਾਂ/ਫਕੀਰਾਂ/ਪੈਗੰਬਰਾਂ ਦੇ ਸਰਬ ਸਾਂਝੀਵਾਲਤਾ ਆਦਰਸ਼ਾਂ ਦੇ ਮੁਦੱਈ ਹਾਂ। ਅਸੀਂ ਭਾਈ ਘਨੱਈਏ ਵਰਗੇ ਮਹਾਂਪੁਰਸ਼ ਦੇ ਨਿਮਰ, ਮਨੁੱਖਵਾਦੀ, ਵਿਚਾਰਾਂ ਦੇ ਅਲੰਬਰਦਾਰ ਹਾਂ। ਅਸੀਂ ਗੁਰੂ ਅਰਜਨ ਦੇਵ ਦੀ ਸਹਿਨਸ਼ੀਲਤਾ ਅਤੇ ਗੁਰੂ ਤੇਗ ਬਹਾਦਰ ਜੀ ਦੇ ਤਿਆਗ/ਕੁਰਬਾਨੀ ਵਾਲੇ ਫ਼ਲਸਫ਼ੇ ਦੇ ਮੁਦੱਈ ਹਾਂ।

...ਤਾਂ ਫਿਰ ਸਾਡੇ 'ਚੋਂ ਮਨੁੱਖਤਾ ਮਰਦੀ ਕਿਉਂ ਜਾ ਰਹੀ ਹੈ ?

ਆਪਣੇ ਮਨ ਅੰਦਰ ਝਾਤੀ ਮਾਰਨ ਦੀ ਕੀ ਸਾਡੇ 'ਚ ਹੌਸਲਾ ਹੀ ਨਹੀਂ ਰਿਹਾ ?

*'ਪੰਜਾਬੀ ਵਿਰਸਾ' ਜੂਨ, 2005 ਦਾ ਸੰਪਾਦਕੀ*



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL
FOODS PVT LTD

**Pinoneer Manufacturer in India of**

- Automatic machines for producing Biscuits
- Automatic machines for producing Wafers

and

Makers of High quality Biscuits

**BBL FOODS PVT. LTD.**

*Santosh Nagar (X) Roads, Hyderabad-500 059 India*

*Ph.:— +91-40-4530680, 82,84    Fax :— +91-40--4530475*

*E-mail:amber @hd1.vsnl.net.in*

Balvinder Pal Singh — *Manging Director*
Lakhbir Singh Muchhal — *Director*
Bakhshish Singh Muchhal — *Director*




Namdhari Elibrary NamdhariElibrary@gmail.com

### ਇਕ-ਸਾਖੀਕਾਰ, ਇਕ-ਮਹਾਂਕਵੀ :

# ਮਾਸਟਰ ਨਿਹਾਲ ਸਿੰਘ

*—ਸੁਵਰਨ ਸਿੰਘ ਵਿਰਕ*

ਨਾਮਧਾਰੀ ਸਾਹਿਤਕਾਰਾਂ ਦੀ ਚਰਚਾ ਚੱਲ ਰਹੀ ਹੋਵੇ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਮਾਸਟਰ ਨਿਹਾਲ ਸਿੰਘ ਜੀ ਦਾ ਨਾਮ ਨਾ ਆਵੇ। ਉਹ ਪੁਰਾਤਨਤਾ ਅਤੇ ਆਧੁਨਿਕਤਾ ਦਾ ਸੁਮੇਲ ਸਨ। ਜੇ ਉਹਨਾਂ ਜਨਮ ਸਾਖੀ ਸ਼ੈਲੀ ਵਿਚ ਸਿੱਖ ਦੇ ਅੰਦਰ ਗੁਰੂ ਭਗਤੀ ਦ੍ਰਿੜ ਕਰਵਾਉਣ ਵਾਲੀਆਂ ਸਾਖੀਆਂ ਜਾਂ ਕਹਾਣੀਆਂ ਲਿਖੀਆਂ ਤਾਂ ਉੱਥੇ ਖੁੱਲ੍ਹੀ ਕਵਿਤਾ ਵਿੱਚ ਗੁਰੂ ਹਰੀ ਸਿੰਘ ਦਾ ਜੀਵਨ ਚਰਿੱਤਰ "ਸੀਤਲਤਾ ਦਾ ਸਰੋਤ" ਪੁਸਤਕ ਵਿਚ ਬਿਆਨ ਕੀਤਾ ਅਤੇ ਇਸ ਦੀ ਕਵਿਤਾ ਵਾਸਤੇ ਪ੍ਰਸਿੱਧ ਕਵੀ ਅਤੇ ਆਲੋਚਕ ਡਾ. ਹਰਿਭਜਨ ਸਿੰਘ ਹੋਰਾਂ ਦੀ ਪ੍ਰਸੰਸਾ ਵੀ ਹਾਸਲ ਕੀਤੀ। ਮਾਸਟਰ ਜੀ ਅੰਦਰੋਂ ਬਾਹਰੋਂ ਇੱਕੋ ਜਿਹੇ ਸਨ। ਧੀਰ ਗੰਭੀਰ, ਹਰਖ ਸੋਗ ਅਤੇ ਮਾਨ ਅਪਮਾਨ ਦੇ ਪੈਂਡਿਆਂ ਵਿਚ ਇਕੋ ਜਹੀ ਸਹਿਜਤਾ ਨਾਲ ਵਿਚਰਨ ਦੇ ਸਮਰੱਥ ਸਨ। ਉਹਨਾਂ ਦੀ ਜੀਵਨ ਜਾਚ ਬੜੀ ਆਕਰਸ਼ਕ ਸੀ, ਕਿਉਂਕਿ ਇਹ ਜੀਵਨ ਉਹਨਾਂ ਦਾ ਆਪਣਾ ਕਮਾਇਆ ਹੋਇਆ ਸੀ। ਗੁਰਬਾਣੀ ਦੇ ਅਧਿਅਨ ਅਤੇ ਪੱਛਮੀ ਚਿੰਤਕਾਂ ਦੇ ਵਿਚਾਰ ਪੜ੍ਹ ਕੇ ਵੀ, ਉਹ ਸਹਿਜ ਰਹਾਉ ਅਤੇ ਸਮਤੋਲ ਅਵਸਥਾ ਵਿਚ ਖੇਡਦੇ ਸਨ। ਗੌਰਵਮਈ ਨਾਮਧਾਰੀ ਇਤਿਹਾਸ ਅਤੇ ਇਸ ਦੇ ਅਨੇਕਾਂ ਪਾਤਰਾਂ ਦੀਆਂ ਉੱਜਲ ਕਰਨੀਆਂ ਨੂੰ ਉਹ ਆਪਣੀ ਕਲਮ ਦਾ ਵਿਸ਼ਾ ਬਨਾਉਣ ਲਈ ਤਤਪਰ ਰਹਿੰਦੇ ਸਨ। ਕੋਈ ਸਿੱਖ ਸਾਧ ਕਿਤੇ ਮਿਲ ਪਿਆ ਉਸ ਨੂੰ ਗੱਲਾਂ ਦੀ ਉਂਗਲੀ ਲਾ ਕੇ ਆਪਣੇ ਮਤਲਬ ਦੀਆਂ ਸਾਖੀਆਂ ਤੱਕ ਪਹੁੰਚਣ ਦਾ ਬੜਾ ਵਧੀਆ ਵੱਲ ਉਹਨਾਂ ਨੂੰ ਆਉਂਦਾ ਸੀ। ਫਿਰ ਇਸ ਵਾਰਤਾਲਾਪ, ਜਾਣਕਾਰੀ ਨੂੰ ਆਪਣੀ ਕਲਾ ਦੀ ਚਾਸ਼ਨੀ ਨਾਲ ਫਬਾ ਕੇ, ਸ਼ੈਲੀ ਦੀ ਨਿਵੇਕਲੀ ਸਾਣ ਤੇ ਚਾੜ੍ਹ ਕੇ ਉਹ ਕੋਈ ਨਾ ਕੋਈ ਸ਼ਾਹਕਾਰ ਸਾਹਿਤ ਜਗਤ ਅਤੇ ਸ਼ਰਧਾਲੂ ਸੰਗਤਾਂ ਨੂੰ ਢੋਏ ਦੇ ਤੌਰ ਤੇ ਭੇਟਾ ਕਰ ਦਿੰਦੇ ਸਨ। ਬਚਪਨ ਵਿਚ ਕਦੇ ਉਹਨਾਂ ਸਤਿਗੁਰੂ ਰਾਮ ਸਿੰਘ ਜੀ ਦਾ ਜੀਵਨ ਚਰਿੱਤਰ ਅੰਗਰੇਜ਼ੀ ਭਾਸ਼ਾ ਵਿਚ ਲਿਖਣ ਦਾ ਸੁਪਨਾ ਲਿਆ ਸੀ, ਪਰ ਉਹ ਕੁਝ ਇਸ ਤਰ੍ਹਾਂ ਪੂਰਾ ਹੋਇਆ ਕਿ ਆਦਿ ਗੁਰੂ ਨਾਨਕ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਤੱਕ ਦੇ ਸਾਰੇ ਸਤਿਗੁਰੂ ਸਾਹਿਬਾਨ ਦਾ ਸੰਖੇਪ ਜੀਵਨ ਚਰਿਤਰ 'ENLIGHTENERS' ਪੁਸਤਕ ਵਿਚ ਅਤੇ ਸਤਿਗੁਰੂ ਪਰਤਾਪ ਸਿੰਘ ਬਾਰੇ ਜਾਣਕਾਰੀ "Lord of Virtues, Evergreen" ਪੁਸਤਕ ਦਿਤੀ ਤਾਂ ਜੁ ਪੰਜਾਬ ਤੋਂ ਬਾਹਰ ਉਹਨਾਂ ਦੇ ਪੰਥ ਬਾਰੇ ਲੋੜੀਂਦੀ ਜਾਣਕਾਰੀ ਪੁਚਾਈ ਜਾ ਸਕੇ। ਪੰਜਾਬ ਵਿੱਚ ਪ੍ਰਕਾਸ਼ਿਤ ਪੁਸਤਕਾਂ ਹਨ-ਪਹਿਲੀ ਸ਼ਰੇਣੀ ਵਾਸਤੇ ਬਾਲ ਸਿੱਖਿਆ, ਵਿਦਿਅਕ ਪਹਿਲੀ ਪੋਥੀ, ਬਾਈਕਾਟ, ਮੌਜੀ ਠਾਕੁਰ, ਸਤਿਗੁਰ ਸਾਖੀਆਂ, ਸੀਤਲਤਾ ਦਾ ਸ੍ਰੋਤ, ਚਮਤਕਾਰੇ, ਅਲੌਕਿਕ ਦਰਸ਼ਨ, ਫੌਜੀ ਪ੍ਰੀਤਮ, ਮਾਤਾਵਾਂ, ਤੋਪਾਂ ਗਰਜਦੀਆਂ ਗਈਆਂ ਕੂਕੇ ਵਧਦੇ ਗਏ, ਬੇਅੰਤ ਲੀਲ੍ਹਾ, ਰਤਨ ਮਾਲਾ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਸੰਪਾਦਨ, ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ ਅਤੇ ਦਿੱਲੀ ਵਿਖੇ ਸਤਿਜੁਗ ਦੇ ਸੰਪਾਦਨ ਦੀ ਸੇਵਾ ਵੀ ਉਹ ਨਿਭਾਉਂਦੇ ਰਹੇ। ਸਭ ਤੋਂ ਬਾਅਦ ਵਾਲੀ ਪੁਸਤਕ ਉਹਨਾਂ ਦੀ ਆਪਣੀ ਸੰਖੇਪ ਸ੍ਵੈਜੀਵਨੀ ਹੈ ਜੋ "ਅਧੂਰੀ ਕਹਾਣੀ" ਨਾਂ ਹੇਠ ੧੯੯੬ ਈ. ਵਿੱਚ ਪ੍ਰਕਾਸ਼ਿਤ ਹੋਈ।

ਮਾਸਟਰ ਜੀ ਦਾ ਦਾਦਾ ਸ਼੍ਰੀ ਮੋਤੀ ਸ਼ਾਹ ਪਿੰਡ ਢੋਡਾ ਜ਼ਿਲ੍ਹਾ ਸਿਆਲਕੋਟ ਦਾ ਨਿਵਾਸੀ ਸੀ, ਪਰ ਉਹਨਾਂ ਦਾ ਪਿਤਾ ਰੂੜ ਸਿੰਘ, ਸਿੰਘ ਸਜ ਕੇ ਸਾਂਗਲੇ ਤੋਂ ਬਾਰੇ ਪੰਜ ਮੀਲ ਦੂਰੀ ਤੇ ਵੱਸੇ ਪਿੰਡ ਗਿੱਲ ਵਿੱਚ ਆ ਗਿਆ ਸੀ, ਕਿਉਂਕਿ ਇਸ ਗਿੱਲ ਪਿੰਡ ਦੇ ਬਸ਼ਿੰਦਿਆਂ ਦਾ ਪਹਿਲਾ ਪਿੰਡ ਗਿੱਲ ਜ਼ਿਲ੍ਹਾ ਸਿਆਲਕੋਟ ਵਿਚ ਸੀ, ਜਿੱਥੋਂ ਉਹ ਬਾਰ ਅਬਾਦ ਹੋਣ ਬਾਅਦ ਇੱਥੇ ਆ ਗਏ ਸਨ। ਇਹ ਗਿੱਲ, ਨਾਮਧਾਰੀ ਪੰਥ ਦੀ ਗੁਰੂ ਬਾਲਕ ਸਿੰਘ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੀ ਇਕ ਪ੍ਰਸਿੱਧ ਹਸਤੀ, ਸੰਤ ਜਮੀਅਤ ਸਿੰਘ ਹੋਰਾਂ ਦਾ ਪਿੰਡ ਸੀ, ਜਿਹਨਾਂ ਦਾ ਸ਼ੁਮਾਰ, ਸਤਿਗੁਰੂ ਰਾਮ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦੇ ਉਹਨਾਂ ਨੂੰ ਮਿਲੇ ਢਾਈ ਸਿੱਖਾਂ ਵਿਚੋਂ ਅੱਧੇ ਸਿਖ ਦੇ ਤੌਰ ਤੇ ਕਰਦੇ ਸਨ। ਦੋ ਪੂਰੇ ਸਨ ਜਮੀਅਤ ਸਿੰਘ ਕਾਹਨਾ ਕਾਛਾ ਅਤੇ ਲਹਿਣਾ ਸਿੰਘ ਘਰਜਾਖੀਆ। ਬਾਬਾ ਗਿੱਲ ਵਿਆਜ ਲੈ ਲੈਣ ਕਾਰਨ ਅੱਧਾ ਗਿਣਿਆ ਗਿਆ। ਇਸ ਤਰ੍ਹਾਂ ਦੇ ਗੁਰਸਿਖੀ ਵਾਲੇ ਵਾਤਾਵਰਣ ਵਿਚ ੧੯੬੭ ਬਿਕ੍ਰਮੀ ਦੀ ਜਨਮ ਅਸ਼ਟਮੀ



Namdhari Elibrary NamdhariElibrary@gmail.com

ਮੁਤਾਬਿਕ ੨੪ ਸਤੰਬਰ ੧੯੧੦ ਈ. ਨੂੰ ਪਿਤਾ ਸ੍ਰੀ ਰੁੜ ਸਿੰਘ ਅਤੇ ਮਾਤਾ ਧੰਨ ਦਈ ਦੇ ਪਰਿਵਾਰ ਵਿਚ ਮਾਸਟਰ ਜੀ ਦਾ ਜਨਮ ਹੋਇਆ। ਆਪਣੀ ਜਨਮ ਭੂਮੀ ਅਤੇ ਉਸਦੇਂ ਆਲੇ ਦੁਆਲੇ ਨਾਲ ਮਾਸਟਰ ਜੀ ਦਾ ਲਗਾਓ ਉਹਨਾਂ ਦੇ ਸ਼ਬਦਾਂ ਵਿਚੋਂ ਪ੍ਰਗਟ ਹੁੰਦਾ ਹੈ ਇਸ ਭੂਮੀ ਤੋਂ ਵਿੱਛੜਨ ਤੋਂ ਅੱਧੀ ਸਦੀ ਬਾਅਦ ਵੀ :

....."ਇਸ ਧਰਤੀ ਦੇ ਕਣ ਕਣ ਤੋਂ ਮਹਿਕਾਂ ਉੱਠਦੀਆਂ ਹਨ... ਜਦ ਤੋਂ ਦੇਸ਼ ਦਾ ਵੰਡਾਰਾ ਹੋਇਆ ਹੈ, ਰੀਝਾਂ ਦੱਬੀਆਂ ਪਈਆਂ ਹਨ। ਹਾਂ ਕਈ ਵੇਰ ਰਾਤ ਦੇ ਹਨੇਰੇ ਵਿਚ, ਮੇਰੇ ਸਰੀਰ ਨੂੰ ਖੰਭ ਲੱਗ ਜਾਂਦੇ ਹਨ ਤੇ ਬਿਨਾਂ ਪਾਸਪੋਰਟ ਪਿੰਡ ਪੁੱਜ ਜਾਂਦਾ ਹਾਂ। ਵਤਨ ਦੇ ਕਲਰਾਂ ਵਿੱਚ ਪੁਰਾਣੇ ਸਾਥੀਆਂ ਨਾਲ ਖਿੱਦੋ ਖੂੰਡੀ ਖੇਡਦਾ ਹਾਂ। ਕਈ ਵੇਰ ਬੋਹੜ ਦੀ ਦਾੜ੍ਹੀ ਨੂੰ ਹੱਥ ਪਾ ਲਟਕ ਝੂਟੇ ਲੈਂਦਾ ਹਾਂ, ਨਹਿਰ ਵਿਚ ਟੁੱਭੀਆਂ ਮਾਰਦਾ ਹਾਂ, ਮੱਝਾਂ ਚਾਰਦਾ ਢੋਲੇ ਗਾਂਦਾ।

"ਇਹ ਗਿੱਲ....ਆਪਣੀ ਥਾਂ ਬੜਾ ਮਾਣਿਆਂ ਸਤਿਕਾਰਿਆ ਨਗਰਾਂ ਵਿਚੋਂ ਸੀ। ਏਥੇ ਦਿਨ ਰਾਤ ਢੋਲਕੀ ਛੈਣੇ ਗੂੰਜਦੇ, ਨ੍ਰਿਤਕਾਰੀ ਹੁੰਦੀ। "ਹੋਲਾ ਖੇਡਣ ਕੇਸਧਾਰੀ", ਖੇਡਣ ਦੀਆਂ ਗੂੰਜਾਂ ਪੈਂਦੀਆਂ। ਗਿਲੀਂ ਅੱਜ ਸੰਤ ਬੂਰੀ ਵਾਲਿਆਂ ਦਾ ਜਥਾ ਆ ਗਿਆ। ਇਹ ਵਿਦਾ ਹੋਇਆ ਤਾਂ ਸੰਤ ਭਗਤ ਸਿੰਘ ਦਾਤੇਵਾਲ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਆ ਗੜਗੱਜ ਪਾਈ। ਸੰਤ ਨੱਥਾ ਸਿੰਘ ਜੀ ਪਤੰਗ ਬਾਰੇ ਕੀ ਕਹਿਣਾ ਏ, ਉਨ੍ਹਾਂ ਦੇ ਜੱਥੇ ਵਿੱਚ ਇਕ ਗੱਭਲਾ ਜਿਹਾ ਮੁੰਡਾ ਕਰਤਾਰ ਸਿੰਘ, ਜਿਸ ਦਾ ਹੱਥ ਢੋਲਕੀ ਤੇ ਵੱਜਣ ਨਾਲ ਕਲੇਜੀਂ ਧੂ ਪੈਂਦੀ ਸੀ।

"ਇਸ ਨਗਰ ੪ ਹੋਲੇ ਹੋਏ। ਦੋ ਗੁਰੂ ਹਰੀ ਸਿੰਘ ਜੀ ਦੇ ਸਮੇਂ ਤੇ ਦੋ ਸਤਿਗੁਰੂ ਪਰਤਾਪ ਸਿੰਘ ਜੀ ਦੇ ਵੇਲੇ। ਇਥੋਂ ਦੇ ਇਕ ਹੋਲੇ ਦੀ ਯਾਦ ਦਿਲ ਦੀ ਪਲੇਟ ਤੇ ਡੂੰਘੀ ਉੱਕਰੀ ਪਈ ਏ, ਉਹ ਅਮਿਟ ਹੈ। ਇਹ ਸ਼ਾਇਦ ਇਸ ਪਿੰਡ ਦਾ ਆਖਰੀ ਹੋਲਾ ਸੀ। ਇਹ ਹੋਲਾ ਸੰਤ ਦਰਨ ਸਿੰਘ ਨੇ ਕਰਵਾਇਆ ਸੀ। ਇਹ ਆਪ ਵੀ ਸ਼ਬਦ ਦੇ ਆਸ਼ਿਕ ਸਨ। ਰਾਤ ਸਮੇਂ ਆਪਣੇ ਕੋਠੇ ਦੀ ਛੱਤ ਤੇ ਢੋਲਕੀ ਲੈ ਕੀਰਤਨ ਕਰਦੇ ਤੇ ਸਾਰੇ ਨਗਰ ਨੂੰ ਰੱਬੀ ਬਾਣੀ ਨਾਲ ਸੁਰਸ਼ਾਰ ਕਰਦੇ।

"ਉਸ ਹੋਲੇ ਵਿੱਚ ਅੰਮ੍ਰਿਤ ਵਰਖਾ ਹੋਈ, ਖੀਰ ਪੂਰੀ ਦੇ ਲੰਗਰ ਹੋਏ। ਇਕ ਦਿਨ ਇਕ ਭੇਖੀ ਹੱਟੀ ਵਿੱਚ ਚਲਾ ਗਿਆ ਤੇ ਬਿਨਾਂ ਪੁੱਛੇ, ਘਿਉ ਦਾ ਗੜਵਾ ਭਰ ਲਿਆਇਆ। ਸੰਤਾਂ ਦੇ ਘਰੋਂ ਬੀਬੀ ਨੇ ਗੜਵਾ ਲੈ ਜਾਂਦਿਆਂ ਵੇਖ ਲਿਆ, ਪਰ ਅਣਵੇਖਿਆ ਕਰ ਛੱਡਿਆ। ਇਕ ਸਿੱਖ ਨੇ ਕਿਹਾ, "ਭੈਣਾ ਉਹ ਸਿੰਘ ਘਿਉ ਦਾ ਗੜਵਾ ਲੈ ਗਿਆ ਏ ਤਾਂ ਬੀਬੀ ਨੇ ਕਿਹਾ, "ਸੰਤ ਜੀ! ਧੰਨ ਭਾਗ, ਮੈਂ ਤਾਂ ਸੁੱਖਣਾਂ ਸੁੱਖਦੀ ਰਹਿੰਦੀ ਹਾਂ, ਕਿ ਸਾਧ ਮੇਰੇ ਘਰੋਂ ਘਿਉ ਦੇ ਗੜਵੇ ਭਰ ਭਰ ਲੈ ਜਾਣ।"[1]

ਗਿੱਲਾਂ ਦੀ ਧਰਮਸ਼ਾਲਾ ਵਿਚ ਸੰਤ ਮਤਾਬ ਸਿੰਘ ਦਾਤੇ-ਵਾਲੀਏ ਰਹਿੰਦੇ ਸਨ। ਬਾਲ ਨਿਹਾਲ ਸਿੰਘ ਉਹਨਾਂ ਦੀ ਸੰਗਤ ਵਿੱਚ ਆ ਕੇ ਅਖੰਡ ਪਾਠੀ ਬਣ ਗਿਆ ਜਦੋਂ ਕਿ ਉਹ ਪੜ੍ਹਦਾ ਗੁਆਂਢੀ ਪਿੰਡ ਤਿਤਰਾਂਵਾਲੀ ਦੇ ਪ੍ਰਾਇਮਰੀ ਸਕੂਲ ਵਿਚ ਸੀ। ਬਸੰਤ ਪੰਚਮੀ, ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਇੱਥੇ ਮਨਾਈ ਗਈ। ਬਿਨਾਂ ਛੁੱਟੀ (ਜੋ ਕਿ ਹੈਡਮਾਸਟਰ ਦੇ ਨਹੀਂ ਰਿਹਾ ਸੀ) ਮੇਲਾ ਵੇਖਣ ਕਰਕੇ ਸਕੂਲ ਤੋਂ ਕੁੱਟ ਵੀ ਖਾਧੀ ਅਤੇ ਜੁਰਮਾਨਾ ਵੀ ਭਰਿਆ। ਫਿਰ ਨਨਕਾਣਾ ਸਾਹਿਬ ਦੇ ਖਾਲਸਾ ਸਕੂਲ ਵਿਚ ਪੜ੍ਹਦਿਆਂ ਕ੍ਰਿਸਮਿਸ ਦੀਆਂ ਛੁੱਟੀਆਂ ਵਿਚ ੧੯੨੯ ਈ. ਵਾਲਾ ਲਾਹੌਰ ਦਾ ਪ੍ਰਸਿੱਧ ਕਾਂਗਰਸ ਇਜਲਾਸ ਵੀ ਵੇਖਿਆ। ਇਉਂ ਦੇਸ਼ ਭਗਤੀ ਅਤੇ ਗੁਰੂ ਭਗਤੀ ਦਾ ਸੁਮੇਲ ਹੋ ਰਿਹਾ ਸੀ। ਕੂਕੇ ਸਿੰਘਾਂ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਦੇਸ਼ ਆਜ਼ਾਦੀ ਦੀ ਰੀਝ ਦੀਆਂ ਟਾਹਣੀਆਂ ਤੇ ਬੂਰ ਪੈ ਰਿਹਾ ਸੀ। ਮਾਸਟਰ ਜੀ ਨੇ ਨਨਕਾਣਾ ਸਾਹਿਬ, ਖਾਲਸਾ ਹਾਈ ਸਕੂਲ ਵਿਚ ਪੜ੍ਹਾਉਂਦੇ ਸਮੇਂ ਜਿਹਲਮ ਦੇ ਲਾਗੇ ਅਲੀਪੁਰ ਦਾ ਗੁਰਦੁਆਰਾ ਸਾੜਨ ਤੇ ਲੱਗੇ ਮੋਰਚੇ ਵਿਚ ਭਾਗ ਲਿਆ, ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਗੰਗਾ ਸਿੰਘ ਦੀ ਅਗਵਾਈ ਵਿਚ। ਹੁਣ ਉਹਨਾਂ ਨੌਕਰੀ ਰਾਵਲਪਿੰਡੀ ਦੇ ਖਾਲਸਾ ਹਾਈ ਸਕੂਲ ਵਿਚ ਕਰ ਲਈ ਤੇ ਇਸ ਦੌਰਾਨ ਸ. ਆਤਮਾ ਸਿੰਘ ਅਤੇ ਬੀਬੀ ਲੀਲਾਵੰਤੀ, ਰਾਵਲਪਿੰਡੀ ਦੀ ਪ੍ਰਸਿੱਧ ਨਾਮਧਾਰੀ ਦੰਪਤੀ ਦੇ ਪ੍ਰਭਾਵ ਵਿਚ ਫਿਰ ਪੂਰੀ ਤਰ੍ਹਾਂ ਕੂਕਾ ਰੰਗ ਵਿਚ ਰੰਗੇ ਗਏ। ਰਾਵਲਪਿੰਡੀ ਰਹਿੰਦਿਆਂ ੧੯੪੫-੪੬ ਈ. ਵਿਚ 'ਸਤਿਜੁੱਗ' ਦੀ ਸੇਵਾ ਤੇ ਸ੍ਰੀ ਭੈਣੀ ਸਾਹਿਬ ਜਾ ਲੱਗੇ। ਫਿਰ ੧੯੪੭ ਦੇ ਰਾਮ ਰੌਲੇ ਬਾਦ ਸ੍ਰੀ ਭੈਣੀ ਸਾਹਿਬ, ਇੱਥੋਂ ਦਿੱਲੀ ਤੇ ਦਿੱਲਿਉਂ ਸੰਤ ਨਗਰ, ਸਿਰਸਾ ਤੇ ਸਿਰਸੇ ਆਰ.ਐਸ.ਡੀ. ਸਕੂਲ ਦੀ ਨੌਕਰੀ ਛੱਡ ਕੇ ਮਾਰਚ ੧੯੫੯ ਈ. ਵਿਚ ਸ੍ਰੀ ਗੁਰੂ ਹਰੀ ਸਿੰਘ ਮਹਾਂਵਿਦਿਆਲਾ ਦੀ ਸੇਵਾ ਸੰਭਾਲ ਲਈ ਪੂਰੇ ਦਸ ਵਰ੍ਹੇ ਇਹ ਸੇਵਾ ਨਿਭਾਹੀ। ਇਸ ਤੋਂ ਬਾਅਦ ਸਕੂਲ ਦੇ ਮੈਨੇਜਰ ਬਣਾਏ ਗਏ ਅਤੇ ਨਾਮਧਾਰੀ ਹਾਕੀ ਟੀਮ ਦੇ ਵੀ ਆਪ ਨੂੰ ਨਿਗਰਾਨ ਥਾਪਿਆ ਗਿਆ, ਜਿਸ ਦੇ ਖਿਡਾਰੀ ਓਲੰਪੀਅਨ


Namdhari Elibrary NamdhariElibrary@gmail.com

ਪੱਧਰ ਦੇ ਹਨ। ੧੯੬੪ ਈ. ਵਿਚ ਨਾਮਧਾਰੀ ਨੌਜੁਆਨਾਂ ਦੀ ਲਾਮਬੰਦੀ ਵਾਸਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮਾਂ ਨਾਲ ਵਿਦਿਅਕ ਜਥੇ ਦੀ ਸਥਾਪਨਾ ਹੋਈ ਮਾਸਟਰ ਜੀ ਉਹਦੇ ਬਾਨੀ ਪ੍ਰਧਾਨ ਬਣਾਏ ਗਏ ਅਤੇ ੧੯੭੧ ਈ. ਵਿਚ ਸ੍ਰ. ਕੇਵਲ ਸਿੰਘ ਮੋਰੀਵਾਲ (ਅਮਰਜੀਤਪੁਰਾ) ਦੇ ਦਿਹਾਂਤ ਬਾਅਦ ਉਹ ਨਾਮਧਾਰੀ ਦਰਬਾਰ ਦੇ ਪ੍ਰਧਾਨ ਬਣਾ ਦਿਤੇ ਗਏ। ਸਮੇਂ ਸਮੇਂ ਬਹੁਤ ਸਾਰੇ ਮਾਨ ਸਨਮਾਨਾਂ ਨਾਲ, ਉਹਨਾਂ ਦੀਆਂ ਸੇਵਾਵਾਂ ਨੂੰ ਸਤਿਗੁਰੂ ਜੀ ਵਲੋਂ ਨਿਵਾਜਿਆ ਜਾਂਦਾ ਰਿਹਾ।

ਮਾਸਟਰ ਜੀ ਦਾ ਪਹਿਲਾ ਅਨੰਦ ੧੯੨੬ ਈ. ਵਿਚ ੮੪ ਚੱਕ ਜ਼ਿਲ੍ਹਾ ਲਾਇਲਪੁਰ ਦੀ ਸੁਵਰਨ ਕੌਰ ਨਾਲ ਹੋਇਆ ਜੋ ਪੰਜਾਂ ਕੁ ਸਾਲਾਂ ਬਾਅਦ ਪ੍ਰਲੋਕ ਸਿਧਾਰ ਗਈ ਸੀ। ਦੂਸਰੀ ਸ਼ਾਦੀ ਸੰਤ ਪਰਤਾਪ ਸਿੰਘ ਬੈਂਕਾ ਚੀਮਾ ਵਾਲਿਆਂ ਦੀ ਸਪੁੱਤਰੀ ਦਿਲਜੀਤ ਕੌਰ ਨਾਲ ੧੯੩੪ ਈ. ਵਿੱਚ ਹੋਈ। ਉਹਨਾਂ ਦੇ ਘਰ ਦੋ ਪੁੱਤਰ ਅਤੇ ਦੋ ਪੁੱਤਰੀਆਂ ਨੇ ਜਨਮ ਲਿਆ। ਦਿੱਲੀ ਦੇ ਪ੍ਰਸਿੱਧ ਵਯਵਸਾਈ ਸ੍ਰ. ਸੇਵਾ ਸਿੰਘ ਤੰਬੂਆਂ ਵਾਲੇ ਬੀਬੀ ਦਿਲਜੀਤ ਕੌਰ ਦੇ ਭਾਈ ਹਨ। ਬੀਬੀ ਦਲਜੀਤ ਕੌਰ ਦਾ ਅੰਤ ਸਮਾਂ ੧੮ ਜੂਨ ੧੯੯੪ ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਇਆ ਤੇ ਉੱਥੇ ਹੀ ੧ ਅਪ੍ਰੈਲ ੨੦੦੧ ਈ. ਨੂੰ ਮਾਸਟਰ ਜੀ ਨੇ ਆਪਣੀ ਜੀਵਨ ਯਾਤਰਾ ਸਮਾਪਤ ਕੀਤੀ। ਅੱਜ ਕੱਲ੍ਹ ਉਹਨਾਂ ਦਾ ਭਰਿਆ ਪੂਰਾ ਪਰਿਵਾਰ ਦਿੱਲੀ ਵਿਖੇ ਹੀ ਰਹਿ ਰਿਹਾ ਹੈ।

ਸੰਤ ਹਰਪਾਲ ਸਿੰਘ 'ਸੇਵਕ' ਦੇ ਸ਼ਬਦਾਂ ਵਿਚ ਮਾਸਟਰ ਜੀ ਦਾ ਨਖਸ਼ਿਖ ਵਰਣਨ ਇਉਂ ਕੀਤਾ ਗਿਆ ਹੈ :

"ਕਰੀਬ ਇਕ ਸਦੀ ਦੇ ਉਤਾਰ ਚੜ੍ਹਾਵਾਂ ਨੂੰ ਜੀਵਨ ਵਿਚ ਹੰਡਾ ਚੁੱਕੇ, ਮਾਸਟਰ ਨਿਹਾਲ ਸਿੰਘ ਜੀ ਦਰਮਿਆਨਾ ਕੱਦ ਸਦਾ ਬਹਾਰ ਮੁਸਕਾਣ ਵੰਡਦਾ ਖਿੜਿਆ ਚਿਹਰਾ, ਚਾਂਦੀ ਵਰਗਾ ਸਫੈਦ ਦਾਹੜਾ, ਪ੍ਰੇਮ ਭਗਤੀ ਨਾਲ ਸਰਸ਼ਾਰ ਨੇਤਰ, ਬਜ਼ੁਰਗਾਂ ਵਾਲਾ ਠਰੰ੍ਹਮਾ, ਨੌਜੁਆਨਾਂ ਵਾਲਾ ਉਤਸ਼ਾਹ, ਹਰ ਇਕ ਨੂੰ ਆਪਣਾ ਬਣਾ ਲੈਣ ਵਾਲੇ ਮਿੱਠੇ ਬੋਲ ਅਤੇ ਮਿਲਾਪੜਾ ਸੁਭਾਅ, ਰਿਸ਼ੀਆਂ ਮੁਨੀਆਂ ਵਰਗਾ ਅਧਿਆਤਮਕ ਦਰਸ਼ਨ।"[2]

ਮਾਸਟਰ ਨਿਹਾਲ ਸਿੰਘ ਜੀ ਨੇ ੧੯੪੫ ਈ. ਵਿਚ ਸਤਿਜੁਗ ਦੀ ਸੰਪਾਦਕੀ ਸੰਭਾਲਣ ਸਮੇਂ ਲਿਖਣ ਕਾਰਜ ਅਰੰਭਿਆ ਅਤੇ ਇਹ ਫਿਰ ਅੰਤ ਸਮੇਂ ਤੱਕ, ਅੱਧੀ ਸਦੀ ਤੋਂ ਵਧ ਵਕਤ ਲਈ ਜਾਰੀ ਰਿਹਾ। ਕੁਝ ਰਚਨਾਵਾਂ ਸਤਿਜੁਗ ਦੇ ਸਧਾਰਨ ਹਫਤਾਵਾਰੀ ਜਾਂ ਵਿਸ਼ੇਸ਼ ਸਾਲਾਨਾ ਬਸੰਤ ਅੰਕਾਂ ਵਿਚ ਛਪਦੀਆਂ ਸਨ। ਫਿਰ ਇਹਨਾਂ ਨੂੰ ਸੰਗ੍ਰਹਿਤ ਕਰਕੇ ਕਿਤਾਬਾਂ ਅਤੇ ਕਿਤਾਬਚਿਆਂ ਦਾ ਰੂਪ ਦੇ ਦਿਤਾ ਗਿਆ ਜੋ ਦਰਜਨ ਤੋਂ ਉਪਰ ਹਨ। ਇਕ ਪੁਸਤਕ ਤੋਂ ਇਲਾਵਾ ਬਾਕੀ ਸਭ ਵਾਰਤਕ ਵਿਚ ਹਨ। ਵਾਰਤਕ ਕਥਾ-ਰਸ ਨਾਲ ਲਬਰੇਜ਼ ਹੈ। ਪਾਤਰ ਉਸਾਰੀ ਵਿਚ ਨਿਪੁੰਨ ਹਨ। ਸਮਾਂ ਸਥਾਨ ਲੋੜੀਂਦੇ ਘਟਨਾ ਕ੍ਰਮ ਦੀ ਉਸਾਰੀ ਲਈ ਵਰਤਿਆ ਜਾਂਦਾ ਹੈ। ਸ਼ਬਦਾਂ ਦੀ ਅਮੀਰੀ ਭਾਸ਼ਾ ਵਿਚ ਕਦੇ ਵੀ ਹੱਥ ਤੰਗ ਨਹੀਂ ਹੋਣ ਦਿੰਦੀ। ਆਪ ਹਿੰਦੀ, ਪੰਜਾਬੀ, ਅੰਗਰੇਜ਼ੀ, ਉਰਦੂ ਤੇ ਕੁਝ ਕੁਝ ਅਰਬੀ ਫ਼ਾਰਸੀ ਦੇ ਵੀ ਗਿਆਤਾ ਸਨ। ਇਸ ਲਈ ਇਹਨਾਂ ਸਾਰੀਆਂ ਭਾਸ਼ਾਵਾਂ ਦੇ ਸ਼ਬਦ ਉਹਨਾਂ ਦੇ ਲਿਖਤ ਵਿਚ ਆ ਜਾਂਦੇ ਸਨ। ਭਾਵੇਂ ਉਹ ਆਪਣੀ ਮਿਹਨਤ ਨਾਲ ਖੁਦ ਹੀ ਪੜ੍ਹੇ ਸਨ ਬਿਨਾਂ ਕਿਸੇ ਵੱਡੇ ਸਕੂਲ ਵਿਚ ਦਾਖਲਾ ਜਾਂ ਕਾਲਜ ਜਾਣ ਤੋਂ ਵੀ ਬਿਨਾਂ। ਪਰ ਉਹ ਗਿਆਨੀ ਅਤੇ ਬੀ.ਏ. ਦੀ ਡਿਗਰੀ ਲੈਣ ਤੋਂ ਬਿਨਾਂ ਧਾਰਮਕ ਵਿੱਦਿਆ ਵਿਚ ਵੀ ਪੂਰੀ ਤਰ੍ਹਾਂ ਪਰਪੱਕ ਸਨ। ਸਿੱਖ ਧਰਮ ਗ੍ਰੰਥਾਂ ਦਾ ਆਪ ਦਾ ਅਧਿਅਨ ਵਿਸ਼ਾਲ ਸੀ। ਇਸ ਲਈ ਆਪ ਦੀ ਵਾਰਤਕ ਵਿਚ ਬਾਣੀ ਦੀਆਂ ਤੁਕਾਂ ਥਾਂ ਪਰ ਥਾਂ ਹੀਰੇ ਮੋਤੀਆਂ ਜਿਉਂ ਜੜੀਆਂ ਮਿਲਦੀਆਂ ਹਨ। ਅੰਗਰੇਜ਼ੀ ਦੀਆਂ ਟੂਕਾਂ, ਉਰਦੂ, ਫਾਰਸੀ ਦੇ ਸ਼ੇਅਰ ਵੀ ਸੁਣਨ ਦੀ ਸ਼ਕਤੀ ਵਧਾਉਣ ਲਈ ਆਪ ਵਰਤਦੇ ਸਨ। ਕਿਉਂਕਿ ਉਮਰ ਦਾ ਵੱਡਾ ਹਿੱਸਾ ਅਧਿਆਪਨ ਵਿਚ ਬੀਤਿਆ। ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਵਿਚ ਗੁਰ ਸਿੱਖਾਂ ਦੀ ਪੁਰਾਤਨ ਤੇ ਨਵੀਨ ਪੀੜ੍ਹੀ ਨਾਲ ਭੇਂਟ ਵਾਰਤਾ ਹੁੰਦੀ ਰਹਿੰਦੀ। ਆਪਣੇ ਇਸ ਆਲੇ ਦੁਆਲੇ ਵਿਚੋਂ, ਨਾਮਧਾਰੀ ਪੰਥ ਦੀ ਸ਼ਾਨ ਸ਼ੌਕਤ, ਕਰਨੀ ਵਾਲੇ ਸਿੱਖਾਂ, ਜਥੇਦਾਰਾਂ, ਪਰਚਾਰਕਾਂ, ਗੁਰੂ ਸੇਵਕਾਂ ਦੇ ਕਲਮੀ-ਚਿੱਤਰ ਮਾਸਟਰ ਜੀ ਖਿੱਚਦੇ ਹਨ। ਇਕ ਪੰਥ ਤੇ ਦੋ ਕਾਜ ਹੁੰਦੇ ਜਾਂਦੇ ਹਨ। ਗੁਰੂ ਮਹਿਮਾ, ਗੁਰੂ ਸੋਭਾ, ਗੁਰੂ ਇਤਿਹਾਸ ਬਿਆਨਿਆ ਜਾ ਰਿਹਾ ਹੈ। ਬਚਨ ਦੇ ਬਲੀ, ਬੋਲ ਤੋਲ ਦੇ ਪੂਰਿਆਂ, ਪੰਜਾਂ ਵਿਕਾਰਾਂ ਤੋਂ ਉਪਰ ਉੱਠ ਕੇ ਆਪੇ ਨੂੰ ਸੋਧਣ ਵਾਲਿਆਂ ਦੀਆਂ ਸਾਖੀਆਂ ਵੀ ਹਨ ਅਤੇ ਨਾਮਧਾਰੀਆਂ ਦੀ ਜੀਵਨ ਜਾਚ ਕੀ ਹੈ, ਉਹਨਾਂ ਦਾ ਜੀਵਨ ਦਰਸ਼ਨ ਕੀ ਹੈ, ਜੀਵਨ ਮਨੋਰਥ ਕੀ ਹੈ, ਕੂਕਾ ਸੰਸਕ੍ਰਿਤੀ ਕੀ ਹੈ, ਨਾਮਧਾਰੀ ਸੱਭਿਆਚਾਰ ਕੀ ਹੈ, ਇਸ ਸਭ ਦੀ ਜਾਣਕਾਰੀ ਲੈਣ ਦੇ ਚਾਹਵਾਨ ਨੂੰ ਮਾਸਟਰ ਨਿਹਾਲ ਸਿੰਘ ਦੇ ਰਚਨਾ ਸੰਸਾਰ ਵਿਚੋਂ ਅਵੱਸ਼ ਹੀ ਗੁਜ਼ਰਨਾ ਪਵੇਗਾ।



Namdhari Elibrary NamdhariElibrary@gmail.com

ਕਿਉਂਕਿ ਮਾਸਟਰ ਜੀ ਖੁਦ ਗੁਰੂ ਭਗਤੀ ਵਿਚ ਓਤ-ਪੋਤ ਸਨ, ਗੁਰੂ ਦਰਸ਼ਨਾਂ ਦੇ ਸਦਾ ਪਰਵਾਨੇ ਜਿਉਂ ਤਲਬਗਾਰ ਸਨ, ਚਰਨ ਕਮਲਾਂ ਦੀ ਮੌਜ ਵਿਚ ਰਹਿਣ ਦੇ ਲੋਚਵੰਤ ਸਨ, ਇਸ ਲਈ ਉਨ੍ਹਾਂ ਦੀ ਸਾਰੀ ਵਾਰਤਕ ਸ਼ਰਧਾ-ਰਸ ਵਿਚ ਗੁੱਧੀ ਹੋਈ ਹੈ। ਗੁਰੂ ਤੇ ਸਿੱਖ ਦੇ ਰਿਸ਼ਤੇ ਨੂੰ ਪਰਪੱਕਤਾ ਪਰਦਾਨ ਕਰਨ ਵਾਲੀ ਹੈ। ਉਹ ਪ੍ਰਸਿਧ ਵਾਰਕਾਰ ਭਾਈ ਗੁਰਦਾਸ ਜੀ ਦੇ ਰੰਗ ਵਿਚ ਰੰਗੇ ਹੋਏ ਹਨ। ਉਹ ਭਾਈ ਨੰਦ ਲਾਲ ਗੋਇਆ ਜਿਉਂ ਆਪਣੇ ਸ਼ਬਦਾਂ ਦੁਆਰਾ ਹਮੇਸ਼ਾਂ ਗੁਰੂ ਕਿਰਪਾ ਲਈ ਯਾਚਨਾ ਕਰਦੇ ਨਜ਼ਰ ਆਉਂਦੇ ਹਨ। ਉਹ ਗੁਰੂ ਦਰਬਾਰ ਤੋਂ ਮਿਲਣ ਵਾਲੀ ਸਿੱਖੀ ਸਿਦਕ ਤੋਂ ਵੱਡੀ ਕੋਈ ਪ੍ਰਾਪਤੀ ਨਹੀਂ ਸਮਝਦੇ। ਉਹ ਜਿਹਨਾਂ ਦੀ ਸੰਗਤ ਮਾਨਣ ਦੇ ਖਾਹਿਸ਼ਮੰਦ ਹਨ ਉਹਨਾਂ ਸਾਰਿਆਂ ਨੇ ਆਪਣਾ ਆਪਾ ਮਾਰ ਲਿਆ ਹੈ। ਟੋਏ ਟਿੱਬੇ ਢਾਹ ਦਿਤੇ ਹਨ। ਊਚ ਨੀਚ ਦੇ ਵਿਤਕਰੇ ਤੋਂ ਉਪਰ ਉਠ ਗਏ ਹਨ। ਇਕ ਸਾਂਝੀਵਾਲਤਾ ਤੇ ਅਧਾਰਿਤ ਸਭ ਨੂੰ ਵਿਕਾਸ ਦੇ ਬਰਾਬਰ ਮੌਕੇ ਉਪਲਬਧ ਕਰਵਾਉਣ ਵਾਲੀ, ਸਮਤਾ ਮੂਲਕ ਸਮਾਜਿਕ ਵਿਵਸਥਾ ਦੇ ਮਾਸਟਰ ਜੀ ਹਮਾਇਤੀ ਹਨ ਜਿਸ ਦੀ ਝਲਕ ਉਹਨਾਂ ਦੀਆਂ ਲਿਖਤਾਂ ਵਿਚੋਂ ਵੇਖੀ ਜਾ ਸਕਦੀ ਹੈ, ਕਿਉਂਕਿ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਵਿਸ਼ਵ ਸਤਰ ਤੇ ਜਿਸ ਰਾਮਰਾਜ ਦੀ ਉਸਰੀ ਦੀਆਂ ਕਨਸੋਆਂ ਆਉਂਦੀਆਂ ਸਨ, ਉਹ ਲੁੱਟ ਖਸੁੱਟ ਅਤੇ ਅਨਿਆਂ ਰਹਿਤ ਪ੍ਰਬੰਧ ਵਿਚ ਹੀ ਸੰਭਵ ਹੋ ਸਕਦਾ ਹੈ।

੧੯੬੩ ਈ. ਵਿਚ ਛਪਣ ਵਾਲੀ ਪੁਸਤਕ 'ਬਾਈਕਾਟ' ਵਿਚ ੧੦ ਕਹਾਣੀਆਂ ਸਾਖੀਆਂ ਜਾਂ ਪਰਸੰਗ ਹਨ। ਇਹਨਾਂ ਰਚਨਾਵਾਂ ਦੇ ਪ੍ਰੇਰਨਾ-ਸ਼ਰੋਤ ਬਾਰੇ ਅਸੀਂ ਮਾਸਟਰ ਜੀ ਦੀ ਗਵਾਹੀ ਹੀ ਪੁਆਉਂਦੇ ਹਾਂ :

"ਗੁਰੂ ਘਰ ਸੰਤਾਂ ਮਹਾਂ ਪੁਰਸ਼ਾਂ ਦੇ ਬਚਨ ਸੁਣਨ ਦਾ ਮੈਨੂੰ ਨਿੱਕਿਆਂ ਹੁੰਦਿਆਂ ਤੋਂ ਸ਼ੌਕ ਹੈ। ਮੈਂ ਜਿੱਥੇ ਜਾਂਦਾ ਹਾਂ, ਜਾਂ ਕਿਸੇ ਬਜ਼ੁਰਗ ਦੇ ਦਰਸ਼ਨ ਕਰਦਾ ਹਾਂ ਤੇ ਉਨ੍ਹਾਂ ਪਾਸੋਂ ਮਹਾਤਮਾਵਾਂ ਦੀਆਂ ਜੀਵਨੀਆਂ ਸੁਣਦਾ ਹਾਂ ਅਤੇ ਨੋਟ ਕਰਦਾ ਹਾਂ।

"ਗਰੀਬ ਨਿਵਾਜ ਸਤਿਗੁਰੂ ਪਰਤਾਪ ਸਿੰਘ ਜੀ ਜਦ ਮੌਜ ਵਿਚ ਆਉਂਦੇ ਉਹ ਨਾਮਧਾਰੀ ਬਜ਼ੁਰਗਾਂ, ਸ਼ਾਂਤ ਮੂਰਤਿ ਗੁਰੂ ਹਰੀ ਸਿੰਘ ਜੀ ਅਤੇ ਸਾਰੇ ਸੰਸਾਰ ਤੇ ਰਾਮ ਰਾਜਾਂ ਦੇ ਸੁਪਨੇ ਲੈਣ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਮੁੱਲ ਬਚਨ ਸੁਣਾਉਂਦੇ ਸੁਣਾਉਂਦੇ, ਸਰੋਤਿਆਂ ਨੂੰ ਵਿਸਮਾਦ ਮੰਡਲਾਂ ਦੀ ਸੈਰ ਕਰਵਾਉਂਦੇ। ਉਹ ਬਚਨ ਕੀਤਾ ਕਰਦੇ "ਮਾਸਟਰਾ ਨੋਟ ਕਰ ਲੈ, ਕਿਸੇ ਵੇਲੇ ਕੰਮ ਆਉਣਗੇ।" ਇਹ ਪਤਾ ਨਹੀਂ ਉਹਨਾਂ ਵਿਚੋਂ ਕਿਤਨੇ ਯਾਦ ਹਨ ਅਤੇ ਕਿਤਨੇ ਮੇਰੀ ਅਨਗਹਿਲੀ ਕਰਕੇ ਗੁਆਚ ਗਏ ਹਨ।"[੩] ਪਹਿਲੀ ਵਾਰਤਾ "ਚੀਨੀ ਵਾਲਾ" ਸ੍ਰ. ਮੰਗਲ ਸਿੰਘ ਬਿਸ਼ਨਪੁਰੀਏ ਦੇ ਕੂਕਾ ਬਣਨ ਅਤੇ ਆਪਣੀ ਘੋੜੀ ਚੀਨੇ ਰੰਗ ਦੀ ਸਤਿਗੁਰੂ ਜੀ ਨੂੰ ਭੇਟ ਕਰਨ ਦੀ ਹੈ। ਜਿਸ ਵਜਾ ਕਰਕੇ ਸੰਗਤਾਂ ਆਪ ਨੂੰ "ਚੀਨੀ ਵਾਲਾ ਪਾਤਸ਼ਾਹ" ਦੇ ਨਾਂ ਨਾਲ ਯਾਦ ਕਰਦੀਆਂ ਸਨ। ਇਸ ਪਰਸੰਗ ਦੇ ਅੰਤ ਵਿਚ ਚੀਨੀ ਦੀ ਵਡਿਆਈ ਨੂੰ ਕਾਨੀ ਬੰਦ ਕੀਤਾ ਹੈ ਉੱਘੇ ਇਨਕਲਾਬੀ ਕਵੀ ਲਾਲ ਸਿੰਘ ਕੰਵਰ ਦਿਆਂ ਸ਼ਬਦਾਂ ਵਿਚ:

"ਤੇਰਾ ਚਰਨ ਉਹ ਹੱਥ ਕਰਤਾਰ ਦਾ ਸੀ,
ਜਿਸ ਧਰਤ ਦਾ ਧੜਕਣਾ ਬੰਦ ਕੀਤਾ।
ਜਿਸ ਜਗ੍ਹਾ ਤੇ ਚੀਨੀ ਦੀ ਖੁਰੀ ਲੱਗੀ,
ਓਥੇ ਵਾਸ ਆ ਧਰਮ ਦੇ ਚੰਦ ਕੀਤਾ।
ਜਿਸ ਰਾਹ ਲੰਘੀ ਸੱਚੇ ਸ਼ਾਹ ਉਸ ਦਾ
ਸ਼ਾਨ ਕਹਿਕਸ਼ਾਂ ਨਾਲੋਂ ਬੁਲੰਦ ਕੀਤਾ।
ਉਹਦੀ ਟੁੱਟੀ ਹੋਈ ਗਾਨੀ ਇਨਾਮ ਲੈ ਕੇ,
ਇੰਦਰ ਹੂਰਾਂ ਲਈ ਹਾਰ ਪਸੰਦ ਕੀਤਾ।"[੪]

"ਵੱਡਾ ਭੰਡਾਰੀ" ਵਿਚ ੧੯੫੬ ਬਿਕ੍ਰਮੀ ਦੇ ਕਾਲ ਸਮੇਂ ਸ੍ਰੀ ਗੁਰੂ ਹਰੀ ਸਿੰਘ ਜੀ ਦੁਆਰਾ ਸ੍ਰੀ ਭੈਣੀ ਸਾਹਿਬ ਦੇ ਲੋਹ-ਲੰਗਰ ਦੁਆਰਾ ਬਾਗੜ ਦੇਸ਼ ਦੇ ਕਾਲ ਪੀੜਤਾਂ ਦਾ ਮਹੀਨਿਆਂ ਬੱਧੀ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦਾ ਛਕਣ ਦਾ ਮਾਰਮਿਕ ਚਿਤਰ ਬਿਆਨਿਆ ਗਿਆ ਹੈ। ਡੀ.ਸੀ. ਹਿਸਾਰ ਨੇ ਡੀ.ਸੀ. ਲੁਧਿਆਣਾ ਨੂੰ ਤਾਰ ਭੇਜੀ ਕਿ ਸਾਰਾ ਬਾਗੜ ਉਲਟ ਕੇ ਭੈਣੀ ਸਾਹਿਬ ਵੱਲ ਤੁਰ ਪਿਆ ਹੈ। ਡੇਰੇ ਦੇ ਪ੍ਰਬੰਧਕਾਂ ਨੂੰ ਕਹਿਣਾ ਕਿ ਹੱਥ ਘੁੱਟ ਕੇ ਵਰਤਣ, ਪ੍ਰੰਤੂ ਗੁਰੂ ਹਰੀ ਸਿੰਘ ਜੀ ਦਾ ਜੁਆਬ ਸੀ :

"ਇਸ ਲੰਗਰ ਦਾ ਖਸਮ ਸਤਿਗੁਰੂ ਰਾਮ ਸਿੰਘ ਹੈ। ਉਨ੍ਹਾਂ ਦਾ ਹੁਕਮ ਹੈ, ਭੁੱਖੇ ਨੂੰ ਰੋਟੀ, ਨੰਗੇ ਨੂੰ ਕੱਪੜਾ ਦਿਉ। ਉਨ੍ਹਾਂ ਦੇ ਹੁਕਮ ਦੀ ਅਦੂਲੀ ਮੈਂ ਨਹੀਂ ਕਰ ਸਕਦਾ। ਮੇਰਾ ਕੰਮ ਹੁਕਮ ਪਾਲਣਾ ਹੈ। ਲੰਗਰ ਦਾ ਫਿਕਰ ਮਾਲਕ ਨੂੰ ਹੈ। ਜਿੰਨਾ ਚਿਰ ਕੋਲ ਹੈ ਵਰਤਾਵਾਂਗਾ, ਕੋਠਿਆਂ ਦੀਆਂ ਕੜੀਆਂ ਵੇਚ ਕੇ ਖਵਾਵਾਂਗਾ। ਜਦੋਂ ਮੁਕ ਜਾਵੇਗਾ ਤਦੋਂ ਇਹਨਾਂ ਦੇ ਨਾਲ ਹੀ ਟੁਰ ਪਵਾਂਗਾ।"[੫]

ਫਿਰ ਜਦੋਂ ਪੰਜਾਬ ਦੇ ਲਾਟ ਨੇ ਲੰਗਰ ਦੀ ਸੇਵਾ ਬਦਲੇ ੮੦ ਮੁਰੱਬੇ ਜ਼ਮੀਨ ਕਿਸੇ ਬਾਰ ਵਿਚ ਡੇਰੇ ਦੇ ਨਾ ਲੁਆਉਣ



Namdhari Elibrary NamdhariElibrary@gmail.com

ਦੀ ਪੇਸ਼ਕਸ਼ ਕੀਤੀ ਤਾਂ ਗੁਰੂ ਹਰੀ ਸਿੰਘ ਜੀ ਨੇ "ਇਹ ਸਾਰੀ ਧਰਤੀ ਗੁਰੂ ਜੀ ਦੀ ਹੈ" ਕਹਿ ਕੇ ਭੂਮੀ ਲੈਣ ਤੋਂ ਇਨਕਾਰ ਕਰ ਦਿਤਾ। ਦੂਜੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਨੇ ਭੂਮੀ ਨਾ ਕਬੂਲ ਕੇ, ਸਮੁੱਚੇ ਦੇਸ਼ ਦੀ ਭੂਮੀ ਉਤੇ ਅੰਗਰੇਜ਼ ਸਰਕਾਰ ਦਾ ਅਧਿਕਾਰ ਮੰਨਣ ਤੋਂ ਇਨਕਾਰ ਕਰ ਦਿਤਾ। ਇਹ ਪੁਸਤਕ ਕੂਕਾ ਦੇਸ਼ ਭਗਤੀ ਦੀਆਂ ਮਿਸਾਲਾਂ ਨਾਲ ਭਰਪੂਰ ਹੈ।

ਇਸੇ ਪੁਸਤਕ ਦੇ ਪ੍ਰਸੰਗ "ਪਦਾਰਥਾਂ ਦੇ ਮਾਲਕ" ਵਿਚ ਦੱਸਿਆ ਹੈ ਕਿ ਭਾਈ ਦੇਵਾ ਸਿੰਘ ਹੋਰਾਂ ਦਾ ਲਾਹੌਰ ਸ਼ਹਿਰ ਵਿਚ ਵੱਡਾ ਕਾਰਖਾਨਾ ਸੀ, ਉਸ ਨੂੰ ਇਕ ਦਿਨ ਅੱਗ ਲੱਗ ਗਈ। ਮਸ਼ੀਨਾਂ ਸੜ ਗਈਆਂ। ਗਾਡਰ ਅੱਗ ਨਾਲ ਦੂਹਰੇ ਹੋ ਗਏ। ਆਪਣਾ ਕੰਮ ਫਿਰ ਚਲਾਉਣ ਲਈ ਭਾਈ ਦੇਵਾ ਸਿੰਘ ਨੂੰ ੩੬੦੦੦ ਰੁਪਏ ਦੀ ਲੋੜ ਸੀ। ਅੱਜ ਤੋਂ ਘੱਟੋ-ਘੱਟ ਇਕ ਸਦੀ ਤੋਂ ਪਹਿਲਾਂ ਦੀ ਇਹ ਘਟਨਾ ਹੈ ਜਦੋਂ ਏਨੀ ਰਕਮ ਬਹੁਤ ਵੱਡੀ ਰਕਮ ਹੁੰਦੀ ਸੀ। ਦੇਵਾ ਸਿੰਘ ਪਹੁੰਚ ਗਿਆ ਨਾਰਲੀ ਦੇ ਨਾਮਧਾਰੀ ਬਘੇਲ ਸਿੰਘ ਦੇ ਘਰ। ਮੰਗਣ ਤੇ ਉਸ ਮਾਇਆ ਤੱਤ-ਫੱਟ ਘਰੋਂ ਕਢਵਾ ਦਿੱਤੀ ਜਦੋਂ ਦੇਵਾ ਸਿੰਘ ਨੇ ਕੋਈ ਲਿਖਤ-ਪੜ੍ਹਤ, ਕਾਗਜ਼-ਪੱਤਰ ਬਣਾਉਣ ਬਾਰੇ ਕਿਹਾ ਤਾਂ ਬਘੇਲ ਸਿੰਘ ਹੋਰਾਂ ਦਾ ਕਹਿਣਾ ਸੀ :

"ਸਰਦਾਰ ਜੀ! ਵਾਹ ਭਈ ਵਾਹ! ਇਹ ਮਾਇਆ ਕਿਸ ਦੀ ਏ ? ਇਹ ਧਨ, ਦੌਲਤ, ਰੁਪਿਆ, ਪੈਸਾ, ਮੱਝਾਂ, ਗਊਆਂ, ਘੋੜੇ ਕਿਸ ਦੇ ਹਨ ? ਇਹ ਸਭ ਮਾਇਆ ਸਤਿਗੁਰੂ ਰਾਮ ਸਿੰਘ ਜੀ ਦੀ ਹੈ। ਤੂੰ ਵੀ ਉਨ੍ਹਾਂ ਦਾ ਚਰਨ ਭੌਰਾ! ਮੈਂ ਵੀ ਉਸੇ ਦਰ ਦਾ ਕੂਕਰ! ਫੇਰ ਲਿਖਤ ਕਾਹਦੀ ? ਤੇ ਪੜ੍ਹਤ ਕਾਹਦੀ ? ਤੇ ਨਾਵਾਂ ਪੱਤਰਾ ਕਿਸ ਗੱਲ ਦਾ ?"[6]

ਇਕ ਹੋਰ ਸਿਰਲੇਖ "ਕੂਕੇ ਦਾ ਪਿਆਰ" ਵਿਚ ਜਵਾਹਰ ਸਿੰਘ ਜਦੋਂ ਸਤਿਗੁਰੂ ਰਾਮ ਸਿੰਘ ਜੀ ਤੋਂ ਭਜਨ ਪੁੱਛ ਕੇ ਨਾਮਧਾਰੀ ਸਜਦਾ ਹੈ ਤਾਂ ਉਸ ਦੀ ਮਾਂ ਵੈਣ ਪਾਉਣ, ਵਾਲ ਖੋਹਣ ਤੇ ਛਾਤੀ ਪਿੱਟਣ ਲੱਗ ਪਈ- "ਵੇ ਜਵਾਹਰਿਆ! ਵੇ ਜਵਾਹਰਿਆ!! ਤੂੰ ਕੀ ਕਰ ਗਇਉਂ?" ਗਲੀ ਗਵਾਂਢ ਰੋਣ ਸੁਣ ਇਕੱਠਾ ਹੋ ਗਿਆ। " ਨੀ ਕੀ ਹੋਇਆ ?" ਸਾਰੀਆਂ ਆ ਕੇ ਪੁੱਛਿਆ।

"ਜਵਾਹਰਾ ਕੂਕਾ ਬਣ ਗਿਆ। ਜਵਾਹਰੇ ਕੰਨ ਵਿਚ ਮੰਤਰ ਲੈ ਲਿਆ। ਜਵਾਹਰਾ ਮਰ ਗਿਆ।" ਰੋਂਦੀ ਮਾਈ ਨੇ ਉਤਰ ਦਿੱਤਾ।[7] ਮੁਗਲ ਕਾਲ ਦੀਆਂ ਸਖਤੀਆਂ ਸਮੇਂ ਪੰਜਾਬ ਵਿਚ ਜੇ ਕਿਸੇ ਮਾਂ ਨੂੰ ਕੋਈ ਪੁੱਤਰ ਪੁੱਛਦਾ ਸੀ ਕਿ ਕਿੰਨੇ ਨੇ ਤਾਂ ਉਹ ਜੁਆਬ ਦਿੰਦੀ ਸੀ-ਪੁੱਤਰ ਤਾਂ ਪੰਜ ਸਨ ਪਰ ਹੁਣ ਚਾਰ ਰਹਿ ਗਏ ਨੇ। ਇਕ ਸਿੱਖ ਬਣ ਗਿਆ ਏ।" ਤੇ ਉਸ ਵੇਲੇ ਦੇ ਸਿੱਖ ਜਾਂ ਅੰਗਰੇਜ਼ ਵੇਲੇ ਦੇ ਕੂਕੇ ਦੀ ਇਹ ਹਾਲਤ ਸੀ 'ਬੱਕਰੇ ਦੀ ਮਾਂ ਕਦ ਤੱਕ ਖੈਰ ਮਨਾਏਗੀ। ਮਾਸਟਰ ਜੀ ਦਾ ਉਪਰੋਕਤ ਪਾਤਰ ਜਵਾਹਰ ਸਿੰਘ ਵੀ ਕੂਕਪੁਣਾ ਛੱਡਣ ਦੀ ਸ਼ਰਤ 'ਤੇ 'ਚੰਨ ਦੇ ਟੁਕੜੇ ਜਹੀ' ਮੰਗੇਤਰ ਨੂੰ ਹੀ ਛੱਡਣਾ ਪਰਵਾਨ ਕਰਦਾ ਹੈ।

"ਕਦਰਦਾਨ" ਵਾਲੀ ਕਥਾ ਵਿਚ ਇਕ ਭਾਈ ਨਿਹਾਲ ਸਿੰਘ ਹੈ। ਪਿੰਡ ਅਲੌੜ ਸੀ। ਉਸ ਨੇ ੧੯੦੪ ਈ. ਦੇ ਲਾਗੇ-ਚਾਗੇ ਇਕ ਸ਼ਰਾਬੀ ਹੋਏ ਘੋੜੇ ਤੋਂ ਡਿੱਗੇ ਅੰਗਰੇਜ਼ ਅਫਸਰ ਦੀ, ਖੇਤਾਂ ਵਿਚੋਂ ਚੁੱਕ ਕੇ ਘਰ ਲਿਆ ਕੇ ਜਾਨ ਬਚਾਈ ਸੀ। ਉਹ ਉਹਨੂੰ ਇਕ ਲੱਖ ਰੁਪਏ ਜਾਂ ਏਨੀ ਰਕਮ ਦੇ ੪-੫ ਮੁਰੱਬੇ ਭੇਟਿ ਦਾ ਕਾਗਜ਼ ਦੇ ਗਿਆ। ਜਦੋਂ ਕਾਗਜ਼ ਗੁਰੂ ਹਰੀ ਸਿੰਘ ਨੂੰ ਵਖਾਏ, ਉਨ੍ਹਾਂ ਕਿਹਾ "ਆਪਾਂ ਬਿੱਲਿਆਂ ਤੋਂ ਕੁਝ ਨਹੀਂ ਲੈਣਾ।" ਸਿੱਖ ਨੇ ਸਿਦਕ ਨਿਭਾਹਿਆ। ਉਸ ਦੇ ਪੁੱਤਰ ਮਾਘਾ ਸਿੰਘ ਨੂੰ ਜੀਵਨ ਨਗਰ ਇਲਾਕੇ ਦੇ ਪਿੰਡ ਦਮਦਮਾ ਵਿਚ ਉਪਰੋਕਤ ਬਚਨ ਸਦਕਾ ਇਕ ਮਰੱਬਾ ਜ਼ਮੀਨ ਦੇ ਕੇ, ਸਤਿਗੁਰੂ ਪਰਤਾਪ ਸਿੰਘ ਜੀ ਨੇ 'ਬਾਕੀ ਫੇਰ' ਦਾ ਬਚਨ ਕੀਤਾ। ਇਸੇ ਤਰ੍ਹਾਂ ਹੀ 'ਸੇਵਾ ਦੀ ਮੂਰਤੀ' ਵਿਚ ਸੰਤ ਸਾਉਣ ਸਿੰਘ ਜਮਸ਼ੇਰ (ਲਾਹੌਰ) ਪਿੰਡ ਦਾ ਹੈ। ਉਹ ਸੰਤ ਫਤਹਿ ਸਿੰਘ ਮਾਂਗਾ ਦੀ ਸੰਗਤ ਤੋਂ ਨਾਮਧਾਰੀ ਬਣਿਆ ਸੀ। ਫਿਰ ਉਹ ਸੈਨਾ ਵਿਚ ਭਰਤੀ ਹੋ ਕੇ ਪਹਿਲੀ ਸੰਸਾਰ ਜੰਗ ਸਮੇਂ ਬਸਰੇ ਦੀ ਲਾਮ ਤੇ ਚਲਾ ਗਿਆ। ਜਿੱਥੇ ਉਸ ਦੇ ਨਾਲ ਦੇ ਸਾਥੀ ਮਾਰੇ ਗਏ। ਉਹ ਫੱਟੜ ਹੋ ਗਿਆ ਤੇ ਫਿਰ ਫੱਟੜ ਹੋਏ ਕਰਨੈਲ ਟੇਲਰ ਨੂੰ ਵੀ ਚੁੱਕ ਕੇ ਸੁਰੱਖਿਅਤ ਥਾਂ 'ਤੇ ਪਹੁੰਚਾਇਆ। ਹਸਪਤਾਲ ਵਿਚ ਡਾਕਟਰੀ ਸਹਾਇਤਾ ਨਾਲ ਅਧਿਕਾਰੀ ਕੁਝ ਹੋਸ਼ ਵਿਚ ਆਇਆ ਤਾਂ ਉਸ ਸਾਉਣ ਸਿੰਘ ਦੀ ਨੇਕਨਾਮੀ ਲਈ ਉਸ ਨੂੰ ਪੰਜ ਮੁਰੱਬੇ ਭੂਮੀ ਤੇ ਸੋਨ-ਤਮਗਾ ਦੇਣ ਦੀ ਸਿਫਾਰਸ਼ੀ ਚਿੱਠੀ ਲਿਖੀ ਤੇ ਫਿਰ ਦਮ ਤੋੜ ਗਿਆ। ਪਰ ਇਸ ਸਾਉਣ ਸਿੰਘ ਨੇ ਵੀ ਅਲੌੜ ਵਾਲੇ ਨਾਮਧਾਰੀ ਜਿਉਂ ਹੀ ਇਹ ਪੇਸ਼ਕਸ਼ ਠੁਕਰਾ ਦਿੱਤੀ। ਉਸ ਕਿਹਾ ਕਿ ਉਹ ਦੋ ਸਰਕਾਰਾਂ ਦੀ ਨੌਕਰੀ ਨਹੀਂ ਕਰ ਸਕਦਾ। 'ਜਦੋਂ ਅੰਗਰੇਜ਼ ਦੇ ਨੌਕਰ ਸਾਂ ਇਧਰ ਫੇਰਾ ਪਾਉਣਾ ਔਖਾ ਸੀ। ਹੁਣ ਸਤਿਗੁਰੂ ਰਾਮ ਸਿੰਘ ਦੀ ਦੀ ਨੌਕਰੀ ਵਿਚ ਆ ਗਏ ਹਾਂ, ਉਸ ਨਾਲ ਹੁਣ ਦੂਰ ਦਾ ਵੀ ਵਾਸਤਾ ਨਹੀਂ ਰਿਹਾ। ਅੰਗਰੇਜ਼ਾਂ ਦੀ ਨੌਕਰੀ ਕਰਨ ਵਾਲਾ ਸਾਉਣ ਸਿੰਘ ਉਥੇ ਹੀ ਮਰ ਗਿਆ। ਹੁਣ ਸਾਉਣ ਸਿੰਘ



Namdhari Elibrary NamdhariElibrary@gmail.com

ਕੂਕਾ ਹੈ, ਕੂਕੇ ਦਾ ਤੇ ਅੰਗਰੇਜ਼ ਦਾ ਕੋਈ ਵਾਸਤਾ ਨਹੀਂ। ਕੂਕਾ ਭਾਵੇਂ ਅੰਗਰੇਜ਼ ਦਾ ਦੁਸ਼ਮਣ ਨਹੀਂ ਪਰ ਕੂਕਾ ਅੰਗਰੇਜ਼ ਦੇ ਰਾਜ ਦਾ ਖ਼ਾਤਮਾ ਚਾਹੁੰਦਾ ਹੈ। ਸਤਿਗੁਰਾਂ ਦਾ ਹੁਕਮ ਹੈ ਅੰਗਰੇਜ਼ ਦਾ ਬਾਈਕਾਟ।"[8]

ਪੁਸਤਕ ਰਤਨ ਮਾਲਾ ੧੯੯੫ ਈ. ਵਿਚ ਦਿੱਲੀ ਵਿਖੇ ਛਪੀ। ਇਸ ਵਿਚ ਨਾਮਧਾਰੀ ਪੰਥ ਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੇ ਪ੍ਰਮੁੱਖ ਸੰਤਾਂ ਸਰਵ ਸ੍ਰੀ ਕਰਮ ਸਿੰਘ ਹਿੰਮਤਪੁਰਾ, ਮੋਹਨ ਸਿੰਘ ਵਡਾਲਾ ਜੌਹਲਾਂ, ਰਲਾ ਸਿੰਘ, ਆਲਾ ਸਿੰਘ, ਗੁਲਾਬ ਸਿੰਘ ਵਰਨ ਅਤੇ ਉਨ੍ਹਾਂ ਦੇ ਹਜ਼ੂਰੀ ਸੇਵਕਾਂ ਭਾਈ ਵਜੀਰ ਸਿੰਘ, ਮੋਹਕਮ ਸਿੰਘ ਅਤੇ ਲਾਂਗਰੀ ਰਤਨ ਸਿੰਘ ਦੇ ਚਰਿੱਤਰ ਨੂੰ ਉਘਾੜਨ ਵਾਲੀਆਂ ਘਟਨਾਵਾਂ ਬਿਆਨ ਕੀਤੀਆਂ ਹਨ। ਇਹ ਉਹ ਸਾਧੂ ਹਨ ਜਿਨ੍ਹਾਂ ਬਾਰੇ ਗੁਰਬਾਣੀ ਦਾ ਫ਼ਤਵਾ ਹੈ—

"ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥"

ਜਦੋਂ ਜਜ਼ਬਿਆਂ ਦੇ ਸਮੁੰਦਰ ਵਿਚ ਕਾਂਗਾਂ ਉਠਦੀਆਂ ਹਨ ਤਾਂ, ਮਾਸਟਰ ਜੀ ਵਾਰਤਕ ਛੱਡ ਕੇ ਕਵਿਤਾ, ਭਾਵੇਂ ਉਹ ਖੁੱਲ੍ਹੀ ਹੀ ਕਿਉਂ ਨਾ ਹੋਵੇ, ਦੀ ਓਟ ਵਿਚ ਪੁੱਜ ਜਾਂਦੇ ਹਨ। ਸੰਤ ਰਤਨ ਸਿੰਘ ਹੋਰਾਂ ਦਾ ਵਰਣਨ ਇਸੇ ਆਤਮੀਯਤਾ ਨਾਲ ਕੀਤਾ ਗਿਆ ਹੈ :

"ਰਤਨ ਛੈਲ ਛਬੀਲਾ, ਸਡੌਲ, ਸੁਨੱਖਾ, ਚੌੜਾ ਮੁੱਖੜਾ
ਤਿਖੇ ਨੇਤਰ, ਗੋਲ ਬਾਹੀਂ,
ਬ੍ਰਹਮਚਰੀਆ ਮਸਤਕ ਵਿਚ ਡਲਕੇ,
ਬਲਵਾਨ ਗੁਰੂ ਦਾ ਬਲਵਾਨ ਸਿੱਖ,
ਪਰ
ਇਹ ਹੱਥ ਦਾ ਸੁੱਚਾ, ਅੱਖ ਦਾ ਸੁੱਚਾ,
ਤਨ ਦਾ ਸੁੱਚਾ, ਮਨ ਦਾ ਸੁੱਚਾ"[9]

ਮਾਸਟਰ ਜੀ ਆਪਣੇ ਆਪ ਨੂੰ ਗਰੀਬ ਸਿੱਖਾਂ ਦੀ ਕਤਾਰ ਵਿਚ ਖਲ੍ਹਾਰਦਿਆਂ ਦੱਸਦੇ ਹਨ ਕਿ ਰਤਨ ਸਿੰਘ ਜਿਵੇਂ ਪੰਥ ਦੇ ਮਹਾਨ ਨੇਤਾਵਾਂ ਸ: ਆਤਮਾ ਸਿੰਘ ਰਾਵਲਪਿੰਡੀ ਜਾਂ ਸ: ਦੋਆ ਸਿੰਘ ਕੱਕੜ ਨਾਲ ਪੇਸ਼ ਆਉਂਦਾ ਸੀ ਉਵੇਂ ਹੀ ਮਾਸਟਰ ਜੀ ਨੂੰ ਨਿਵਾਜਦਾ ਸੀ :

"ਸਭਸ ਦਾ ਪਿਆਰਾ, ਸਭਸ ਦਾ ਮੇਲੀ, ਮਿਤਰ, ਸੰਗੀ
ਦਿਲ ਦੀਆਂ ਦੇਵੇ, ਦਿਲ ਦੀਆਂ ਲਵੇ।
ਭਾਵੇਂ ਆਵੇ ਆਤਮ-ਬਲੀ, ਜਾਂ ਬੀਰ-ਦਇਆ,
ਜਾਂ ਨਿਰਧਨ ਨਿਹਾਲ
ਜੀਅ ਆਇਆਂ ਨੂੰ ਖਿੜੇ ਮੱਥੇ।
ਪੂਰਨ ਜੋਗੀ, ਪੂਰਨ ਤਪੱਸਵੀ,
ਪੂਰਨ ਜਤੀ, ਪੂਰਨ ਸੇਵਾਦਾਰ,
ਖੁਸ਼ੀਆਂ ਲੈਂਦਾ, ਖੁਸ਼ੀਆਂ ਵੰਡਦਾ,
ਖੁਸ਼ੀਆਂ ਵੰਡਾਂਦਾ, ਖੁਸ਼ੀਆਂ ਪੀਂਦਾ
ਮਾਰ ਗਿਆ ਉਡਾਰੀ ਅਰਸ਼ਾਂ ਵੱਲ,
ਚੰਨ ਤਾਰਿਆਂ ਤੋਂ ਪਰੇ,
ਅਰਸ਼-ਕੁਰਸ਼ ਸਭ ਨੀਵੇਂ, ਹੇਠਾਂ
ਵਿਛੜੇ ਮਾਹੀ ਦੇ ਚਰਨਾਂ ਨਾਲ ਲਿਪਟ ਗਿਆ।"[10]

ਸੰਤ ਕਰਮ ਸਿੰਘ ਹਿੰਮਤਪੁਰੀਏ ਦੇ ਸਾਰੇ ਜਥੇ ਦੇ ਸਿੰਘਾਂ ਦੇ ਰੇਸ਼ਮੀ ਬਸਤਰ ਪੈਰੀਂ ਤਿੱਲੇ ਦੇ ਕੱਢਵੇਂ ਜੋੜੇ। ਉਹ ਪੱਦੀ ਖਾਲਸਾ (ਜਲੰਧਰ) ਦੇ ਭਾਈ ਠਾਕੁਰ ਸਿੰਘ ਜੀ ਨਾਮਧਾਰੀ ਦੇ ਘਰ ਪਹੁੰਚਦੇ ਹਨ। ਠਾਕੁਰ ਸਿੰਘ ਜੀ ਲੰਗਰ ਦੀ ਅਰਜ਼ ਕਰਦੇ ਹਨ ਤਾਂ ਸੰਤਾਂ ਦਾ ਉਤਰ ਸੀ :

"ਅਜੇ ਲੰਗਰ ਦਾ ਭਾਈ ਹੁਕਮ ਨਹੀਂ ਲਗਦਾ ਤੇ ਨਾ ਹੀ ਦੇਗਾਂ ਦਾ। ਹੁਕਮ ਇਹ ਲਗਦਾ ਹੈ ਕਿ ਤੇਰੇ ਘਰ ਦੀ ਛੱਤ ਏਨੀ ਕਮਜ਼ੋਰ ਹੈ, ਘੁਣ ਖਾਧੀ ਹੈ ਕਿ ਇਸ ਤੋਂ ਕਿਸੇ ਵੇਲੇ ਵੀ ਖਤਰਾ ਹੈ। ਇਸ ਨੂੰ ਲਾਹੋ ਤੇ ਛੱਤ ਨਵੀਂ ਪੁਆਓ।" ਸੰਤਾਂ ਦੇ ਜਥੇ ਨੇ ਦਿਨ ਡੁੱਬਦੇ ਤੱਕ ਮਕਾਨ ਦੀ ਛੱਤ ਬਦਲ ਦਿੱਤੀ। ਕਰਮ ਸਿੰਘ ਜੀ ਸ਼ਬਦ ਦੇ ਸਹੀ ਅਰਥਾਂ ਵਿਚ ਕਰਮਯੋਗੀ ਸਨ। ਇਹ ਨਹੀਂ ਸੋਚਿਆ ਕਿ ਸਿੰਘਾਂ ਦੇ ਰੇਸ਼ਮੀ ਬਸਤਰ ਤੇ ਨਵੇਂ ਜੋੜੇ ਖਰਾਬ ਹੋਣਗੇ। ਸੇਵਾ ਨੂੰ ਤਰਜੀਹ ਦਿੱਤੀ।

ਸੰਤ ਆਲਾ ਸਿੰਘ ਜੀ ਪਿੰਡ ਵਰਨ (ਸ਼ੇਖੂਪੁਰਾ) ਦੇ ਸੋਹਲ ਸਿੰਘ ਵਿਰਕ ਪਿਤਾ ਤੇ ਮਾਤਾ ਇੰਦਰ ਕੌਰ ਦੇ ਘਰ ਪੈਦਾ ਹੋਏ ਸਨ। ਉਨ੍ਹਾਂ ਦਾ ਕਲਮੀ-ਚਿੱਤਰ ਮਾਸਟਰ ਜੀ ਇਉਂ ਖਿੱਚਦੇ ਹਨ :

"ਜੇਹਾ ਨਾਉਂ ਤੇਹਾ ਠਾਉਂ, ਕੁੰਦਨ ਵਰਗਾ ਰੰਗ, ਕੁੰਦਨ ਵਰਗਾ ਆਹਾਰ, ਕੁੰਦਨ ਵਰਗੀ ਕਾਰ, ਕੁੰਦਨ ਵਰਗੀ ਬਹਿਣੀ, ਕੁੰਦਨ ਵਰਗੀ ਕਹਿਣੀ, ਕੁੰਦਨ ਵਰਗਾ ਤਨ ਤੇ ਕੁੰਦਨ ਵਰਗਾ ਮਨ, ਸੰਤ ਉੱਚੇ ਲੰਮੇ, ਸੁਖਮ ਨੇਤਰ ਮਮੋਲਿਆਂ ਵਰਗੇ, ਦਰਸ਼ਨਾਂ ਨਾਲ ਭੁੱਖ ਲਹੇ, ਰਸਨਾ ਟੱਕ ਟੱਕ ਚੱਲਦੀ, ਭਜਨਬਾਣੀ ਦੇ ਆਸ਼ਿਕ, ਨਿਰਮਲ, ਨਿਰਕਪਟ, ਅੰਦਰੋਂ ਬਾਹਰੋਂ ਇਕੋ ਜੈਸੇ। ਬੋਲਦੇ ਤਾਂ ਜਾਣੋਂ ਮੁੱਖੋਂ ਫੁੱਲਾਂ ਦੀ ਵਰਖਾ ਹੋਵੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦੇ ਭੌਰੇ। ਜਦ ਤੋਂ ਸਤਿਗੁਰਾਂ ਦੇ ਚਰਨਾਂ ਨਾਲ ਜੁੜੇ, ਫੇਰ ਹੋਰ ਪਾਸੇ ਨਹੀਂ


Namdhari Elibrary NamdhariElibrary@gmail.com

ਝਾਕਿਆ। ਨੱਕ ਦੀ ਸੇਧ, ਸੱਜੇ ਨਹੀਂ ਤੱਕਿਆ, ਖੱਬੇ ਝਾਕਿਆ। ਸਾਦਿਕ, ਸ਼ਰਧਾਲੂ, ਹੁਕਮੀ ਬੰਦਾ, ਸਤਿਗੁਰਾਂ ਦੀ ਮੂਹਰਲੀ ਕਤਾਰ ਵਿਚ।"[12]

੧੯੭੬ ਬਿਕ੍ਰਮੀ ਦਾ ਹੋਲਾ ਮਹੱਲਾ ਵਰਨਾਂ ਵਿਖੇ ਹੋਇਆ ਜਦੋਂ ਹਿਸਾਬ ਕਿਤਾਬ ਕੀਤਾ ਤਾਂ ਬੁੱਧ ਸਿੰਘ ਬਜਾਜ ਚੂਹੜਕਾਣੇ ਦੀ ਮਾਇਆ ਹੋਲਾ ਪ੍ਰਬੰਧਕਾਂ ਵੱਲ ਨਿਕਲੀ। ਸੰਤ ਆਲਾ ਸਿੰਘ ਜੀ ਜਥੇ ਸਮੇਤ ਬੁੱਧ ਸਿੰਘ ਪਾਸ ਗਏ। ਉਹਨੂੰ ਕਿਹਾ "ਇਕ ਨੌਕਰ ਹਟਾ ਦੇ', ਉਹਦੇ ਹਿੱਸੇ ਦਾ ਕੰਮ ਤੇਰਾ ਅਸੀਂ ਕਰਾਂਗੇ। ਉਹ ਮੰਨੇ ਨਾ ਸੰਤਾਂ ਧੱਕੇ ਨਾਲ ਮਨਾ ਕੇ, ਮਹੀਨਾ ਭਰ ਉੱਥੇ ਰਹਿ ਕੇ, ਉਹ ਦੀ ਕਾਰ ਕਰ ਕੇ, ਹੋਲੇ ਦਾ ਲੇਖਾ ਸਾਫ ਕੀਤਾ। ਸੰਤ ਨਾਮ ਬਾਣੀ ਦੇ ਨਾਲ ਨਾਲ ਆਪਣੇ ਛਕਣ ਲਈ ਕਿਰਸਾਨੀ ਕਾਰ ਵੀ ਹੱਥੀਂ ਕਰਦੇ ਸਨ। ਇਸ ਤਰ੍ਹਾਂ ਦਾ ਅਮਲੀ ਜੀਵਨ ਵਿਰਲੇ ਸਾਧੂਆਂ ਦਾ ਸੀ। ਵੰਡ ਤੋਂ ਬਾਅਦ ਸੰਤਾਂ ਨੇ ਡੇਰਾ ਜੱਗ ਮਲੇਰਾ (ਸਿਰਸਾ) ਵਿਖੇ ਲਾਇਆ ਜਿਸ ਪਿੰਡ ਦਾ ਨਾਂ, ਸਤਿਗੁਰੂ ਪਰਤਾਪ ਸਿੰਘ ਜੀ ਨੇ ਸੰਤਾਂ ਦਾ ਡੇਰਾ ਹੋਣ ਕਾਰਨ ਇਥੇ, ਸੰਤ ਨਗਰ ਰੱਖ ਦਿੱਤਾ ਸੀ, ਜੋ ਹੁਣ ਪ੍ਰਚਲਿਤ ਹੈ। ਇਸੇ ਨਗਰ ਵਿਚ ੨੦੧੬ ਬਿਕ੍ਰਮੀ ਦੇ ਵੈਸਾਖ ਮਹੀਨੇ ਸੰਤ ਆਲਾ ਸਿੰਘ ਅਕਾਲ ਚਲਾਣਾ ਕਰ ਗਏ ਸਨ। ਬਾਬਾ ਸੁੰਦਰ ਸਿੰਘ ਫਰੀਦ ਤੇ ਸੰਤ ਹਰਬੰਸ ਸਿੰਘ 'ਠਾਕੁਰ ਜੀ' ਉਨ੍ਹਾਂ ਦੇ ਬਾਅਦ ਡੇਰਾ ਚਲਾਉਂਦੇ ਰਹੇ।

ਮਾਸਟਰ ਜੀ ਦੀ ਵਾਰਤਕ ਦੇ ਕੁਝ ਨਮੂਨੇ, ਉਸ ਦੀ ਵਿਸ਼ਾ ਵਸਤੂ ਵੇਖਣ ਬਾਅਦ ਹੁਣ ਉਨ੍ਹਾਂ ਦੀ ਕਵਿਤਾ ਉਪਰ ਝਾਤ ਪੁਆਉਣ ਦੀ ਕੋਸ਼ਿਸ਼ ਕਰਾਂਗੇ। ਕਿਉਂਕਿ ਮਾਸਟਰ ਜੀ ਅੰਗਰੇਜ਼ੀ ਸਾਹਿਤ ਦੇ ਗਿਆਤਾ ਸਨ, ਪੰਜਾਬੀ ਵਿਚ ਗਿਆਨੀ ਪਾਸ ਸਨ ਸੋ ਖੁੱਲ੍ਹੀ ਕਵਿਤਾ ਨੇ ਉਨ੍ਹਾਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਪਰ ਇਹ ਕਵਿਤਾ ਸਿਰਫ ਤੋਲ ਤੁਕਾਂਤ ਤੋਂ ਮੁਕਤ ਹੈ, ਰਸ ਲੈਅ ਅਤੇ ਸ਼ਬਦ ਸੁਹਜ ਤੋਂ ਮੁਕਤ ਨਹੀਂ। ਵਿਸ਼ਾ ਤਾਂ ਕਵਿਤਾ ਦਾ ਵੀ ਵਾਰਤਕ ਵਾਲਾ ਹੀ ਹੈ- ਗੁਰੂ ਮਹਿਮਾ। ਵਿਸ਼ੇਸ਼ ਕਰਕੇ ਇਸ ਕਵਿਤਾ ਵਿਚ ਜੋ "ਸੀਤਲਤਾ ਦਾ ਸਰੋਤ" ਪੁਸਤਕ ਵਿਚ ਰਚੀ ਗਈ ਹੈ ਠੰਢੀ ਮੂਰਤੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੀਆਂ ਝਾਕੀਆਂ ਮਨਮੋਹਕ ਅੰਦਾਜ਼ ਵਿਚ ਪੇਸ਼ ਕੀਤੀਆਂ ਗਈਆਂ ਹਨ। ਪੁਸਤਕ ਦੀ ਭੂਮਿਕਾ ਵਿਚ ਮਾਸਟਰ ਜੀ ਲਿਖਦੇ ਹਨ ਕਿ ਸ਼ਾਂਤ ਪਾਣੀਆਂ ਵਿਚ ਤਾਂ ਸਾਰੇ ਹੀ ਚੰਗੇ ਮੁਹਾਣੇ ਬਣ ਜਾਂਦੇ ਹਨ,ਪਰ ਝੱਖੜ ਤੁਫਾਨਾਂ ਵਿਚ ਦਿਲਗੁਰਦੇ ਵਾਲੇ ਹੀ ਹੌਂਸਲਾ ਕਰਕੇ ਅੱਗੇ ਵਧਦੇ ਹਨ। ਨਿਰਸੰਦੇਹ ਗੁਰੂ ਹਰੀ ਸਿੰਘ ਜੀ ਇਕ ਐਸੇ ਹੀ ਮੁਹਾਣੇ ਸਨ ਜਿਹਨਾਂ ਪੂਰੇ ਚੌਂਤੀ ਵਰ੍ਹੇ, ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਵਨ ਬਾਅਦ, ਨਾਮਧਾਰੀ ਫੁਲਵਾੜੀ ਨੂੰ ਹਰਾ ਭਰਾ ਰੱਖਿਆ। ਸ਼ਾਇਦ ਇਸੇ ਪ੍ਰਯੋਜਨ ਨੂੰ ਧਿਆਨ ਵਿਚ ਰੱਖ ਕੇ ਸਤਿਗੁਰੂ ਜੀ ਨੇ ਪ੍ਰਦੇਸ਼ ਤੋਂ ਭੇਜੇ ਹੁਕਮ ਨਾਮੇ ਵਿਚ ਸੰਗਤ ਨੂੰ ਤਾਕੀਦ ਕੀਤੀ ਸੀ ਕਿ ਇਸ ਨੂੰ ਸਿਰਕਰਤਾ ਜਾਨਣਾ, ਮੇਰੇ ਧੱਕੇ ਨੂੰ ਇਹ ਬਖਸ਼ ਦੇਵੇਗਾ, ਇਸ ਦੇ ਧੱਕੇ ਨੂੰ ਮੈਂ ਨਹੀਂ ਬਖਸ਼ ਸਕਾਂਗਾ ਅਤੇ ਹੁਣ ਇਸ ਦਾ ਨਾਉਂ ਬੁੱਧ ਸਿੰਘ ਦੀ ਥਾਂ ਹਰੀ ਸਿੰਘ ਕਰ ਕੇ ਲਿਆ ਜਾਵੇ. ਇਸ ਤਰ੍ਹਾਂ ਜਿਹੋ ਜਿਹਾ ਨਾਮ ਉਸ ਤਰ੍ਹਾਂ ਦਾ ਕੰਮ ਦੀ ਧਾਰਨਾ ਪੁਸ਼ਟ ਹੁੰਦੀ ਹੈ।

ਚੀਨੀ ਵਾਲੇ ਸਤਿਗੁਰੂ ਜੀ ਦੇ ਵਿਛੋੜੇ ਦੇ ਬਿਹਬਲ ਕਰਨ ਵਾਲੇ ਦ੍ਰਿਸ਼ਾਂ ਨਾਲ ਕਵਿਤਾ ਵਿਚ ਕਰੁਣਾਰਸ ਦਾ ਮਾਨੋਂ ਪ੍ਰਵਾਹ ਚੱਲ ਪਿਆ ਹੈ, ਜਦੋਂ ਛੋਟੇ ਭਾਈ ਬੁੱਧ ਸਿੰਘ ਵੱਡੇ ਭਰਾਤਾ ਨੂੰ ਕਹਿੰਦੇ ਹਨ ਕਿ ਤੁਹਾਡੀ ਥਾਂ ਅੰਗਰੇਜ਼ਾਂ ਵੱਲੋਂ ਪਰਚਾਰੇ ਗਏ, ਸਾਰੇ ਕੀਤੇ ਅਣਕੀਤੇ ਜੁਰਮਾਂ ਨੂੰ, ਮੈਂ ਆਪਣੇ ਸਿਰ ਲੈ ਲੈਂਦਾ ਹਾਂ, ਤੁਸੀਂ ਇਥੇ ਰਹਿ ਜਾਓ—

"ਕੁਰਲਾਹਟ ਮਚ ਗਈ/ ਭੈਣੀ ਦੀਆਂ ਗਲੀਆਂ ਅੰਦਰ
ਮਸਤਾਨੇ ਬਣ ਗਏ ਲੋਟਣ ਕਬੂਤਰ।
ਮਾਈਆਂ ਕਮਲੀਆਂ ਵਾਲ ਖੋਹਣ/ ਦੋ ਹੱਥੜੀ ਪਿੱਟਣ।
ਭਾਈ ਸ਼ੁਦਾਈ/ਕੂਕਣ-ਡੁਸਕੇ ਲੈਣ।
ਬੁੱਧ ਸਿੰਘ ਬੇਸੁੱਧ, ਮੂਰਛਾ/ਹਾੜੇ ਘੱਤੇ ਵੀਰੜੇ ਨੂੰ,
"ਮੈਂ ਜਾਂਦਾ ਹਾਂ ਤੇਰੇ ਥਾਂ,/ਮੈਂ ਲਵਾਂਦਾ ਹਾਂ ਬੇੜੀਆਂ/
ਸੰਗਤਾਂ ਦਿਆ ਵਾਲੀਆ! ਨ ਜਾਹ! ਨ ਜਾਹ!"[13]

ਅਲਾਹਬਾਦ ਦੇ ਕਿਲ੍ਹੇ ਵਿਚੋਂ ਵੀ ਅੰਗਰੇਜ਼ ਸਰਕਾਰ ਦੇ- ਤੁਹਾਡਾ ਡੇਰਾ ਕਿਸ ਨੂੰ ਸੌਂਪਿਆ-ਜਾਵੇ ਪੁੱਛਣ ਤੇ ਸਤਿਗੁਰੂ ਜੀ ਨੇ ਆਪਣੇ ਭਾਈ ਬੁੱਧ ਸਿੰਘ ਦਾ ਨਾਂ ਲਿਆ ਸੀ ਤੇ ਉਹ ਇਸ ਜ਼ਿੰਮੇਵਾਰੀ ਨੂੰ ਪ੍ਰਵਾਨ ਕਰਦੇ ਹਨ :

"ਬੁੱਧ ਸਿੰਘ ਆਸਰਾ ਲੈ/ਸੱਚੀ ਸਰਕਾਰ ਦਾ/ਠਿੱਲ ਪਿਆ।
ਜਾ ਹੱਥ ਪਾਏ ਚੱਪੂਆਂ ਤੇ/ਭੰਵਰੀਂ ਫਸੇ ਬੇੜੇ ਨੂੰ/
ਪਾਰ ਲਗਾਉਣ ਹਿਤ।"[14]

ਇਸ ਸਮੇਂ ਕੂਕਾ ਲਹਿਰ ਗ਼ੈਰ ਕਾਨੂੰਨੀ ਸੀ ਅਤੇ ਕੂਕਾ ਹੋਣਾ ਵੱਡਾ ਗੁਨਾਹ ਬਣ ਚੁੱਕਾ ਸੀ। ਸਭ ਆਪਣੇ-ਬਿਗਾਨੇ



Namdhari Elibrary NamdhariElibrary@gmail.com

ਕੂਕਿਆਂ ਦੇ ਲਹੂ ਦੇ ਤਿਹਾਏ ਸਨ। ਸਿੱਖ ਤਖਤਾਂ ਤੋਂ, ਕੂਕੇ ਸਿੱਖ ਨਹੀਂ, ਦੇ ਫਤਵੇ ਜਾਰੀ ਹੋ ਰਹੇ ਸਨ। ਕੂਕਿਆਂ ਨੂੰ ਉਨ੍ਹਾਂ ਦੇ ਘਰਾਂ ਵਿਚ ਵੀ ਅੱਧੀ ਅੱਧੀ ਰਾਤੀਂ ਉਠਾ ਕੇ, ਹਾਜ਼ਰੀ ਲੁਆ ਕੇ ਜਿਹਲਾਂ ਵਾਂਗੂੰ ਹੀ ਰੱਖਿਆ ਜਾ ਰਿਹਾ ਸੀ। ਜੇ ਕਿਸੇ ਪਿੰਡੋਂ ਕੂਕਾ ਲੰਘ ਜਾਂਦਾ, ਲੰਬੜਦਾਰਾਂ, ਚੌਕੀਦਾਰਾਂ, ਸਫੈਦਪੋਸ਼ਾਂ ਦੇ ਭਾ ਦੀ ਬਣ ਜਾਂਦੀ। ਉਹ ਇਸ ਹਾਦਸੇ ਨੂੰ ਦੁਬਾਰਾ ਵਾਪਰਨ ਤੋਂ ਰੋਕਣ ਲਈ ਕੂਕਿਆਂ ਦੇ ਪਿੱਛੇ ਸ਼ਿਕਾਰੀ ਕੁੱਤੇ ਲਾ ਦਿੰਦੇ। ਇਥੋਂ ਤੱਕ ਕਿ ਨਾਮਧਾਰੀਆਂ ਨੂੰ ਆਪਣੀਆਂ ਧਾਰਮਿਕ ਰਹੁ ਰੀਤਾਂ ਪੂਰੀਆਂ ਕਰਨ ਦੀ ਵੀ ਇਜਾਜ਼ਤ ਨਹੀਂ ਸੀ ਦਿੱਤੀ ਜਾ ਰਹੀ :

"ਕਰਾਵੇ ਪਾਠ ਕੋਈ/ਲਗਾਵੇ ਕੋਈ ਦੀਵਾਨ/
ਕਰਨ ਰੱਬ ਦੀ ਯਾਦ
ਬੱਸ! ਕਹਿਰ ਖ਼ੁਦਾ ਦਾ ਨਾਜ਼ਲ।
ਬਣਾ ਦੇਣ ਖੰਭਾਂ ਦੀਆਂ ਡਾਰਾਂ/ਪੇਸ਼ੀਆਂ ਮੁਕੱਦਮੇ
ਕਾਲੀਆਂ ਕੋਠੜੀਆਂ/ਸੀਖਾਂ ਵਾਲੇ ਪਿੰਜਰੇ
ਭੁੱਖੇ ਤਿਹਾਏ/ਵਿਹੜ ਲੈਣ ਬਿਨਾਂ ਪੁੱਛ ਗਿੱਛ।"[15]

ਸਤਿਗੁਰੂ ਰਾਮ ਸਿੰਘ ਜੀ ਦੀ ਪੁੱਤਰੀ ਬੀਬੀ ਨੰਦਾਂ, ਡੇਰੇ ਭੈਣੀ ਸਾਹਿਬ ਵਿਚ ਹੀ ਰਹਿੰਦੀ ਸੀ ਆਪਣੇ ਪਰਿਵਾਰ ਸਮੇਤ। ਉਸ ਦੀ ਆਦਤ ਸੀ ਗੁਰੂ ਹਰੀ ਸਿੰਘ ਜੀ ਨੂੰ ਮਾੜਾ ਬੋਲਣ ਦੀ। ਗੁਰੂ ਹਰੀ ਸਿੰਘ ਕਈ ਕਈ ਦਿਨ ਇਹ ਕਹਿ ਕੇ ਪ੍ਰਸ਼ਾਦ ਛਕਣ ਹੀ ਨਾ ਆਉਂਦੇ "ਮੈਨੂੰ ਵੇਖ ਕੇ ਕੁੜੀ ਔਖੀ ਹੋਵੇਗੀ"—

"ਨੰਦਾਂ ? ਛਿਬੀਆਂ ਦੇਵੇਂ/ਬੋਲ ਕੁਬੋਲ ਬੋਲੇ
"ਬਾਗਾਂ ਦੇ ਮਾਲੀ ਟੁਰ ਗਏ/ਤੋਤੇ ਕਰਨ ਬਹਾਰਾਂ"
ਸਭੋ ਸੁਣਿਆ ਅਣਸੁਣਿਆ/ਕਈ ਕਈ ਦਿਨ/
ਪ੍ਰਸ਼ਾਦ ਨਹੀਂ ਪਾਉਣਾ
ਗਲੀਓਂ ਨਹੀਂ ਲੰਘਣਾ/ਮਤੇ-ਕੁੜੀ ਔਖੀ ਹੋਵੇ।"[16]

ਲੁਧਿਆਣੇ ਦੇ ਪੁਲਿਸ ਕਪਤਾਨ ਵਾਰਬਰਟਨ ਦੀ ਮੇਮ ਤੋਂ, ਰੰਗੂਨ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਹੋਣ ਦਾ (ਗ੍ਰਿਫਤਾਰੀ ਤੋਂ ਚੋਖਾ ਚਿਰ ਬਾਅਦ) ਜਦੋਂ ਅਲਾਹਬਾਦ ਕਿਲ੍ਹੇ ਵਿਚੋਂ ਅੱਗੇ ਲੈ ਗਏ ਸਨ, ਕੂਕਿਆਂ ਨੂੰ ਪਤਾ ਨਹੀਂ ਸੀ ਲੱਗ ਰਿਹਾ ਆਪ ਕਿੱਥੇ ਹਨ) ਪਤਾ ਲੱਗਣ ਤੇ ਭਾਈ ਦਰਬਾਰਾ ਸਿੰਘ, ਰਾਇਪੁਰੀਆ, ਜੋ ਭੈਣੀ ਸਾਹਿਬ ਡੇਰੇ ਦਾ ਹੁਣ ਕਾਰ ਮੁਖਤਿਆਰ ਵੀ ਸੀ, ਭੇਸ ਬਦਲਕੇ ਰੰਗੂਨ ਪੁੱਜਦਾ ਹੈ ਤਾਂ ਦੋਵਾਂ ਵਿਚ ਇਉਂ ਵਾਰਤਾਲਾਪ ਹੁੰਦਾ ਹੈ :

"ਓਏ ਦਰਬਾਰਿਆ!
ਬੜੀਆਂ/ਟਾਹਰਾਂ ਮਾਰਿਆ ਕਰਦੇ ਸੋ?
ਭਾਲ ਨਾ ਕੀਤੀ ਗਵਾਚੀ ਵੱਛੀ ਜਿੰਨੀ ?
ਢੂੰਡਿਆ ਨਾ ਗੁਆਚੇ ਚੂਚੇ ਜਿੰਨਾ ?
ਡੁੱਲ੍ਹ ਪਇਆ ਦਰਬਾਰਾ/
" ਜਿਸ ਤਨ ਲਾਗੇ ਸੋ ਤਨ ਜਾਣੇ
ਕੀ ਦੱਸੀਏ ਕੀ ਭਾ ਵਿਕਦੀ ਏ ਕੂਕਿਆਂ ਨਾਲ
ਪੱਤਾ ਪੱਤਾ ਵੈਰੀ/ਪੋਰ ਪੋਰ ਠੇਡੇ
ਰੋਮ ਰੋਮ ਕੰਡੇ/ਰੋੜੇ ਪੱਥਰ ਹਨ ਕੂਕਿਆਂ ਦੇ ਰਾਹੀਂ
ਬੁੱਧ ਸਿੰਘ ਹੀ ਹੈ/ਸਿਰ ਡਾਹੀ ਜਾ ਰਹਿਆ।"[17]

ਫਿਰ ਬਹੁਤ ਸਾਰੇ ਕੂਕੇ ਭੇਸ ਬਦਲ ਕੇ ਰੰਗੂਨ ਗੁਰੂ ਦਰਸ਼ਨਾਂ ਨੂੰ ਜਾ ਰਹੇ ਹਨ। ਸਿਰਹਾਲੀ ਦਾ ਮੀਹਾ ਸਿੰਘ ਪੰਜਾਬੀ ਕਿਸਾਨ ਦੇ ਵੇਸ ਵਿਚ ਨੌਕਰੀ ਲੱਭਣ ਦੇ ਬਹਾਨੇ ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਪਾਸ ਪਕੜੇ ਜਾਣ ਤੇ ਪੜਤਾਲੀਏ ਅਫਸਰ ਨੂੰ ਕਹਿੰਦਾ ਹੈ-ਇਹੋ ਨੌਕਰੀ ਕਰਨੀ ਸੀ ਦਰਸ਼ਨ ਦੀਦਾਰਿਆਂ ਵਾਲੀ। ਹੁਣ ਤੁਸੀਂ ਆਪਣਾ ਕੰਮ ਕਰੋ। ਜਿਹਲ ਵਿਚ ਪੱਥਰ ਕੁੱਟਣ ਤੇ ਲਾ ਦਿੱਤਾ। ਫਲੌਰ ਤੋਂ ਨਰਾਇਣ ਸਿੰਘ, ਉਰਦੂ ਫ਼ਾਰਸੀ ਦਾ ਉਸਤਾਦ, ਮਦਰੱਸਾ ਬੰਦ ਕਰਕੇ, ਪਠਾਣੀ ਭੇਸ ਬਣਾ ਕੇ ਹਿੰਗ, ਜ਼ੀਰਾ, ਲੌਂਗ ਆਦਿ ਵੇਚਣ ਵਾਲਾ ਬਣ ਕੇ ਪੁੱਜ ਗਿਆ ਸੱਚੇ ਸ਼ਾਹ ਦੇ ਪਾਸ। 'ਅੰਬਰਸਰੀਆ ਮੁੰਡਾ ਸੱਦਾ ਸਿੰਘ, 'ਮੱਥੇ ਤਿਲਕ ਸੰਧੂਰੀ, ਉਪਰ ਤਿਲ ਚੌਲ ਜੜੇ'',"ਗੰਗਾ ਦੇ ਟੇਵਾ ਲਾਉਣ ਵਾਲੇ ਪਾਂਡੇ ਦੇ ਭੇਸ ਵਿਚ'ਮਾਰਤੰਡੇ ਜੋਤਸ਼ੀ' ਦੇ ਚਰਨਾਂ ਵਿਚ ਅੱਪੜ ਜਾਂਦਾ ਹੈ। ਇਸੇ ਤਰ੍ਹਾਂ ਹੀ ਭਗਵਾਨ ਸਿੰਘ ਅੜਬੰਗੀ ਵੀ, ਚਾਂਦੀ ਦਾ ਇਕ ਜਾਨਵਰ ਘੜਵਾ ਕੇ ਗਿਆ ਦਰਸ਼ਨਾਂ ਨੂੰ। ਇਤਿਹਾਸ ਇਹਨਾਂ ਬਾਰੀਕ ਵੇਰਵਿਆਂ ਲਈ ਮਾਸਟਰ ਨਿਹਾਲ ਸਿੰਘ ਜੀ ਦਾ ਰਿਣੀ ਰਹੇਗਾ। ਮਾਸਟਰ ਜੀ ਅੜਬੰਗੀ ਨੂੰ 'ਦੂਸਰਾ ਬਿਧੀ ਚੰਦ' ਅਤੇ 'ਗੁਰੂ ਕਾ ਪੂਰਾ ਸਿੱਖ' ਕਹਿ ਕੇ ਯਾਦ ਕਰਦੇ ਹਨ।

ਸਤਿਗੁਰੂ ਰਾਮ ਸਿੰਘ ਦੇ ਨਾਲ ਗੁਰੂ ਹਰੀ ਸਿੰਘ ਜੀ ਆਪਣੇ ਆਪ ਨੂੰ ਕਿਵੇਂ ਤੁਲਨਾਉਂਦੇ ਹਨ :

"ਚੀਨੀ ਵਾਲਾ ਸ਼ੇਰ ਬੱਗਾ/
ਉਹਦੀ ਭਬਕਾਰ ਹਿਲਾਵੇ ਲੰਦਨ ਦੀਆਂ ਕੰਧਾਂ
ਪੀਲੇ ਭੂਕ ਪੈ ਜਾਣ ਗੋਰੇ ਤੇ ਗੋਰੀਆਂ।
ਮੇਰਾ ਵਰਗ ਚੂਹੇ ਦਾ/ਮੈਂ ਕੁਤਰ ਦਾ ਹਾਂ ਜ਼ੜ੍ਹਾਂ
ਕੁਕਰਮ ਦੀਆਂ, ਕੁਧਰਮ ਦੀਆਂ/ਦਾਸਤਾ ਦੀਆਂ"

ਫਿਰ ਕਵੀ ਕਹਿੰਦਾ ਹੈ :

"ਇਸ ਦਾ ਸੀ ਉਹੋ ਨਕਸ਼ਾ,
ਉਹੋ ਮੰਜ਼ਿਲ। ਕੇਵਲ ਪੈਂਤੜੇ ਵਿਚ ਬਦਲੀ


Namdhari Elibrary NamdhariElibrary@gmail.com

ਇਸਦੇ ਸਾਹਮਣੇ ਸੀ ਨਵ-ਉਸਾਰੀ/
ਜ਼ਖ਼ਮੀਆਂ ਦੀ ਮਰਹਮਪੱਟੀ
ਖੇਰੂ ਖੇਰੂ ਤੀਲਿਆਂ ਨੂੰ ਇਕੱਠਾ ਕਰਨਾ।"[18]

ਮਾਸਟਰ ਜੀ ਅੱਗੇ ਚੱਲ ਕੇ ਕਹਿੰਦੇ ਹਨ ਕਿ ਅੰਗਰੇਜ਼ੀ ਸਮਾਨ ਦਾ ਬਾਈਕਾਟ ਕਰਨ ਕਰਕੇ, ਪੰਜਤਾਲੀ ਕਰੋੜ (ਰੁਪੈਆ) ਵਲੈਤ ਜਾਣੋਂ ਬਚਾਇਆ ਕੂਕਿਆਂ!"

ਗੁਰੂ ਹਰੀ ਸਿੰਘ ਜੀ ਦੇ ਸਮੇਂ ਨਾਮਧਾਰੀ ਸੂਬਾ ਬਿਸ਼ਨ ਸਿੰਘ, ਗੁਰਚਰਨ ਸਿੰਘ ਇਤਿਆਦਿਕ, ਰੂਸੀ ਇਲਾਕੇ ਵਿਚ ਫੇਰੀਆਂ ਪਾਉਂਦੇ ਰਹੇ ਸਨ। ਅੰਤਿਮ ਸਿੱਖ ਮਹਾਰਾਜਾ ਦਲੀਪ ਸਿੰਘ ਦੀ ਭਾਲ ਵਿਚ ਜਾਂਦੇ ਰਹੇ ਸਨ। ਰੂਸੀ ਸਰਕਾਰ ਨਾਲ ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ ਦਾ ਪੱਤਰਾਚਾਰ ਚੱਲਦਾ ਸੀ। ਦੁਸ਼ਮਣਾਂ ਦੇ ਦੁਸ਼ਮਣਾਂ ਨੂੰ ਲੱਭ ਕੇ ਮਿੱਤਰਾਂ ਵਾਲੇ ਕੰਮ ਕਰਨ ਬਾਰੇ ਸੋਚਿਆ ਜਾ ਰਿਹਾ ਸੀ। ਇਹ ਜ਼ਰੂਰੀ ਕਾਗਜ਼-ਪੱਤਰ ਫੜਨ ਲਈ ਅਧਿਕਾਰੀਆਂ ਨੇ ਛਾਪੇ ਮਾਰੇ। ਗੁਰੂ ਹਰੀ ਸਿੰਘ ਜੀ ਨੇ ਛਾਪੇ ਤੋਂ ਐਨ ਪਹਿਲਾਂ ਜ਼ਰੂਰੀ ਕਾਗਜ਼ਾਤ ਗੁਰੂ ਕੇ ਲੰਗਰ ਵਿਚ ਅਗਨ ਭੇਟ ਕਰ ਦਿੱਤੇ। ਅੰਗਰੇਜ਼ ਅਫਸਰਾਂ ਨੂੰ ਕੁਝ ਨਾ ਮਿਲਣ ਤੇ ਨਿੰਮੋਝੂਣੇ ਹੋਇਆਂ ਵੇਖ ਵਿਅੰਗਾਤਮਕ ਸ਼ੈਲੀ ਵਿਚ ਉਨ੍ਹਾਂ ਤੇ ਟਕੋਰ ਵੀ ਕੀਤੀ ਹੈ ਅਤੇ ਗੁਰੂ ਹਰੀ ਸਿੰਘ ਜੀ ਦੇ ਜੀਵਨ-ਦਰਸ਼ਨ ਦੀ ਵੀ ਕਵੀ ਜੀ ਦੇ ਸ਼ਬਦਾਂ ਵਿਚ ਥਾਹ ਪੁਆਈ ਗਈ ਹੈ :

"ਇਹ ਤੇਰਾ ਵਹਿਮ/ਅਸੀਂ ਭਜਨ ਬਾਣੀ ਕਰਦੇ
ਰੱਬ ਦੀ ਯਾਦ ਵਿਚ ਰਹਿੰਦੇ/ਦੂਜਿਆਂ ਪਾਸੋਂ ਕਰਾਉਂਦੇ
ਮੰਦਾ ਨਾ ਸੋਚਦੇ/ਮੰਦਾ ਨਾ ਕਰਦੇ
ਕਿਸੇ ਨੂੰ ਮੰਦਾ ਨਾ ਆਖਦੇ/ਸਾਡੀ ਇਕੋ ਅਰਦਾਸ
ਸਭੇ ਸੁਖੀ ਵੱਸਣ। ਸੱਭੇ ਰੱਜ ਕੇ ਖਾਣ।
ਨੰਗਾ ਭੁੱਖਾ ਕੋਈ ਨਾ ਰਹੇ/ਖੁੱਲ੍ਹ ਵਿਚ ਸੌਣ
ਖੁੱਲ੍ਹ ਵਿਚ ਉੱਠਣ/ਕੋਈ ਨਾ ਸਤੇ/ਕੋਈ ਨਾ ਸਤਾਏ
ਸਭ ਆਪਣੇ ਆਪਣੀ ਘਰੀਂ/ਆਪਣੀ ਨੀਂਦਰੇ ਸੌਣ
ਆਪਣੀ ਨੀਂਦਰ ਜਾਗਣ/ਦੁਖੀਆ ਕੋਈ ਨਾ ਰਹੇ।"[19]

ਨਾਮਧਾਰੀਆਂ ਵਿਚ ਗੁਰੂ ਰਾਮ ਸਿੰਘ ਦੀ ਜਲਾਵਤਨੀ ਬਾਅਦ ਬਹੁਤ ਸਾਰੇ ਕਰਾਮਾਤੀ ਸਾਧੂਆਂ ਦੀ ਪੂਜਾ ਹੋਣ ਲੱਗ ਪਈ ਸੀ। "ਉਸ ਸਮੇਂ ਬਾਬਾ ਸੁੱਧ ਸਿੰਘ ਮਚੌਰ, ਬਾਬਾ ਦੇਵਾ ਸਿੰਘ ਧੂੜਕੋਟ, ਬਾਬਾ ਗੰਡਾ ਸਿੰਘ ਇੱਬਣ ਤੇ ਬਾਬਾ ਸੇਮਾ ਸਿੰਘ, ਸੌਣ ਸਿੰਘ ਆਦਿ ਦੇ ਕਈ ਡੇਰੇ ਸਨ। ਇਹ ਗੁਰੂ-ਕਿਆਂ ਦੇ ਦਰਸ਼ਨ ਕਰਾ ਸਕਦੇ ਸਨ। ਮੀਂਹ ਪੁਆ ਸਕਦੇ ਸਨ। ਕਿਸੇ ਦੇ ਮੰਦੇ ਕਰਮ ਪ੍ਰਗਟ ਕਰ ਸਕਦੇ ਸਨ। ਉਨ੍ਹਾਂ ਦਾ ਬੜਾ ਮਾਣ ਪ੍ਰਤਾਪ ਸੀ। ਗੁਰੂ ਜੀ ਦੌਰਾ ਅਰੰਭਿਆ ਨਿਮਰਤਾ ਨਾਲ ਸਭ ਦੀ ਸੌਤਿਆ ਖਿੱਚ ਲਿਆਂਦੀ।"[20]

ਪੰਜਾਬੀ ਮਹਾਂ ਕਾਵਿ ਵਿਚ ਛੰਦ ਮੁਕਤ ਕਾਵਿ ਦਾ ਪ੍ਰਯੋਗ ਕਰਨ ਵਾਲਾ ਮਾਸਟਰ ਨਿਹਾਲ ਸਿੰਘ ਹੀ ਸ਼ਾਇਦ ਨਿਵੇਕਲਾ ਮਹਾਂਕਵੀ ਹੈ। ਉਨ੍ਹਾਂ ਦੀ ਭਾਸ਼ਾ ਦਾ ਟਕਸਾਲੀ-ਪਣ ਮੁਹਾਵਰਿਆਂ ਦੀ ਵਰਤੋਂ, ਦ੍ਰਿਸ਼ ਵਰਣਨ, ਪ੍ਰਕਿਰਤੀ ਚਿਤਰਣ, ਪਾਤਰ ਉਸਾਰੀ ਅਤੇ ਸੰਵਾਦ ਸਿਰਜਣਾ, ਰਚਨਾ ਦਾ ਪਾਠ ਕਰਦਿਆਂ ਪਾਠਕ ਨੂੰ ਉਬਾਊ ਨਹੀਂ ਬਣਾਉਂਦੀ।

ਸਾਰੀ ਉਮਰ ਜਿਸ ਵਿਅਕਤੀ ਦੀ ਕਲਮ, ਸੇਵਾ ਅਤੇ ਸਮਰਪਣ ਭਾਵਨਾ ਨਾਲ ਚੱਲਦੀ ਰਹੀ ਹੋਵੇ, ਉਸ ਦੀ ਕੀਰਤੀ ਸਮੇਂ ਸਥਾਨ ਦੇ ਬੰਧਨਾਂ ਦੀ ਮੁਹਤਾਜ ਨਹੀਂ ਹੋ ਸਕਦੀ। ਨਵੇਂ ਲੇਖਕਾਂ ਕਵੀਆਂ ਨੂੰ ਉਭਾਰਨ ਹਿਤ, ਇਲਾਕਾ ਜੀਵਨ ਨਗਰ ਦੇ ਲੰਮੇ ਕਿਆਮ ਸਮੇਂ ਸੰਤ ਤਰਨ ਸਿੰਘ ਵਹਿਮੀ ਅਤੇ ਪ੍ਰੀਤਮ ਸਿੰਘ ਕਵੀ ਜਿਉਂ ਉਨ੍ਹਾਂ ਨੂੰ ਵੀ ਪਰਸੰਨਤਾ ਹੋਇਆ ਕਰਦੀ ਸੀ। ਮਾਸਟਰ ਜੀ ਬਾਰੇ ਆਪਣੀ ਚਰਚਾ ਨੂੰ ਅਸੀਂ ਉਨ੍ਹਾਂ ਦੇ ਸੁਯੋਗ ਭਣੇਵੇਂ ਪ੍ਰੋ: ਸੁਖਬੀਰ ਸਿੰਘ 'ਗੁਲਾਟੀ' ਦੇ ਸ਼ਬਦਾਂ ਨਾਲ ਸਮੇਟਣ ਦੀ ਖੁਸ਼ੀ ਲਵਾਂਗੇ :

"ਮਾਸਟਰ ਨਿਹਾਲ ਸਿੰਘ ਜੀ ਦਾ ਵੱਡਪਣ ਮੈਂ ਇਸ ਗੱਲ ਵਿਚ ਮੰਨਦਾ ਹਾਂ ਕਿ ਉਨ੍ਹਾਂ ਨੇ ਕਦੀ ਵੱਡਾ ਬਣਨ ਦੀ ਕੋਸ਼ਿਸ਼ ਹੀ ਨਹੀਂ ਕੀਤਾ। ਉਨ੍ਹਾਂ ਦੀ ਅਸਧਾਰਨਤਾ ਵੀ ਇਸੇ ਗੱਲ ਵਿਚ ਹੈ ਕਿ ਉਹ ਸਦਾ ਸਧਾਰਨ ਬਣੇ ਰਹੇ। ਅੱਜ ਦੇ ਸਮੇਂ ਵਿਚ ਇਹ ਗੱਲ ਬਹੁਤ ਹੀ ਦੁਰਲੱਭ ਗੁਣ ਹੈ। ਅੱਜ ਦਾ ਯੁੱਗ ਤਾਂ ਗਲ-ਵੱਢ ਮੁਕਾਬਲੇਬਾਜ਼ੀ ਦਾ ਯੁੱਗ ਹੈ। ਮੁਕਾਬਲੇ ਦੀ ਇਸ ਦੌੜ ਵਿਚ ਹਰ ਬਸ਼ਰ ਜਿਵੇਂ ਵੀ ਹੋਏ ਦੂਜਿਆਂ ਨੂੰ ਪਿੱਛੇ ਛੱਡ ਕੇ ਅੱਗੇ ਲੰਘਣਾ ਚਾਹੁੰਦਾ ਹੈ। ਵੱਡਾ ਬਣਨਾ ਚਾਹੁੰਦਾ ਹੈ। ਵੱਡਾ ਬਣ ਨਾ ਸਕੇ ਤਾਂ ਵੱਡਾ ਦਿਸਣਾ ਚਾਹੁੰਦਾ ਹੈ... ਕਿਉਂਕਿ ਇਹ ਵਿਖਾਵੇ ਅਤੇ ਬਨਾਵਟ ਦਾ ਜ਼ਮਾਨਾ ਹੈ। ਸਾਡੇ ਵਿਚੋਂ ਬਹੁਤਿਆਂ ਨੇ ਆਪਣੇ ਚਿਹਰਿਆਂ ਤੇ ਮਖੌਟੇ ਪਾਏ ਹੋਏ ਹਨ। ਅਸੀਂ ਅੰਦਰੋਂ ਕੁਝ ਹੋਰ ਹਾਂ ਅਤੇ ਬਾਹਰੋਂ ਕੁਝ ਹੋਰ। ਪ੍ਰੰਤੂ ਮਾਸਟਰ ਨਿਹਾਲ ਸਿੰਘ ਜੀ ਬਾਹਰੋਂ ਤੇ ਅੰਦਰੋਂ ਬਿਲਕੁਲ ਇਕ ਸਨ। ਉਨ੍ਹਾਂ ਕੋਈ ਮੁਖੌਟਾ ਨਹੀਂ ਪਹਿਨਿਆ ਸੀ। ਉਨ੍ਹਾਂ ਦੀ ਸ਼ਖ਼ਸੀਅਤ ਹਮੇਸ਼ਾਂ ਪਾਰਦਰਸ਼ੀ ਹੁੰਦੀ ਸੀ, ਇਸ ਲਈ ਮੈਂ ਉਨ੍ਹਾਂ ਨੂੰ ਇਕ ਪ੍ਰਮਾਣੀਕ ਸ਼ਖ਼ਸੀਅਤ ਕਹਿੰਦਾ ਹਾਂ। ਇਕ ਪੂਰੀ ਤਰ੍ਹਾਂ ਪ੍ਰਮਾਣੀਕ ਨਾਮਧਾਰੀ ਸ਼ਖ਼ਸੀਅਤ।"



Namdhari Elibrary NamdhariElibrary@gmail.com

ਫੁੱਟ ਨੋਟ :

1. ਅਧੂਰੀ ਕਹਾਣੀ-ਨਿਹਾਲ ਸਿੰਘ-ਦਿੱਲੀ ੧੯੯੬ ਈ. ਸਫਾ ੮-੯
2. ਜੀਵਨ ਮੁਕਤਿ ਸੋ ਆਖੀਐ- ਹਰਪਾਲ ਸਿੰਘ ਸੇਵਕ (ਮਾਸਟਰ ਜੀ ਦੇ ਭੋਗ ਸਮੇਂ ਸ੍ਰੀ ਭੈਣੀ ਸਾਹਿਬ ਵਿਖੇ ਵੰਡਿਆ ਗਿਆ ਕਿਤਾਬਚਾ)
3. ਬਾਈਕਾਟ-ਨਿਹਾਲ ਸਿੰਘ-੧੯੬੩ ਈ.-ਸ੍ਰੀ ਜੀਵਨ ਨਗਰ, ਸਫਾ ੭-੮
4. ਉਹੀ, ਸਫਾ ੧੯-੨੦
5. ਉਹੀ, ਸਫਾ ੨੨
6. ਉਹੀ, ਸਫਾ ੩੯-੪੦
7. ਉਹੀ, ਸਫਾ ੪੨
8. ਉਹੀ, ਸਫਾ ੯੬-੯੭
9. ਰਤਨਮਾਲਾ-ਨਿਹਾਲ ਸਿੰਘ-ਦਿੱਲੀ-੧੯੮੫ ਈ. ਸਫਾ 12
10. ਉਹੀ, ਸਫਾ ੧੪
11. ਉਹੀ, ਸਫਾ ੩੫
12. ਉਹੀ, ਸਫਾ ੭੦
13. ਸੀਤਲਤਾ ਦਾ ਸਰੋਤ, ਨਿਹਾਲਸਿੰਘ, ਸ੍ਰੀ ਜੀਵਨ ਨਗਰ, ੧੯੬੩ ਈ. ਸਫਾ ੫੯
14. ਉਹੀ, ਸਫਾ ੬੨
15. ਉਹੀ, ਸਫਾ ੬੫-੬੬
16. ਉਹੀ, ਸਫਾ ੯੨
17. ਉਹੀ, ਸਫਾ ੯੯
18. ਉਹੀ, ਸਫਾ ੧੧੭
19. ਉਹੀ, ਸਫਾ ੧੩੨-੩੩
20. ਉਹੀ, ਸਫਾ ੧੮੩ ਦਾ ਫੁੱਟ ਨੋਟ
21. ਸਤਿਜੁਗ ਦਾ ਨਾਮਧਾਰੀ ਸਾਹਿਤਕਾਰ ਵਿਸ਼ੇਸ਼ ਅੰਕ, ਦਿੱਲੀ ੨੦੦੩ ਈ., ਸਫਾ ੧੦੭

ਕਰੀਵਾਲਾ (ਸਿਰਸਾ)
—੧੨੫੦੭੫
੨੩.੪.੨੦੦੫

## ਇਹ ਸਭ ਤੇਰੀ ਹੀ ਮਾਇਆ ਹੈ

*ਅਜੀਤ ਸਿੰਘ 'ਬੁਲੰਦ'*

ਕਿਆ ਕਰਤੇ ਖੇਲ ਰਚਾਇਆ ਹੈ।
ਇਹ ਸਭ ਤੇਰੀ ਹੀ ਮਾਇਆ ਹੈ।

ਜੋ ਹੱਕ ਦੀ ਖ਼ਾਤਿਰ ਲੜਦੇ ਰਹੇ
ਜੋ ਸਾਰ ਕਿਤਾਬਾਂ ਪੜ੍ਹਦੇ ਰਹੇ
ਤੇ ਸੱਚ ਦੇ ਪਾਸੇ ਖੜ੍ਹਦੇ ਰਹੇ
ਸਭ ਹੌਲੀ-ਹੌਲੀ ਝੜਦੇ ਰਹੇ
ਸੱਚਿਆਂ ਨੂੰ ਮੂਧਿਆਂ ਪਾ ਕੇ ਤੇ
ਝੂਠੇ ਦਾ ਕੰਮ ਬਣਾਇਆ ਹੈ।
ਇਹ ਸਭ ਤੇਰੀ ਮਾਇਆ ਹੈ।

ਕੈਸੇ ਵਿਦਵਾਨ ਬਣਾਏ ਨੇ
ਮੂਲੋਂ ਅਣਜਾਨ ਬਣਾਏ ਨੇ
ਜੋ ਕੁਰਸੀ ਉੱਤੇ ਬਿਠਾਏ ਨੇ
ਇਨ੍ਹਾਂ ਬੜੇ ਹੀ ਪੰਗੇ ਪਾਏ ਨੇ
ਜਿਸ ਵਿਧਾ ਦਾ ਰਤਾ ਵੀ ਗਿਆਨ ਨਹੀਂ
ਉਸ ਬਾਰੇ ਲੈਕਚਰ ਢਾਇਆ ਹੈ।
ਇਹ ਸਭ ਤੇਰੀ ਹੀ ਮਾਇਆ ਹੈ।

ਇਕ ਗੁਰੂ ਤੇ ਡੇਢਾ ਚੇਲਾ ਹੈ
ਇਕ ਨਿੰਮ ਤੇ ਦੂਆ ਕਰੇਲਾ ਹੈ
ਇਹ ਜੋੜ ਬੜਾ ਅਲਬੇਲਾ ਹੈ
ਪਰ ਸਾਡੇ ਲਈ ਝਮੇਲਾ ਹੈ
ਕਵਿਤਾ ਨੂੰ ਆਖੇ ਤੁੱਕਬੰਦੀ,
ਨਾਂ ਸਾਹਿਤਕਾਰ ਲਿਖਾਇਆ ਹੈ।
ਇਹ ਸਭ ਤੇਰੀ ਹੀ ਮਾਇਆ ਹੈ।

ਗੱਲ ਕਰਦਾ ਹੈ ਉਹ ਧਰਮਾਂ ਦੀ
ਨਾਲ ਗੱਲ ਕਰੇ ਉਹ ਕਰਮਾਂ ਦੀ
ਪਰ ਬਾਂਹ ਨਹੀਂ ਛੱਡਦਾ ਭਰਮਾਂ ਦੀ
ਉਹਨੇ ਧੋਚਤੀ ਪੱਟੀ ਸ਼ਰਮਾਂ ਦੀ
ਤਾ-ਉਮਰ ਧਰਮ ਦੀ ਖਾਂਦੇ ਰਹੇ
ਹੁਣ ਧਰਮ ਹੀ ਚੁੱਲ ਚੜ੍ਹਾਇਆ ਹੈ
ਇਹ ਸਭ ਤੇਰੀ ਹੀ ਮਾਇਆ ਹੈ।

ਮੇਰੀ ਭੁੱਲ ਚੁੱਕ ਦਾਤਾ ਮਾਫ਼ ਕਰੀਂ
ਸਭ ਗਿਲੇ ਤੇ ਸ਼ਿਕਵੇ ਮਾਫ਼ ਕਰੀਂ
ਨਾ ਕਿਸੇ ਨੂੰ ਮੇਰੇ ਖਿਲਾਫ਼ ਕਰੀਂ
ਮੈਨੂੰ ਮਾਫ਼ ਕਰੀਂ ਤੂੰ ਮਾਫ਼ ਕਰੀਂ
ਮੇਰੀ ਕਲਮ ਨੇ ਤਾਂ ਉਹ ਹੀ ਲਿਖਿਐ
ਜੋ 'ਬੁਲੰਦ' ਤੋਂ ਤੂੰ ਲਿਖਵਾਇਆ ਹੈ
ਇਹ ਸਭ ਤੇਰੀ ਹੀ ਮਾਇਆ ਹੈ

*ਐਨ.ਈ.229*
*ਮੁਹੱਲਾ ਥਾਪਰਾਂ, ਜਲੰਧਰ*



Namdhari Elibrary NamdhariElibrary@gmail.com

ਕਿਸ਼ਤ ਨੰ: ੨

# ਯਾਤਰਾ ਦੱਖਣ ਦੇਸ਼ ਦੀ

*—ਸਾਧੂ ਸਿੰਘ ਕਿਸਾਨ*

੩੦-੧੨-੦੪ ਅੱਜ ਏਹ ਨੌਂ ਨਾਥਾਂ ਦੀ ਟੋਲੀ, ਸਾਰੇ ਦਿਨ ਜੋਗਾ ਲੰਗਰ, ਲੋਹੜ ਮਾਰ ਕੇ , ਇਕ 'ਕੁਐਲਿਸ' 'ਤੇ ਸਵਾਰ ਹੋ ਕੇ 'ਮੈਸੂਰ ਨੂੰ ਰਵਾਨਾ ਹੋਈ। ਥੋੜ੍ਹੀ ਹਿੰਦੀ ਬੋਲਣ ਸਮਝਣ ਵਾਲਾ ਡਰਾਈਵਰ, ਮੰਗ ਕੇ ਲੈ ਲਿਆ। ਮਦਰਾਸ-ਬੰਗਾਲ ਵਾਂਗੂੰ ਏਥੇ ਵੀ ਲੋਕ ਆਪਣੀ ਬੋਲੀ ਵਿਚ ਹੀ ਗੱਲ ਕਰ ਕੇ ਮਾਣ ਮਹਿਸੂਸ ਕਰਦੇ ਨੇ। ਰਸੂਲ ਹਮਜ਼ਾਤੋਵ ਦੇ ਕਹਿਣ ਮੁਤਾਬਿਕ ਪਤਾ ਨਹੀਂ ਪੰਜਾਬੀਆਂ ਨੂੰ ਕਿਹਦੀ ਦੂਰ ਅਸੀਸ ਲੱਗੀ ਨਹੀਂ, ਚੰਬੜ ਗਈ ਏ, ਜਿਦ੍ਹੇ ਅਸਰ ਹੇਠ, ਇਹ ਆਪਣੀ ਮਾਂ ਬੋਲੀ ਦਾ ਤ੍ਰਿਸਕਾਰ ਕਰਨ ਤੇ ਤੁਲੇ ਹੋਏ ਨੇ। ਇਕ ਜਣਾ ਅੱਗੇ ਬਹਿ ਕੇ ਚਾਲਕ ਤੋਂ, ਰਸਤੇ 'ਚ ਪੈਂਦੇ ਬਨ ਉਪਬਨਾਂ ਦੀ ਜਾਣਕਾਰੀ ਲੈ ਰਿਹਾ ਸੀ, ਕਰੀਬ ਡੇਢ ਸੌ ਕਿਲੋਮੀਟਰ ਦਾ ਸਫਰ ਤਿੰਨ ਘੰਟਿਆਂ ਵਿਚ ਸਮਾਪਤ ਹੋ ਗਿਆ, ਮੈਸੂਰ ਪੁੱਜ ਕੇ ਸਭ ਤੋਂ ਪਹਿਲਾਂ ਜੰਗਿ-ਆਜ਼ਾਦੀ ਦੇ ਇਕ ਅਨੋਖੇ ਤਲਵਾਰ ਧਨੀ 'ਟੀਪੂ ਸੁਲਤਾਨ ਦਾ, ਮਿਸਮਾਰ ਹੋਇਆ, ਮਹੱਲ ਵੇਖਣਾ ਚਾਹਿਆ। ਢਹਿ ਢੇਰੀ ਹੋਏ ਘਰ ਦੁਆਲੇ ਕੰਡੇਲੀ ਤਾਰ ਵਲ ਕੇ ਇਕ ਹਥਿਆਰਬੰਦ ਪਹਿਰੇਦਾਰ ਖਲਿਹਾਰਿਆ ਹੋਇਆ ਏ ਅਤੇ ਹਿੰਦੀ ਅੰਗ੍ਰੇਜ਼ੀ ਵਿਚ, ਸੰਖੇਪ ਤੇ ਅਧੂਰੀ ਜਹੀ ਜਾਣਕਾਰੀ ਦੇ ਬੋਰਡ ਵੀ ਲਾਏ ਹੋਏ ਨੇ। ਮੈਂ ਥੋੜ੍ਹਾ ਉੱਚੇ ਥਾਂ ਖੜੋ ਕੇ, ਗੋਰਿਆਂ ਦੀ ਕਾਲੀ ਕਰਤੂਤ ਵੇਖ, ਠੰਢੇ ਹੌਕੇ ਭਰ ਕੇ ਵਾਪਸ ਮੁੜ ਆਇਆ, ਦਰੋ-ਦੀਵਾਰ ਕਿਸ ਤਰ੍ਹਾਂ ਕਮੀਨਤਾ ਨਾਲ ਕਰੂਪ ਕੀਤੇ ਗਏ ਨੇ, ਸੋਚ ਕੇ ਦਿਲ ਵਿਚ ਗੁੱਸੇ ਦਾ ਗੁਬਾਰ ਉੱਠ ਖੜਾ ਹੋਇਆ, ਜਤਨ ਕੀਤਿਆਂ ਵੀ ਕੋਈ ਮੁਕੰਮਲ ਇਤਿਹਾਸਕ ਪੁਸਤਕ ਹੱਥ ਨਾ ਲੱਗੀ,

ਮੈਸੂਰ, ਦਾ ਮਸ਼ਹੂਰ ਖੁੱਲ੍ਹਾ ਡੁੱਲ੍ਹਾ ਲਾਲ ਬਾਗ਼, ਵੇਖਣ ਲੱਗਿਆਂ ਅਜੇ ਹੋਰ ਬਹੁਤ ਕੁਝ ਫਿਰ ਕੇ ਵੇਖਣਾ ਹੈ, ਸੋਚ ਕੇ ਅਧੂਰਾ ਜਿਹਾ ਚੱਕਰ ਲਾ ਕੇ ਮੁੜਨ ਵਾਲੇ ਸਾਂ ਕਿ ਇਕ ਨੇ ਉੱਚੇ ਲੰਮੇ ਸਰੂ, ਵੱਲ ਵੇਖ ਕੇ ਆਖਿਆ, ਦੱਸੋ! ਕਿੰਨਾ ਉੱਚਾ ਹੋਇਗਾ ? ਆਦਤ ਮੁਤਾਬਕ ਬਹਿਸ ਮੁਬਾਹਸੇ ਬਾਅਦ, ਅਕਬਰ-ਬੀਰਬਲ ਦੇ ਫਾਰਮੂਲੇ ਨੂੰ ਲਾਗੂ ਕੀਤਾ ਗਿਆ ਅਤੇ ਦੋ ਸੌ ਫੁੱਟ ਮਿਥ ਕੇ, ਚਮੁੰਡਾ ਦੇਵੀ ਦੇ ਦਰਸ਼ਨਾਂ ਨੂੰ ਚਾਲੇ ਪਾ ਲਏ, ਮੈਸੂਰ ਦੇ ਬਾਹਰ ਵਾਰ ਇਕ ਅੱਤ ਉੱਚੀ ਪਹਾੜੀ ਦੇ ਚੱਕਰ ਕੱਟਦਿਆਂ, ਸਿਖ਼ਰ 'ਤੇ, ਪਹਿਲੋਂ ਇਕ ਨੀਲੇ ਰੰਗ ਦੇ ਦਾਨਵ ਦੀ ੨੦-੨੫ ਫੁੱਟ ਉੱਚੀ, ਭਿਆਨਕ ਮੂਰਤੀ ਲੜਨ ਵਾਸਤੇ ਆਮਾਦਾ ਨਜ਼ਰੀਂ ਪੈਂਦੀ ਏ। ਹੱਥ ਵਿਚ ਪੁਰਾਤਨ ਕਿਸਮ ਦਾ ਖੜਗ ਵੇਖ ਕੇ ਦਿਲ ਦਹਿਲ ਜਾਂਦਾ ਏ। ਉਸ ਤੋਂ ਅੱਗੇ ਖੁੱਲ੍ਹੇ ਮੈਦਾਨ ਦੇ ਇਕ ਪਾਸੇ ਭੀੜਾ ਜਿਹਾ ਬਾਜ਼ਾਰ 'ਤੇ ਫਿਰ ਚਮੁੰਡਾ ਦੇਵੀ ਦਾ ਪੁਰਾਤਨ ਸ਼ੈਲੀ ਦਾ ਭਵਿਆ ਮੰਦਿਰ, ਸ਼ਰਧਾਲੂਆਂ ਦੀ ਅਪਾਰ ਭੀੜ ਵੇਖ, ਇਕ ਮੱਥਾ ਟੇਕ ਆਏ ਨੂੰ ਪੁੱਛਿਆ, ਅੰਦਰ ਕਿਹੋ ਜਹੀ ਮੂਰਤੀ ਏ ? ਕਹਿਣ ਲੱਗਾ, ਹਨੇਰੇ ਵਿਚ ਕੁਝ ਚੰਗੀ ਤਰ੍ਹਾਂ ਦਿਸਦਾ ਨਹੀਂ, ਪਿੰਡੀ ਰੂਪ 'ਚ ਦੇਵੀ ਬੈਠੀ ਹੈ, ਵੈਸ਼ਨੋਂ ਦੇਵੀ ਵਾਲੀਆਂ ਪਿੰਡੀਆਂ ਚਿਤਾਰ ਕੇ ਦਰਸ਼ਨਾਂ ਦਾ ਉਤਸ਼ਾਹ ਉੱਡ ਗਿਆ, ਵਾਪਸੀ 'ਤੇ ਕਈ ਜਣੇ ਕੈਮਰੇ ਵਿਚ ਰੀਲ ਪਵਾਣ ਖਲੋ ਗਏ। ਮੈਂ ਇਕ ਨਵੀਨ ਕਿਸਮ ਦੇ ਮੰਦਿਰ ਸਾਹਮਣੇ ਲੱਗੀ ਫੁਲਵਾੜੀ 'ਚ ਬੈਠ ਗਿਆ, ਅੰਦਰੋਂ ੨੦ ਕੁ ਸਾਲ ਦਾ ਗੋਰਾ ਜਿਹਾ ਸਫ਼ੇਦ ਵਸਤਰ ਧਾਰੀ ਪੰਡਿਤ ਮੇਰੇ ਲਾਗੇ ਆ ਖੜੋਤਾ, ਜਿਸ ਨੇ ਬੜੇ ਔਖ ਨਾਲ ਕਰਨਾਟਕੀ-ਸੰਸਕ੍ਰਿਤ ਵਿਚ ਟਾਂਵੇਂ ਹਿੰਦੀ ਸ਼ਬਦ ਘਸੋੜ ਕੇ ਮੈਨੂੰ ਅੰਦਰੋਂ ਮੰਦਰ ਵੇਖਣ ਵਾਸਤੇ ਬੇਨਤੀ ਕੀਤੀ, ਦੀਵਾਰਾਂ 'ਤੇ ਚੰਗੇ ਮੰਦੇ ਕਰਮਾਂ ਕਰ ਕੇ, ਸਵਰਗ-ਨਰਗ ਵਿਚ ਜਾ ਪੈਣ ਦੇ ਦ੍ਰਿਸ਼ ਚਿੱਤਰੇ ਹੋਏ ਸਨ, ਜਾਂ ਮਾਨਸ ਜਨਮ ਤੋਂ ਜੂਨਾਂ ਵਿਚ ਪੈ ਜਾਣ, ਤੇ ਫਿਰ ਬੜੀ ਔਖ ਨਾਲ ਬੰਦਾ ਬਣ ਜਾਣ ਦੇ ਚਿੱਤਰ ਬੜੇ ਕਲਾਤਮਕ ਢੰਗ ਨਾਲ ਸਜਾਏ ਹੋਏ ਸਨ। ਮੈਂ ਸੰਸਕ੍ਰਿਤੀ ਮਿਲੀ ਹਿੰਦੀ, ਚਿੱਤਰਾਂ ਹੇਠਲੀ ਬੜੀ ਸਰਲਤਾ ਨਾਲ ਪੜ੍ਹਨ ਲੱਗ ਪਿਆ ਤਾਂ ਉਹ ਵੀ ਸਹਿਜ ਭਾ ਨਾਲ ਜਨਮਾਂਤਰਾਂ ਦੇ ਗੇੜ ਤੋਂ ਬਚਣ ਵਾਸਤੇ ਮੈਨੂੰ ਪ੍ਰੇਰਨ ਲੱਗ ਪਿਆ ਕਿ ਸਾਡੇ ਕੋਲ ਆ ਕੇ ਹੀ ਇਕ ਈਸ਼ਵਰ ਵਿਚ ਲੀਨ ਹੋਇਆ ਜਾ ਸਕਦਾ ਏ, ਪਰ ਜਦੋਂ ਮੈਂ ਉਹਨੂੰ ਦੱਸਿਆ ਕਿ ਮੈਨੂੰ ਪੂਰਾ ਸਤਿਗੁਰੂ ਮਿਲ ਗਿਆ ਹੈ, ਅਤੇ ਮੈਂ ਇਸ ਦੁਨੀਆ 'ਤੇ ਪਹਿਲੀ ਵਾਰੀ ਆਇਆ ਹਾਂ, ਪਰ ਦੂਸਰੀ ਵਾਰ ਔਣ ਦਾ ਕੋਈ ਵਿਚਾਰ ਨਹੀਂ ਹੈ, ਤਾਂ ਉਹ ਅਵਾਕ ਮੇਰੇ ਮੂੰਹ ਵੱਲ ਵਿਹੰਦਾ ਰਹਿ ਗਿਆ।

ਪਹਾੜੀ ਤੋਂ ਉੱਤਰਦਿਆਂ ਕਈ ਮੋੜਾਂ 'ਤੇ ਮੈਸੂਰ ਇੰਜ ਲਗਦਾ ਜਿਵੇਂ ਮਕਾਨਾਂ-ਮੁਹੱਲਿਆਂ ਦਾ ਕਿਸੇ ਅੰਞਾਣ ਨੇ ਛੱਟਾ ਦੇ ਦਿੱਤਾ ਹੋਵੇ, ਕਿਤੇ ਵਿਰਲਾ, ਕਿਤੇ ਸੰਘਣਾ।

ਥੱਕ ਹਾਰ ਕੇ ਸ਼ਾਮ ਨੂੰ, ਗੀਤਾਂ ਦੇ ਤਾਲ ਨਾਲ ਨੱਚਦੇ ਰੰਗੀਨ ਸੁੰਦਰ ਫੁਹਾਰਿਆਂ ਦੇ ਦੀਦਾਰ ਕਰਨ ਦਾ ਟਾਈਮ ਪੁੱਛਿਆ, ਪਤਾ ਲੱਗਾ ਸੱਤ ਵਜੇ ਤੋਂ ਪਹਿਲਾਂ ਨਹੀਂ। ਗੱਡੀ



Namdhari Elibrary NamdhariElibrary@gmail.com

ਖਲ੍ਹਾਰ ਕੇ, ਪੈਦਲ ਜਾਣ ਲੱਗਿਆਂ ਰਸਤੇ 'ਚ ਇਕ ਹੋਰ ਅਜੂਬਾ ਨਜ਼ਰ ਆ ਗਿਆ, ਦੂਰੋਂ ਇਸ ਤਰ੍ਹਾਂ ਜਾਪਿਆ ਜਿਵੇਂ ਕੋਈ ਲੱਕੜ ਦੀਆਂ ਲੱਤਾਂ ਉਤੇ ਖਲੋਤਾ ਹੋਵੇ, ਜਾਂ ਉੱਚੇ ਥਾਂ ਤੇ ਹੋਇਗਾ। ਨੇੜੇ ਜਾਂ ਕੇ ਜਦੋਂ ਉਹਦੇ ਪੈਰਾਂ ਵੱਲ ਵੇਖਿਆ, ਉਂਗਲਾਂ ਅੰਗੂਠਾ ਤੇ ਨਹੁੰ ਸਾਰੇ ਅਸਲੀ ਹੀ ਸਨ, ਕੋਈ ਵਿਦੇਸ਼ੀ ਗਰੀਬੜਾ ਜਿਹਾ ਆਪਣੇ ਨਾਲ ਫ਼ੋਟੋ ਖਿਚਵਾਣ ਦੇ, ਦਸ ਰੁਪਏ ਫੋਟੋ ਲੈ ਰਿਹਾ ਸੀ। ਫਿਰ ਵੀ ਉਹਦੇ ਦੁਆਲੇ ਕਿਰਾਏ ਦੇ ਕੈਮਰਿਆਂ 'ਤੇ ਨਿੱਜੀ ਵਾਲਿਆਂ ਦਾ ਵੀ ਝੁਰਮਟ ਪਿਆ ਹੋਇਆ ਸੀ। ਅਸਾਂ ਵੀ ਆਪਣੇ ਚੋਂ ਲੰਮੇ ਛੇ ਫੁੱਟ ਨੂੰ ਓਹਦੇ ਕੋਲ ਖਲ੍ਹਾਰਿਆ ਤਾਂ ਉਹ ਵੀ ਪੂਰੇ ਦੋ ਫੁੱਟ ਨੀਵਾਂ ਰਹਿ ਗਿਆ, ਚਾਰ ਪੰਜ ਫੁੱਟ ਲੰਮੀ ਪਤਲੀ ਸੋਟੀ ਵੀ ਉਸ ਨੇ ਹੱਥ ਵਿਚ ਫੜੀ ਹੋਈ ਸੀ, ਜੇ ਕੋਈ ਕੈਮਰੇ ਵਾਲਾ ਦੂਰੋਂ ਹੁਸ਼ਿਆਰੀ ਕਰਦਾ ਜਾਪਦਾ ਤਾਂ ਇਕ ਕਦਮ, ਤੇ ਸੋਟੀ ਕੈਮਰੇ ਤੇ ਟਿਕ ਜਾਂਦੀ, ਵਾਹਵਾ ਸ਼ੁਗਲ ਮੇਲਾ ਬਣਿਆ ਹੋਇਆ ਸੀ ਤੇ ਉਹਦੀ ਰੋਜ਼ੀ ਦਾ ਜੁਗਾੜ ਬਣੀ ਜਾਂਦਾ ਸੀ।

ਸ਼ਾਮ ਵੇਲਾ ਹੋ ਗਿਆ, ਥੋੜ੍ਹਾ ਅੱਗੇ ਜਾ ਕੇ ਵੇਖਿਆ। ਡੈਮ, ਦੇ ਪਰਛਾਵੇਂ ਨਿੱਕੀਆਂ ਕਿਆਰੀਆਂ ਦੀ ਸ਼ਕਲ 'ਚ ਅਨੇਕਾਂ ਪਾਰਕਾਂ ਦੁਆਲੇ ਫੁਹਾਰੇ ਲਾ ਕੇ, ਵਧੀਆ ਬਹਿਣ ਥਾਵਾਂ ਬਣਾਈਆਂ ਹੋਈਆਂ ਸਨ। ਨੱਚਦੇ ਰੰਗੀਨ ਫੁਹਾਰਿਆਂ ਦੀ ਉਡੀਕ ਵਿਚ ਬਹੁਤ ਟੋਲੀਆਂ ਫਿਰਦੀਆਂ ਕੁਝ ਬੈਠੀਆਂ ਸਨ। ਜਦੋਂ ਉਤਾਂਹ ਡੈਮ ਦੀ ਉਚਾਈ ਵੱਲ ਧਿਆਨ ਮਾਰਿਆ ਕਿ ਮਾੜੀ ਜਹੀ ਛੇੜ ਨਾਲ ਹੀ ਜਲ ਥਲ ਹੋ ਸਕਦਾ ਹੈ। ਅਚਾਨਕ ਹੀ ਕਿਸੇ ਕਹਿ ਦਿੱਤਾ ਕਿ ਲਾਈਟ ਸਿਸਟਮ ਖਰਾਬ ਹੋਣ ਕਰ ਕੇ, ਅੱਜ ਫ਼ੱਵਾਰੇ ਨਹੀਂ ਚੱਲਣ ਗੇ। ਵਿਰਲੇ ਟਾਂਵੇ ਦਰਸ਼ਕ ਖਿਸਕਣੇ ਸ਼ੁਰੂ ਹੋ ਗਏ। ਅਸਾਂ ਸੋਚਿਆ ਕਿ ਚੱਲ ਕੇ ਜਗ੍ਹਾ ਤਾਂ ਵੇਖ ਆਵੀਏ। ਅਸਲ ਟਾਇਮ ਤੋਂ ਘੰਟਾ ਕੁ ਬਾਦ ਫੱਵਾਰੇ ਚਾਲੂ ਹੋ ਗਏ, ਤੁਰਨ ਲੱਗਿਆਂ ਮੇਰੇ ਵਰਗੇ ਕਈ ਚੀਚਕ ਮਾਰਨ ਵਾਲੇ ਤਾਂ ਬੇੜੀਆਂ 'ਤੇ ਬੈਠ ਕੇ ਗਏ। ਸਫਰ ਵੀ ਪਾਰਕਾਂ ਤੋਂ ਮੀਲ ਕੁ ਦੂਰ ਹੈਗਾ ਸੀ। ਪਰ ਅਸੀਂ ਤਾਂ ਦੋਹਰੇ ਬਣੇ ਹੋਏ ਪੁਲਾਂ ਰਸਤੇ ਹੀ ਪਹੁੰਚ ਗਏ। ਭੀੜ ਇਤਨੀ ਕਿ ਤਿਲ ਧਰਨ ਜੋਗੀ ਥਾਂ ਨਹੀਂ ਸੀ। ਸਾਨੂੰ ਬਹੁਤ ਈ ਚਿੱਟੇ ਚਿੱਟੇ ਵੇਖ ਕੇ , ਮੁੰਡਿਆਂ ਦੀ ਇਕ ਟੋਲੀ ਨੇ ਆਪ ਉੱਠ ਕੇ ਸਾਨੂੰ ਪੌੜੀਆਂ 'ਤੇ ਬਿਠਾ ਲਿਆ, ਅਸਾਂ ਉਨ੍ਹਾਂ ਚੰਗੇ ਨੌਜਵਾਨਾਂ ਦਾ ਬਹੁਤ ਹੀ ਧੰਨਵਾਦ ਕੀਤਾ।

ਆਮ ਜਗਦੀਆਂ ਲਾਈਟਾਂ ਬੰਦ ਕਰ ਕੇ ਫ਼ਿਲਮੀ ਸੰਗੀਤ ਸ਼ੁਰੂ ਕੀਤਾ ਗਿਆ। ਫਿਰ ਇਕ ਖ਼ਾਸ ਥਾਂ 'ਤੋਂ ਅਨੇਕਾਂ ਫ਼ੱਵਾਰੇ ਉੱਚੇ ਹੋਣੇ ਸ਼ੁਰੂ ਹੋ ਗਏ, ਜਿਨ੍ਹਾਂ ਦੇ ਹੇਠੋਂ ਕਈ ਰੰਗਾਂ ਦੀਆਂ ਲਾਈਟਾਂ ਨੇ ਜਗਣਾ-ਬੁਝਣਾ ਸ਼ੁਰੂ ਕਰ ਦਿੱਤਾ। ਗੀਤ ਦੇ ਤਾਲ ਤੇ ਕਦੀ ਫ਼ੱਵਾਰੇ ਕਿਤੇਂ ਉੱਚੇ ਕਿਤੇਂ ਨੀਵੇਂ ਹੋਣ, ਕਦੀ ਏਸ ਤਰ੍ਹਾਂ ਝੁੰਮਰ ਪਾਣ ਜਿਵੇਂ ਕੋਈ ਬਹੁਤ ਵੱਡੇ ਘੱਗਰੇ ਵਾਲੀ ਨਾਚੀ ਫੇਰੀ ਪਾ ਰਹੀ ਹੋਵੇ। ਗੀਤ ਜਦੋਂ ਬਦਲ ਜਾਏ ਰੋਸ਼ਨੀਆਂ ਤੇ ਝੁੰਮਰ ਵੀ ਬਦਲ ਜਾਣ। ਇਸ ਅਨੋਖੇ ਨਾਚ ਨੇ ਪਤਾ ਹੀ ਨਾ ਲੱਗਣ ਦਿੱਤਾ ਕਦੋਂ ਦੋ ਘੰਟੇ ਬੀਤ ਗਏ ਨੇ, ਕਈ ਜਾਣਕਾਰਾਂ ਨੇ ਪਹਿਲਾਂ ਈ ਉੱਠਣਾ ਸ਼ੁਰੂ ਕਰ ਦਿੱਤਾ। ਪਈ ਫੇਰ ਭੀੜ ਵਿਚ ਹੇਠ ਉੱਤੇ ਡਿੱਗਦੇ ਫਿਰਾਂਗੇ। ਗੱਡੀ ਕੋਲ ਆਏ ਤਾਂ ਸੁਚੇਤ ਡਰਾਈਵਰ ਤਿਆਰ ਬੈਠਾ ਸੀ, ਰਾਤ ਸਾਢੇ ਬਾਰਾਂ ਡੇਰੇ ਪੁੱਜੇ ਤਾਂ ਗੁਰਦੇਵ ਸਿੰਘ ਸੋਧੀ, ਗਰਮਾ ਗਰਮ ਲੰਗਰ ਸਣੇ ਉਪਸਥਿਤ ਪਾਇਆ, ਅਸੀਂ ਧੰਨ ਸਤਿਗੁਰੂ ਜਗਜੀਤ ਸਿੰਘ ਤੇ ਬੱਲੇ ਤੇਰੇ ਸੋਧੀਆ ਦੇ ਨਾਅਰਿਆਂ ਨਾਲ ਰੱਜ ਕੇ ਲੰਗਰ ਛਕਣ ਬਾਦ, ਬਿਰਾਜਣ 'ਚ ਕੋਈ ਢਿੱਲ ਨਾ ਕੀਤੀ।

ਅੱਜ ਦੋ ਹਜ਼ਾਰ ਚਾਰ ਦਾ ਅਖੀਰਲਾ ਦਿਨ ਹੈ, ਖਿੜਦੀ ਫਾਰਮ ਵਿਚ ਠਾਕੁਰ ਜੀ ਨਾਲ ਫ਼ੋਟੋ ਖਿਚਾ, ਪਿਛਲੇ ਪਹਿਰ ਗੁਰਦੇਵ ਸਿੰਘ ਸੋਧੀ ਸਮੇਤ ਸਾਰੇ ਬੰਗਲੌਰ ਪਹੁੰਚੇ, ਸ਼ਹਿਰ ਵਿਚ ਥੋੜਾ ਫਿਰ ਤੁਰ ਕੇ ਕੁਝ ਖਰੀਦਦਾਰੀ ਕੀਤੀ। ਮਤਲਬ ਆਪਣੇ ਤੇ ਬੋਝ ਲੱਦਣਾ ਸ਼ੁਰੂ ਕੀਤਾ। ਇਕ ਨੇ ਆਖਿਆ ਮੈਂ ਕਿਲੋ ਕੁ ਨਿੱਕੀਆਂ ਲਾਚੀਆਂ ਲੈਣੀਆਂ ਨੇ ਤਾਂ ਸਾਰਿਆਂ ਨੇ ਹੀ ਲੈ ਲਈਆਂ। ਇਕ ਨੇ ਕਿਹਾ ਕਾਲੀ ਮਿਰਚ ਏਥੇ ਸਸਤੀ ਏ ਤਾਂ ਸਾਰਿਆਂ ਨੇ ਹਾਂ ਕਰ ਦਿੱਤੀ। ਰਾਤ ਨੂੰ ਯਾਰਾਂ ਵਜੇ ਮਸਾਂ ਈ ਗਯਾ ਵਾਲੀ ਗੱਡੀ 'ਤੇ ਚੜ੍ਹ ਸਕੇ, ਰਿਜ਼ਰਵ ਹੋਣ ਕਰ ਕੇ ਸੀਟਾਂ ਮਿਲ ਗਈਆਂ, ਨਹੀਂ ਤੇ ਭੁੰਇ ਬਿਸਤਰੇ ਹੀ ਲਾਣੇ ਪੈਂਦੇ। ਨਵੇਂ ਸਾਲ ਦੀ ਆਮਦ ਕਰ ਕੇ ਭੀੜ ਦਾ ਪਾਰਾਵਾਰ ਨਹੀਂ ਸੀ, ਅਸੀਂ ਤਾਂ ਬੱਸ ਇਤਿਫ਼ਾਕਨ ਹੀ ਫਸ ਗਏ ਸਾਂ, ਜਦੋਂ ਕਿ ਆਮ ਲੋਕ ਉਚੇਚੇ ਨਵਾਂ ਸਾਲ ਗਯਾ ਜਾ ਕੇ ਚੜ੍ਹਦਾ ਵੇਖਣ ਵਾਸਤੇ ਜਾ ਰਹੇ ਸਨ। ਦੋ ਹਜ਼ਾਰ ਪੰਜ ਦਾ ਪਹਿਲਾ ਦਿਨ, ਰਸਤੇ 'ਚ ਪੈਂਦੇ ਲੌਂਡਾ ਜੰਕਸ਼ਨ ਤੇ ਚੜ੍ਹਿਆ, ਜਿਥੋਂ ਗਯਾ ਲਈ ਗੱਡੀ ਬਦਲਣ ਵਾਸਤੇ ਰੁਕਣਾ ਪਿਆ। ਪਲੇਟ ਫਾਰਮ ਤੇ ਫਿਰਦਿਆਂ ਬੁੱਕ ਸਟਾਲ ਤੋਂ ਰਾਣੀ ਝਾਂਸੀ, ਰਾਣਾ ਪਰਤਾਪ, ਟੀਪੂ ਸੁਲਤਾਨ ਅਤੇ ਹਿਟਲਰ ਪੁਸਤਕਾਂ ਖਰੀਦੀਆਂ। ਏਥੇ ਮੇਰੀ ਕਿਸੇ ਵੀ ਰੀਸ ਨਾ ਕੀਤੀ। ਇਹ ਬੋਝ ਮੇਰਾ ਸਾਰਿਆਂ ਨਾਲੋਂ ਵੱਖਰਾ ਸੀ, ਉਂਜ ਇਸੇ ਪੱਜ ਮੈਂ ਵੀ ਅਗਲੀਆਂ ਖਰੀਦਦਾਰੀਆਂ ਵਿਚ ਪਾਸਾ ਵੱਟ ਜਾਂਦਾ ਰਿਹਾ। ਲੌਂਡਾ ਜੰਕਸ਼ਨ ਤੋਂ ਗਯਾ ਵਾਸਤੇ ਰੇਲਵੇ ਲਾਈਨ ਦੇ ਦੋਹੀਂ ਪਾਸੀਂ ਬੜੇ ਅਜਬ ਕਿਸਮ ਦੇ ਨਜ਼ਾਰੇ ਨਜ਼ਰੀਂ ਪਏ, ਤਾਜ਼ੀ ਹਰਿਆਵਲ ਏਨੀ ਜਿਵੇਂ ਬਸੰਤੀ ਮੌਸਮ ਹੋਵੇ। ਇਕ ਅਸਲੋਂ ਕਾਲਾ ਪਹਾੜ ਆਇਆ, ਜਿਦ੍ਹੀ ਹਰਿਆਵਲ ਵੀ



Namdhari Elibrary NamdhariElibrary@gmail.com

ਆਮ ਨਾਲੋਂ ਕਾਲੀ ਭੈਅ ਮਾਰਦੀ ਜਾਪੇ। ਏਥੇ ਲੰਗੂਰ ਵੀ ਕਾਲੇ ਤੇ ਨਿੱਕੇ ਨਿੱਕੇ। ਇਸ ਰਸਤੇ ਵਿਚ ਸੋਲਾਂ ਸਤਾਰਾਂ ਨਿੱਕੀਆਂ ਵੱਡੀਆਂ ਸੁਰੰਗਾਂ ਆਈਆਂ। ਕਾਲੇ ਪਹਾੜ ਤੋਂ ਅੱਗੇ ਫਿਰ ਓਹੋ ਬਸੰਤ, ਤਾਜ਼ੀਆਂ ਕੋਂਪਲਾਂ ਅਤੇ ਕੁਝ ਦੁਰਲੱਭ ਕਿਸਮ ਦੇ ਲੰਮ ਸਲੰਮੇਂ ਫੁੱਲ ਵੇਖੇ ਜੋ ਹੋਰ ਕਿਤੇ ਨਜ਼ਰ ਨਹੀਂ ਆਏ। ਜਾਂਦਿਆਂ ਖੱਬੇ ਹੱਥ ਬਹੁਤ ਉੱਚੇ ਪਹਾੜ ਤੋਂ ਇਕ ਵੱਡੀ ਜਲ ਧਾਰਾ ਹੇਠਾਂ ਆ ਰਹੀ ਸੀ, ਜਿਵੇਂ ਸ਼ਿਵਾ ਦੇ ਸੀਸ ਚੋਂ ਗੰਗਾ ਉੱਤਰਦੀ ਪਈ ਹੋਵੇ। ਉਸ ਇਲਾਕੇ ਦੇ ਲੋਕ ਇਸ ਨੂੰ 'ਦੁਧ ਸਾਗਰ' ਕਹਿੰਦੇ ਨੇ, ਜਦੋਂ ਸੱਜੇ ਪਾਸੇ ਡੂੰਘੀ ਵੱਡੀ ਖੱਡ ਤੋਂ ਪਾਰ ਧਿਆਨ ਕੀਤਾ ਓਧਰ ਵੀ ਇਸੇ ਤਰ੍ਹਾਂ ਦੀ ਇਕ ਨਿਰਮਲ ਜਲ ਧਾਰੀ ਵਹਿ ਰਹੀ ਸੀ। ਦਿਲ ਕਰੇ ਕਿਸੇ ਸਟੇਸ਼ਨ 'ਤੇ ਉੱਤਰ ਕੇ ਦੋ ਚਾਰ ਦਿਨ ਬਾਅਦ ਫਿਰ ਅੱਗੇ ਚਲੇ ਜਾਣ ਬਾਰੇ ਸੋਚ ਲਵਾਂਗੇ, ਇਉਂ ਜਾਪੇ ਨਵਾਂ ਸਾਲ ਇਥੇ ਹੀ ਸ਼ੁਰੂ ਹੋ ਗਿਐ ਤੇ ਹੋਇਆ ਵੀ ਇੰਜ ਹੀ।

ਦਿਨੇਂ ਦੋ ਵਜੇ ਵਾਸਕੋ-ਦ-ਗਾਮਾ, ਸਟੇਸ਼ਨ ਤੇ ਉੱਤਰੇ ਇਕ ਵੈਨ ਕਰ ਕੇ ਪਰਵਾਸੀ ਹੋਟਲ ਵਿਚ ਸਾਮਾਨ ਧਰ ਕੇ ਉਸੇ ਵੈਨ ਵਿਚ ਪਣਜੀ ਵੇਖਣ ਚਲੇ ਗਏ, ਵੱਡੇ ਉੱਚੇ ਪੁਲਾਂ ਨਾਲ ਕਈ ਨਿੱਕੇ ਵੱਡੇ ਟਾਪੂਆਂ ਨੂੰ ਜੋੜ ਕੇ 'ਗੋਆ, ਨਾਮ ਦਾ ਪ੍ਰਦੇਸ਼ ਵੱਸਿਆ ਹੋਇਆ ਏ, ਇਸ ਦੀ ਰਾਜਧਾਨੀ ਅੱਤ ਹਰਾ ਭਰਾ ਟਾਪੂ ਪਣਜੀ, ਬਣਾਇਆ ਗਿਆ ਹੈ। ਏਥੇ ਉਚੇ ਕਿਲ੍ਹੇ ਵਿਚ ਅੰਡਰ ਗਰਾਉਂਡ ਜੇਲ੍ਹ ਵੇਖ ਕੇ ਚੇਤਾ ਆਇਆ ਕਿ ਚਾਰਲਸ, ਏਥੋਂ ਕਿਵੇਂ ਨਿਕਲ ਜਾਏਗਾ। ਅੰਗਰੇਜ਼ਾਂ ਨੇ ਭਾਰਤੀਆਂ ਵਾਸਤੇ ਕਿਤਨੇ ਭਿਆਨਕ ਕੈਦਖਾਨੇ ਬਣਾ ਰੱਖੇ ਸਨ, ਕਲਾ ਮੂੜ ਬੀਚ 'ਤੇ ਬੈਠ ਕੇ, ਗੁਰਦੇਵ ਸਿੰਘ ਸੋਧੀ ਵਲੋਂ ਤਿਆਰ ਕਰਾ ਕੇ ਲਿਆਂਦੇ ਹੋਏ ਪਰੌਠੇ ਛਕਣ ਦਾ ਬੜਾ ਅਨੰਦ ਆਇਆ। ਮੈਂ ਤੇ ਭਾ ਇਕਬਾਲ ਦੋਵੇਂ ਚਹੁੱਤਰੇ ਪੰਝਤਰੇ ਤਾਂ ਰੇਤ ਵਿਸ਼ਰਾਮ ਕਰ ਕੇ ਅਨੰਦ ਮਾਣਦੇ ਰਹੇ। ਬਾਕੀ ਫਿਰ ਤੁਰ ਕੇ ਮੇਲਾ ਵੇਂਹਦੇ ਰਹੇ।

ਕਰੀਬ ਸੌ ਕੁ ਬੰਦਿਆਂ ਵਾਸਤੇ ਕੁਰਸੀਆਂ ਲਾ ਕੇ ਬਹਿਣ ਜੋਗੇ ਕਈ ਬੇੜੇ ਬਣਾ ਕੇ, ਪ੍ਰਬੰਧਕਾਂ ਨੇ ਆਮਦਨ ਦਾ ਵਸੀਲਾ ਬਣਾਇਆ ਹੈ। ਇਕ ਘੰਟਾ ਸਮੁੰਦਰੀ ਸੈਰ ਦੀ ਸੌ ਰੁਪਿਆ ਟਿਕਟ ਰੱਖੀ ਹੈ ਜੋ ਅਡਵਾਂਸ ਬੁਕਿੰਗ ਰਹਿੰਦੀ ਹੈ। ਬੇੜੇ ਦੇ ਇਕ ਸਿਰੇ ਤੇ ਸਟੇਜ ਬਣਾਈ ਹੋਈ ਹੈ, ਜਿਦੇ 'ਤੇ ਚਾਰ ਕੁੜੀਆਂ ਛੇ ਕੁ ਮੁੰਡੇ ਵਾਰੀ ਵਾਰੀ ਗੌਂਦੇ ਹਨ। ਸੈਲਾਨੀਆਂ ਦੇ ਪ੍ਰਦੇਸ਼ ਦਾ ਨਾਂਅ ਪੁੱਛ ਕੇ ਉਥੋਂ ਦੇ ਗੀਤ ਵੀ ਸੁਣਾ ਦਿੰਦੇ ਹਨ। ਕਈ ਦਰਸ਼ਕ ਵੀ ਸਟੇਜ 'ਤੇ ਗੌਣ ਵਾਸਤੇ ਚਲੇ ਜਾਂਦੇ ਹਨ। ਕਈ ਵਾਰੀ ਕਲਾਕਾਰ ਤੇ ਸ੍ਰੋਤੇ ਦਾ ਭਿੰਨ ਭੇਦ ਮਿਟ ਜਾਂਦਾ ਹੈ ਅਤੇ ਸਾਰੇ ਹੀ ਨੱਚਣ ਗੌਣ ਲੱਗ ਪੈਂਦੇ ਨੇ, ਪਰ ਅਨਾਊਂਸਰ ਕਿਸੇ ਨੂੰ ਹੌਲਾ ਗਾਣਾ ਜਾ ਹੋਛੀ ਹਰਕਤ ਨਹੀਂ ਕਰਨ ਦਿੰਦਾ। ਪਰਵਾਸੀ, ਹੋਟਲ ਵਿਚ ਆ ਕੇ ਰਾਤ ਨੂੰ ਪਤਾ ਲੱਗਾ ਕੱਲ੍ਹ ਨੂੰ ਸੰਤ ਫ਼ਰਾਂਸਿਸ ਦੀ ਡੌਂਡਬਾਡੀ ਜੋ ਹਰ ਦਸ ਵਰ੍ਹੇ ਬਾਅਦ ਵਿਖਾਈ ਜਾਂਦੀ ਹੈ, ਇਕ ਖ਼ਾਸ ਚਰਚ ਵਿਚ ਵਿਖਾਈ ਜਾਵੇਗੀ। ਵੈਨ ਲੈ ਕੇ ਸਾਜਰੇ ਪਹੁੰਚ ਗਏ ਪਰ ਨਿਰਾਸ਼ਤਾ ਹੀ ਹੱਥ ਲੱਗੀ। ਪੁੱਛਦਿਆਂ ਇਕ ਹਿੰਦੀ ਬੋਲਣ ਵਾਲੇ ਦੱਸਿਆ, ਸਿਰਫ਼, ਨਵੇਂ ਸਾਲ ਦੇ ਪਹਿਲੇ ਦਿਨ ਹੀ ਵਿਖਾਂਦੇ ਹਨ। ਹੋਰ ਜਾਣਕਾਰੀ ਤੋਂ ਉਸ ਨੇ ਵੀ ਇਨਕਾਰ ਕੀਤਾ, ਸੰਤ ਦੇ ਜੀਵਨ ਬਾਰੇ ਹਿੰਦੀ ਵਿਚ ਕੋਈ ਕਿਤਾਬ ਨਾ ਮਿਲੀ। ਦੋ ਹਜ਼ਾਰ ਪੰਦਰਾਂ ਦੀ ਪਹਿਲੀ ਜਨਵਰੀ ਦਾ ਇਕਰਾਰ ਕਰਕੇ ਵਾਪਸ ਮੁੜ ਆਏ।

ਇਸ ਤੋਂ ਬਾਅਦ ਦੱਖਣੀ ਗੋਆ ਕਲੂਆ ਬੀਚ ਵੇਖਣ ਚੱਲੇ। ਰਸਤੇ 'ਚ ਲਤਾ ਮੰਗੇਸ਼ਕਰ ਵੱਲੋਂ ਬਣਵਾਇਆ ਹੋਇਆ 'ਮੰਗੇਸ਼-ਮੰਦਿਰ ਵੇਖਿਆ। ਸੰਗਮਰਮਰ ਤੇ ਸ਼ੀਸ਼ੇ ਦੀ ਅਥਾਹ ਵਰਤੋਂ ਕੀਤੀ ਗਈ ਹੈ, ਪਰ ਬਾਅਦ ਏਨੀ ਬੇਧਿਆਨੀ ਕੀਤੀ ਜਾ ਰਹੀ ਏ ਕਿ ਸ਼ੀਸ਼ੇ ਦੇ ਬੜੇ ਸੁੰਦਰ ਸਜੇ ਹੋਏ ਫੁੱਲ ਧੂੜ ਧੂੰਏਂ ਨਾਲ ਗੰਦੇ ਹੋ ਕੇ ਬੇਰੌਂਬ ਹੋਏ ਪਏ ਨੇ। ਮੈਨੂੰ ਪੁਜਾਰੀਆਂ ਤੇ ਸੇਵਕਾਂ ਦੀ ਧਾੜ ਫਿਰਦੀ ਵੇਖ ਬੜਾ ਰੰਜ ਆਇਆ। ਕਈਆਂ ਨੂੰ ਪੁੱਛਿਆ ਹਰ ਕੋਈ ਆਖੇ ਹਮ ਤੋਂ ਸੇਵਕ ਨੌਕਰ ਹੈਂ ਜ਼ਿੰਮੇਵਾਰੀ ਨਹੀਂ। ਸਾਥੀਆਂ ਦੇ ਰੋਕਦਿਆਂ ਵੀ ਮੁਖ ਪ੍ਰਬੰਧਕ ਦੇ ਸਾਹਮਣੇ ਜਾ ਬੈਠਾ। ਪਹਿਲਾਂ ਉਸ ਨੇ ਬੜਾ ਆਦਰ ਭਾਵ ਵਿਖਾਇਆ। ਜਦੋਂ ਪੰਜਾਹ ਕਿਲੋ ਤੱਕ ਦੇ ਬਲੌਰੀ ਫੁੱਲ, ਛੱਤ ਨਾਲ ਲਟਕਦੇ, ਧੁਆਂਖੇ ਹੋਇਆਂ ਦੀ ਗੱਲ ਕੀਤੀ, ਉਹਦਾ ਮੂੰਹ ਵੀ ਓਵੇਂ ਹੀ ਲਟਕ ਗਿਆ—ਅਜੀ ਕਾਮ ਕਰਨੇ ਕੋ ਕਿਸੀ ਕਾ ਜੀ ਨਹੀਂ ਚਾਹਤਾ। ਕਿਤੇ ਬਹੁਤ ਸ਼ਰਮਸਾਰੀ ਨਾਲ ਰੋਣ ਹੀ ਨਾ ਲੱਗ ਜਾਏ ਸੋਚ ਕੇ ਮੈਂ ਵੀ ਉੱਠ ਕੇ ਆ ਗਿਆ।

ਗੋਆ ਦੇ ਗਲੀਆਂ ਬਾਜ਼ਾਰਾਂ ਵਿਚ ਵਿਦੇਸ਼ੀ ਸਾਮਾਨ ਵਿਕਦਾ ਵੇਖ ਖਾਲਸੇ ਨੇ ਹੱਲਾ ਕਰ ਦਿੱਤਾ। ਸ਼ਾਮ ਦੇ ਦੋ ਘੰਟੇ ਟਾਰਚਾਂ ਟੇਪ ਰਿਕਾਰਡਰ ਵਗੈਰਾ ਪਤਾ ਨਹੀਂ ਕਿੰਨਾ ਕੁਝ ਖਰੀਦ ਕੇ, ਝੋਲੇ ਭਰ ਲਏ, ਰਾਤ ਡੇਰੇ ਜਾ ਕੇ ਜਦੋਂ ਦੁਬਾਰਾ ਟੈਸਟ ਕਰਨ ਲੱਗੇ, ਕਿਸੇ ਦਾ ਕੁਝ ਵਿਗੜਿਆ ਹੋਇਆ ਸੀ, ਕਿਸੇ ਦਾ ਕੁਝ। ਕਈ ਤਾਂ ਉਸੇ ਵੇਲੇ ਤੱਤੇ ਘਾ ਵਟਾਣ ਚੱਲੇ ਗਏ। ਕਈ ਦਿਨੇਂ ਵੇਖੀ ਜਾਏਗਾ ਕਹਿ ਕੇ ਟਿਕੇ ਰਹਿ ਗਏ।

ਮੈਸੂਰ ਦੇ ਚਮੁੰਡਾ ਦੇਵੀ ਧਰਮ ਸਥਾਨ ਤੋਂ ਕੈਮਰੇ ਵਿਚ ਜਿਹੜੀ ਰੀਲ ਪਵਾਈ ਸੀ ਫੋਟੋ ਪੂਰੀਆਂ ਹੋਈਆਂ ਜਾਣ ਕੇ ਜਦੋਂ ਧੁਆਣ ਵਾਸਤੇ ਦਿੱਤੀ, ਅਜੋਕੇ ਧਰਮ ਵਾਂਗ ਅਸਲੋਂ ਸਾਫ਼ ਨਿਕਲੀ! ਖੁੱਲ੍ਹ ਕੇ ਹੱਸਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ!! 'ਅੰਨਪੂਰਨਾ, ਹੋਟਲ 'ਚੋਂ ਦੱਖਣ ਭਾਰਤੀ ਵਧੀਆ



Namdhari Elibrary NamdhariElibrary@gmail.com

ਵੈਸ਼ਨੋ ਖਾਣਾ ਖਾ ਕੇ, ਦਿਨੇ ਦੋ ਵਜੇ ਵਾਸਕੋ ਤੋਂ ਵਾਪਸੀ ਰੇਲ 'ਤੇ ਚੜ੍ਹ ਕੇ ਅਗਲੇ ਦਿਨ ਫਿਰ ਬੰਗਲੌਰ ਬਿਦਾਦੀ ਪੁੱਜ ਗਏ। ਸਵੇਰੇ ਸਾਡੇ ਇਸ਼ਨਾਨ ਪਾਣੀ ਕਰਦਿਆਂ ਨੂੰ ਗੁਰਦੇਵ ਸਿੰਘ ਨੇ ਲੰਗਰ ਤਿਆਰ ਦਾ ਆਵਾਜ਼ਾ ਦੇ ਦਿੱਤਾ, ਦੋ ਦਿਨ ਕੜਾਹ ਪ੍ਰਸਾਦ ਤੋਂ ਪਕੌੜਿਆਂ ਤਕ, ਖੱਟੇ ਰੰਗ ਦੇ ਮਿੱਠੇ ਖਰਬੂਜੇ ਤਰਬੂਜ਼ਾਂ ਦੀਆਂ ਡੰਝਾਂ ਲਾਹੀਆਂ।

ਇਕ ਦਿਨ ਡੇਰੇ ਵਿਚ ਇਕ ਨੌਜਵਾਨ ਸੁੰਦਰ ਡਰੈਵਰ ਨਿਸ਼ਾਨ ਸਿੰਘ ਨੇ ਲੰਗਰ ਕੀ ਛਕਾਇਆ, ਹੱਥ ਕੰਨੀਂ ਲਵਾ ਦਿੱਤੇ। ਵੱਡੇ ਮੇਜ਼ 'ਤੇ ਏਨੇ ਪਦਾਰਥ ਪਰੋਸੇ, ਪਤਾ ਨਾ ਲੱਗੇ ਕਿੱਧਰੋਂ ਸ਼ੁਰੂ ਕਰੀਏ ? ਇੱਕ ਨੇ ਸਵੇਰ ਦਾ ਨਾਸ਼ਤਾ ਹੀ ਸਾਰੇ ਦਿਨ ਜੋਗਾ ਕਰਾ ਦਿੱਤਾ। ਨਿਸ਼ਾਨ ਸਿੰਘ ਨੇ ਜਦੋਂ ਸਾਰਿਆਂ ਦੀ ਜਾਣਕਾਰੀ ਚਾਹੀ ਤਾਂ ਮੈਂ ਆਪਣੇ ਤੇ ਛੋਟੇ ਵੀਰ ਬਲੀ ਸਿੰਘ ਬਾਰੇ ਕਿਹਾ ਕਿ 'ਅਸੀਂ ਦੋਵੇਂ ਭਾਈ ਹਾਂ ਅਤੇ ਬਾਕੀ ਸਪਤ ਰਿਸ਼ੀ ਮੇਰੇ ਬੱਚਿਆਂ ਦੀ ਸਵਰਗ ਵਾਸਿਨੀ ਮਾਤਾ ਦੇ ਭਾਈ ਹਨ।

ਮੈਂ ਇਕ ਦਿਨ ਆਖਿਆ, ਉਸਤਾਦ ਸ੍ਰੀ ਮਹਿੰਦਰ ਸਿੰਘ ਜੀ ਤੋਂ ਅੱਜ ਗੀਤ ਗ਼ਜ਼ਲਾਂ ਸੁਣ ਲਈਏ। ਇਸ ਪੱਜ ਸਤਕਾਰ ਹੀ ਭੇਟ ਕਰ ਦਿਆਂਗੇ। ਬਹੁ ਸੰਮਤੀ ਨੇ ਆਖਿਆ ਸਤਕਾਰ ਭਾਵੇਂ ਕਰ ਲਓ! ਉਂਜ ਸਾਨੂੰ ਕਲਾਕਾਰੀ ਬਰੀਕੀਆਂ ਦੀ, ਨਾ ਸਮਝ ਏ ਨਾ ਸ਼ੌਕ।

ਇਸ ਵਿਸਥਾਰੇ ਜਾ ਰਹੇ ਖੇਤੀ ਆਧਾਰਿਤ ਸਾਮਰਾਜ ਦੀ ਵਿਲੱਖਣ ਗੱਲ ਮੈਨੂੰ ਏਹੋ ਲੱਗੀ ਏ ਕਿ ਮੇਰੀ ਸਮਝ ਮੁਤਾਬਿਕ ਬਗੈਰ ਕਿਸੇ ਦਾ ਸ਼ੋਸ਼ਣ ਕਰਨ ਤੋਂ ਫਿਰ ਵੀ ਵਾਧੇ ਪਿਆ ਹੋਇਆ ਹੈ। ਇਕ ਗੱਲ ਹੋਰ, ਇਥੇ ਕੰਮ ਕਰਨ ਵਾਲਿਆਂ ਦੀ ਬਹੁ ਗਿਣਤੀ ਸਥਾਨਕ ਲੋਕਾਂ ਦੀ ਹੈ, ਜਿਹੜੇ ਚੁੱਪ-ਚਾਪ ਆਪਣੇ ਕੰਮ ਵਿਚ ਮਗਨ ਰਹਿੰਦੇ ਹਨ, ਸਾਡੇ ਪੰਜਾਬੀਆਂ ਵਾਂਗ ਰੌਲਾ ਨਹੀਂ ਪਾਂਦੇ। ਵੈਸੇ 'ਨਾਮਧਾਰੀ ਸੀਡਜ਼ ਵੱਲੋਂ ਵੀ ਇਨ੍ਹਾਂ ਵਿਚ ਆਤਮ ਵਿਸ਼ਵਾਸ ਉਭਾਰਨ ਦੇ ਉਪਰਾਲੇ ਕੀਤੇ ਜਾਂਦੇ ਹਨ। ਹਰ ਇਕ ਨੂੰ ਸਾਲ ਵਿਚ ਤਿੰਨ ਵਾਰ—ਲੋਹੜੀ ਵੈਸਾਖੀ ਦੀਵਾਲੀ, 'ਤੁਹਾਡਾ ਕੰਮ ਬੜਾ ਵਧੀਆ ਹੈ', ਕਹਿ ਕੇ ਬੋਨਸ ਦਿੱਤਾ ਜਾਂਦਾ ਹੈ।

੫-੧-੦੫ ਨੂੰ ਠਾਕੁਰ ਉਦੇ ਸਿੰਘ ਜੀ ਨਾਲ ਧੰਨਵਾਦੀ ਦੁਆ ਸਲਾਮ ਕਰ ਕੇ ਬੰਗਲੌਰ ਰਾਤ ਦਸ ਵਜੇ ਨਾਂਦੇੜ ਨੂੰ ਪ੍ਰਸਥਾਨ ਕੀਤਾ। ਪੰਜ ਦੀ ਰਾਤ, ਛੇ ਦਾ ਸਾਰਾ ਦਿਨ, ਪਤਾ ਨਹੀਂ ਕਿਵੇਂ ਚਾਰੇ ਦਿਸ਼ਾਵਾਂ ਘੁੰਮਦੀ ਹੋਈ ਰੇਲ, ਰਾਤ ਨੂੰ ਅਬਿਚਲ ਨਗਰ ਗਿਆਰਾਂ ਵਜੇ ਪੁੱਜ ਹੀ ਗਈ। ਸਟੇਸ਼ਨ ਤੋਂ ਸਵਾਰੀ ਲੈ ਕੇ ਜਦੋਂ ਅਸੀਂ ਬਾਬੇ ਨਿਧਾਨ ਸਿੰਘ ਵਾਲੇ ਡੇਰੇ ਪਹੁੰਚੇ, ਅੱਗੇ ਡੇਰੇ ਦੇ ਪ੍ਰਬੰਧਕ ਇੰਜ ਤਿਆਰ-ਬਰ-ਤਿਆਰ ਮਿਲੇ ਜਿਵੇਂ ਸਾਨੂੰ ਉਡੀਕਦੇ ਪਏ ਹੋਣ। ਸਾਡੇ ਬੈਗ ਇਕ ਥਾਂ ਰਖਾ ਕੇ ਉਸੇ ਵੇਲੇ ਸਾਨੂੰ ਲੰਗਰ ਵੱਲ ਤੋਰ ਲਿਆ, ਵੱਡੇ ਦਰਵਾਜ਼ੇ ਦੇ ਨੇੜੇ ਹੀ, ਭੋਜਨ ਪਾਣ ਵਾਸਤੇ ਸਾਫ਼-ਸੁਥਰੇ ਟਾਟ ਵਿਛਾਏ ਹੋਏ ਸਨ, ਸਾਡੇ ਬਹਿੰਦਿਆਂ ਥਾਲੇ ਆ ਗਏ। ਗਰਮਾ ਗਰਮ ਦਾਲਾ-ਭਾਜਾ ਅਤੇ ਤਾਜ਼ੇ ਪ੍ਰਸ਼ਾਦਿਆਂ ਨਾਲ ਅਨੰਦ ਹੋ ਕੇ ਉੱਠਦਿਆਂ ਕੋਲੋਂ ੫੦ ਲੈ ਕੇ, ੫੧੨ ਨੰ: ਕਮਰੇ ਦੀ ਚਾਬੀ ਦੇ ਕੇ, ਨਾਲ ਇਕ ਭੁਜੰਗੀ ਤੋਰ ਦਿੱਤਾ। ਸਾਫ਼ ਕਮਰਾ ਸੁਥਰੇ ਬਿਸਤਰੇ, ਲਾਈਟ ਪੱਖੇ, ਵੇਖ ਕੇ ਮੂਹੋਂ ਆਪ-ਮੁਹਾਰੇ ਵਾਹ ਵਾਹ ਨਿਕਲ ਗਿਆ। ਦੂਸਰੀ ਮੰਜ਼ਿਲ 'ਤੇ ਕਮਰਿਆਂ ਦੀ ਲੰਬੀ ਲਾਈਨ ਦੇ ਸਿਰੇ 'ਤੇ ਸੁਥਰੇ ਸ਼ੌਚਾਲੇ, ਅੱਠੇ ਪਹਿਰ ਜਗਦੀ ਬਿਜਲੀ, ਚਲਦੇ ਪਾਣੀ, ਸਫਾਈ ਦਾ ਵਧੀਆ ਪ੍ਰਬੰਧ, ਦੋ ਸੇਵਾਦਾਰ, ਸੇਵਕ ਹੀ ਜਾਪਦੇ ਸਨ। ਤਨਖਾਹਦਾਰਾਂ 'ਚ ਏਤਨੀ ਸ਼ਰਧਾ ਅਤੇ ਨਿਮਰਤਾ ਮੁਸ਼ਕਿਲ ਹੀ ਮਿਲਦੀ ਹੈ।

ਲੰਗਰ ਅਤੇ ਰਿਹਾਇਸ਼ ਦੀਆਂ ਵੱਡੀਆਂ ਇਮਾਰਤਾਂ ਬਾਜ਼ਾਰ ਦੇ ਦੋਹੀਂ ਪਾਸੀਂ ਆਹਮੋ ਸਾਮ੍ਹਣੀਆਂ ਹਨ, ਦਰਵਾਜ਼ੇ ਏਡੇ ਕਿ ਭਰੇ ਭਰਾਤੇ ਟਰੱਕ ਔਂਦੇ ਜਾਂਦੇ ਸਨ, ਪਰ ਗੇਟ ਆਹਮੋ ਸਾਹਮਣੇ ਨਹੀਂ।

ਪੰਜਾਬ ਦਾ ਇਕ ਫੌਜੀ ਨਿਧਾਨ ਸਿੰਘ ਛੁੱਟੀ ਔਂਦਾ ਹੋਇਆ, ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਰੁਕ ਗਿਆ। ਉਸ ਨੇ ਵੇਖਿਆ ਯਾਤਰੀਆਂ ਨੂੰ ਪਾਣੀ ਦੀ ਬੜੀ ਤੋਟ ਹੈ। ਨੇੜੇ ਵਗਦੀ ਗੁਦਾਵਰੀ ਚੋਂ ਘੜੇ ਭਰ ਕੇ ਇਕ ਦਰਖਤ ਹੇਠ ਬੈਠ ਗਿਆ। ਅੱਤ ਪੱਛੜੇ ਹੋਏ ਇਲਾਕੇ ਵਿਚ ਕਿਸੇ ਨੇ ਰੋਟੀ ਦੀ ਮੰਗ ਵੀ ਕਰ ਦੇਣੀ। ਤਨਖਾਹ ਦੀ ਜਿਹੜੀ ਬਚਤ ਘਰ ਲਿਜਾ ਰਿਹਾ ਸੀ। ਲੰਗਰ ਤੇ ਲਾ ਦਿੱਤੀ। ਕੋਈ ਸਹਾਇਤਾ ਕਰਨ ਦੀ ਬਜਾਏ ਡੇਰੇ ਦੇ ਦੱਖਣੀ ਜ਼ਿੰਮੇਵਾਰਾਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਦੁਖੀ ਹੋ ਕੇ ਨਿਧਾਨ ਸਿੰਘ ਨੇ ਪੰਜਾਬ ਚਲੇ ਜਾਣ ਦਾ ਮਨ ਬਣਾ ਲਿਆ। ਰਾਤ ਨੂੰ ਸਟੇਸ਼ਨ ਤੇ ਚਲਾ ਗਿਆ। ਗੱਡੀ ਅਜੇ ਦੇਰ ਨਾਲ ਆਉਣੀ ਸੀ, ਸਿੰਘ ਸਮਾਧੀ ਸਥਿਤ ਹੋ ਕੇ ਦਸਮੇਸ਼ ਜੀ ਅੱਗੇ ਝੁਰਿਆ ਕਿ "ਪਾਤਸ਼ਾਹ ਮੈਂ ਕਿਸੇ ਲਾਲਸਾ ਵੱਸ ਤਾਂ ਸੇਵਾ ਨਹੀਂ ਸਾਂ ਕਰਨ ਲੱਗਾ ਮੇਰੇ ਨਾਲ ਇਹ ਭਾਣਾ ਕਿਉਂ ਵਰਤਿਆ", ਤਾਹੀਓਂ ਉਹਦੇ ਮਸਤਕ ਵਿਚ ਪਰਕਾਸ਼ ਹੋ ਗਿਆ। ਘੋੜੇ 'ਤੇ ਸਵਾਰ ਬਾਜਾਂ ਵਾਲੇ ਨੇ ਦਰਸ਼ਨ ਦੇ ਕੇ ਆਖਿਆ, "ਨਿਰਾਸ਼ ਹੋਣਾ ਸਿੰਘ ਦਾ ਕੰਮ ਨਹੀਂ, ਵਾਪਸ ਜਾ ਕੇ ਲੰਗਰ ਚਾਲੂ ਕਰ। ਖੀਸਾ ਮੇਰਾ ਹੱਥ ਤੇਰਾ ਕਦੇ ਤੋਟ ਨਾ ਆਵੇਗੀ।

ਬੱਸ! ਉਹ ਦਿਨ ਤੇ ਆਹ ਦਿਨ, ਲੰਗਰ ਸਥਾਨ ਦੀਵਾਨ ਸਥਾਨ ਅਤੇ ਰਿਹੈਸ਼ੀ ਜਗ੍ਹਾ ਤਾਂ ਏਕੜਾਂ ਵਿਚ ਫੈਲੀ ਹੋਈ ਹੈ। ਦੁਮੰਜ਼ਿਲੇ ਤਿਮੰਜ਼ਲੇ ਸੈਂਕੜੇ ਕਮਰਿਆਂ ਦੀਆਂ ਲਾਰਾਂ ਲੱਗੀਆਂ ਹੋਈਆਂ ਨੇ। ਜੇ ਦਸ ਟਰੱਕ ਵੀ ਸੰਗਤ ਦੇ, ਰਾਤ ਦਿਨੇ ਕਿਸੇ



Namdhari Elibrary NamdhariElibrary@gmail.com

ਵੇਲੇ ਆ ਜਾਣ, ਲੰਗਰ ਤੇ ਰਿਹੈਸ਼ ਦੀ ਕੋਈ ਦਿੱਕਤ ਨਹੀਂ ਆਉਂਦੀ। ਹਰ ਵੇਲੇ ਸਭ ਕੁਝ ਤਾਜ਼ਾ ਤਿਆਰ ਮਿਲਦਾ ਹੈ, ਕਿਸੇ ਕੋਲੋਂ ਕੋਈ ਸੇਵਾ ਫਲ ਨਹੀਂ ਮੰਗਿਆ ਜਾਂਦਾ। ਦੋ ਵੈਨਾਂ ਹਰ ਗੱਡੀ ਔਣ ਜਾਣ ਵੇਲੇ, ਆਵਾਜਾਈ ਲਈ ਸਰਗਰਮੀ ਨਾਲ ਮੁਫ਼ਤ ਸੇਵਾ ਕਰਦੀਆਂ ਹਨ।

ਫੌਜੀ ਨਿਧਾਨ ਸਿੰਘ, ਤੋਂ ਸੰਤ ਬਾਬਾ ਨਿਧਾਨ ਸਿੰਘ ਬਣੇ ਦੇ ਸਰੀਰ ਤਿਆਗਣ ਬਾਅਦ ਵੀ, ਸੇਵਾ ਦੀ ਲਹਿਰ ਉਸੇ ਤਰ੍ਹਾਂ ਚੱਲੀ ਜਾ ਰਹੀ ਹੈ। ਅੱਜ ਕੱਲ੍ਹ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਬਿਰਧ ਬੀਮਾਰੀ ਦੀ ਹਾਲਤ ਵਿਚ ਵੀ ਲਗਾਤਾਰ ਸੇਵਾ ਕਰੀ ਕਰਾਈ ਜਾ ਰਹੇ ਨੇ।*(ਉਹ ਸਵਰਗ ਸਿਧਾਰ ਗਏ ਹਨ —ਸੰਪਾਦਕ)* ਲੰਗਰ ਤੇ ਰਿਹਾਇਸ਼ੀ ਕਮਰਿਆਂ ਦਾ ਬਹੁਤ ਵਿਸਤਾਰ ਕੀਤਾ ਜਾ ਰਿਹੈ। ਬਾਬੇ ਨਿਧਾਨ ਸਿੰਘ ਦੇ ਡੇਰੇ ਅਤੇ ਸੱਚਖੰਡ ਵਿਚ ਵੀ ਸ੍ਰੀ ਆਦਿ ਅਤੇ ਦਸਮ ਗ੍ਰੰਥ ਦੋਵਾਂ ਦੇ ਨਾਲੋਂ ਨਾਲ ਪ੍ਰਕਾਸ਼ ਕੀਤੇ ਜਾਂਦੇ ਹਨ, ਸਵੇਰ ਸ਼ਾਮ ਦੇ ਕੀਰਤਨ ਬਾਅਦ ਦੋਵਾਂ ਤੋਂ ਵਾਕ ਲਏ ਜਾਂਦੇ ਹਨ। ਦੋ ਤਿੰਨ ਜਗ੍ਹਾ ਬੋਰਡ ਲਾ ਕੇ ਸ੍ਰੀ ਦਸਮੇਸ਼ ਜੀ ਦਾ ਘੋੜੇ ਦੀ ਰਕਾਬ ਨਾਲ, ਪੂਨੇ ਦੇ ਕਿਲ੍ਹੇ ਚੋਂ ਬਾਲਾ ਰਾਓ ਰੁਸਤਮ ਰਾਓ ਨੂੰ ਕੱਢਿਆ ਜਾਣਾ ਦੱਸਿਆ ਹੈ, ਪਰ ਓਥੇ ਰਹਿਣ ਵਾਲੇ ਆਮ ਕੀਰਤਨੀਆਂ ਨੂੰ ਇਤਿਹਾਸ ਬਾਰੇ ਕੋਈ ਜਾਣਕਾਰੀ ਨਹੀਂ।

ਅੱਜ ਸੱਤ ਜਨਵਰੀ, ਸਵੇਰੇ ਇਸ਼ਨਾਨ ਕਰ ਕੇ ਬਾਬੇ ਨਿਧਾਨ ਸਿੰਘ ਵਾਲੇ ਡੇਰੇ, ਲੰਗਰ ਕੋਲੋਂ ਲੰਘ ਕੇ ਕਾਫ਼ੀ ਪੌੜੀਆਂ ਚੜ੍ਹੇ। ਉਚੇ ਥਾਂ 'ਤੇ ਰਾਗੀ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ, ਪਰਨਾਮ ਕਰ ਕੇ ਬੈਠ ਗਏ। ਵਾਰ ਦੇ ਸੰਪੰਨ ਹੋਣ ਬਾਅਦ ਅਰਦਾਸ ਹੋਈ, ਦੋਵਾਂ ਸ੍ਰੀ ਗ੍ਰੰਥ ਸਾਹਿਬਾਂ ਤੋਂ ਵਾਕ ਪੜ੍ਹੇ ਗਏ, ਪ੍ਰਸਾਦ ਲੈ ਕੇ ਹੇਠ ਉੱਤਰੇ, ਚਾਹ ਦਾ ਅਮਲੀ ਸਾਡੇ ਵਿਚ ਕੋਈ ਨਹੀਂ ਸੀ, ਥੋੜ੍ਹਾ ਲੰਗਰ ਛਕਿਆ। ਸੱਚਖੰਡ, ਦਰਸ਼ਨ ਕਰਨ ਗਏ ਪੁੱਛਿਆ ਪਤਾ ਲੱਗਾ, ਅੰਗੀਠੇ ਵਿਚੋਂ ਸਿਰਫ਼ ਇਕ ਛੋਟੀ ਕਰਦ ਨਿਕਲੀ ਸੀ। ਕੋਈ ਇਤਿਹਾਸਕ ਪੁਸਤਕ ਨਾ ਮਿਲ ਸਕੀ। ਬਾਬੇ ਬੰਦੇ ਦੇ ਗੁਰਦੁਆਰੇ ਬੜੇ ਅਦਬ ਨਾਲ ਨਤ ਮਸਤਕ ਹੋਏ ਕਿ ਏਸੇ ਨੇ ਹੀ ਸਾਨੂੰ ਜ਼ਮੀਨਾਂ ਦੇ ਮਾਲਕ ਬਣਾਇਆ ਹੈ। ਇਹ ਗੱਲ ਆਪਣੇ ਸਾਥੀਆਂ ਤੇ ਹੋਰ ਕਈਆਂ ਨੂੰ ਜਦੋਂ ਖੋਲ੍ਹ ਕੇ ਦੱਸੀ ਤਾਂ ਸਾਰੇ ਹੈਰਾਨ ਹੋ ਕੇ ਦੁਬਾਰਾ ਨਮਨ ਦੀ ਮੁੱਦਰਾ ਚ ਹੋ ਗਏ। ਉਥੋਂ ਮੁੜਦਿਆਂ ਹੀਰਾ ਘਾਟ, ਇਕ ਬਿਰਧ ਕੋਈ ਪੁਸਤਕ ਲੈ ਕੇ ਬੈਠਾ ਵੇਖਿਆ। ਇਕ ਦਸ ਬਾਰਾਂ ਸਾਲ ਦਾ ਬੱਚਾ ਆਵਾਜ਼ਾ ਦੇ ਰਿਹਾ ਸੀ, ਸਾਧ ਸੰਗਤ ਜੀ ਆ ਕੇ ਇਤਿਹਾਸਕ ਸਾਖੀਆਂ ਸਰਵਣ ਕਰੋ ਜੀ, ਪਰ ਅਸਾਹਿਤਕ ਸਾਥ ਦੀ ਕਾਹਲ ਨੇ ਲਾਭ ਨਾ ਲੈਣ ਦਿੱਤਾ। ਮਨ ਵਿਚ ਕਸਕ ਰਹਿ ਗਈ। ਸ਼ਾਇਦ ਕੋਈ ਨਵਾਂ ਨੁਕਤਾ ਹੱਥ ਆ ਜਾਂਦਾ। ਦਿਨ ਤਾਂ ਅੱਜ ਦਾ ਹੀ ਨਾਂਦੇੜ ਦੇ ਦਰਸ਼ਨ ਕਰਨ ਦਾ ਸੀ ਕੱਲ੍ਹ ਵਾਸਤੇ ਟਿਕਟਾਂ ਰਿਜ਼ਰਵ ਹੋ ਚੁੱਕੀਆਂ ਸਨ। ਇਥੇ ਵੀ ਖ਼ਾਲਸਾ ਸੌਦੇ ਖਰੀਦਣ ਵਾਸਤੇ ਧਾ ਕੇ ਪੈ ਗਿਆ। ਹੋਰ ਤੇ ਹੋਰ ਪੰਜ ਲਿਟਰ ਦੀਆਂ ਕੇਨਾਂ ਗਰੀ ਦੇ ਤੇਲ ਦੀਆਂ ਸਾਰਿਆਂ ਖਰੀਦੀਆਂ। ਜਦੋਂ ਸਾਮਾਨ ਬੈਗਾਂ ਤੋਂ ਵਧ ਗਿਆ ਤਾਂ ੨੫ ਰੁਪਏ ਦਾ ਥੈਲਾ ਇਕ ਇਕ ਹੋਰ ਲੈਣਾ ਪੈ ਗਿਆ। ਨੌ ਨਾਥਾਂ ਦੀ ਟੋਲੀ ਅਗਲੇ ਦਿਨ ਨੌ ਕੁਲੀਆਂ ਦੀ ਸ਼ਕਲ ਵਿਚ ਹਜ਼ੂਰ ਸਾਹਿਬ ਤੋਂ ਰਵਾਨਾ ਹੋਈ। ਬਾਜ਼ਾਰ ਸਟੇਸ਼ਨ ਰੇਲ ਵਿਚ ਇਕ ਦੂਜੇ ਨੂੰ ਵੇਖ ਕੇ ਹੱਸਦੇ, ਰੌਲਾ ਪਾਂਦੇ ਬਗਦਾੜੇ ਚਿੱਟ ਕੱਪੜੀਏ ਪੰਜਾਬੀ ਹਰ ਥਾਂ ਵੱਖਰੇ ਈ ਨਜ਼ਰ ਆਉਂਦੇ।

ਉੱਚੀ ਬੋਲਣ ਦਾ ਤੇ ਇਹ ਆਲਮ ਸੀ ਕਿ ਪਹਿਲਾਂ ਦਿੱਲੀਓਂ ਚੱਲਣ ਵੇਲੇ ਜਿਨ੍ਹਾਂ ਦੋ ਸਾਥੀਆਂ ਨੇ ਰਾਤੀਂ ਈਰਾਨੀ ਜੋੜੇ ਨੂੰ ਖਾਲੀ ਸੀਟਾਂ 'ਤੇ ਬਿਠਾਇਆ ਸੀ। ਜਦੋਂ ਸਾਰੇ ਸੁੱਤੇ ਹੋਏ ਸਨ ਤਾਂ ਉਹ ਦੋਵੇਂ ਆਪਸੀ ਗੁਫ਼ਤਗੋ ਵਿਚ ਏਨੇ ਮਗਨ ਹੋ ਗਏ ਜੋ ਘੰਟੇ ਕੁ ਪਿੱਛੋ ਈਰਾਨੀ ਸੁੰਦਰੀ ਨੇ ਮੁੱਖੜੇ ਤੋਂ ਕੰਬਲ ਉਤਾਰ ਕੇ ਬੈਠ ਕੇ ਆਪਣੇ ਦੋਵੇਂ ਹੱਥ ਗੋਡਿਆਂ ਤੇ ਛੁਹਾਏ, ਫਿਰ ਕੰਨਾਂ ਨੂੰ ਲਾ ਕੇ ਸਿਰੋਂ ਉੱਚੇ ਜੋੜ ਕੇ ਤੋਬਾ-ਤੋਬਾ ਪੁਕਾਰ ਉੱਠੀ ਜਿਹੜੇ ਅਸੀਂ ਜਾਗੋ ਮੀਟੇ ਸਾਂ। ਸਾਡਾ ਤੇ ਹਾਸਾ ਨਾ ਖਲੋਵੇ ਪਰ ਬੋਲਣ ਵਾਲਿਆਂ ਨੂੰ ਤੇ ਜਿਵੇਂ ਸੱਪ ਸੁੰਘ ਗਿਆ ਪਰ ਉਸ ਗੱਲ ਨੂੰ ਤੇ ਬੜੇ ਦਿਨ ਹੋ ਗਏ ਸਨ ਤੇ ਨਾ ਹੀ ਕੋਈ ਉਸ ਤਰ੍ਹਾਂ ਦੀ ਬਿਨ ਬੋਲਿਆਂ ਐਕਟਿੰਗ ਕਰ ਕੇ ਰੋਕਣ ਵਾਲਾ ਨਜ਼ਰ ਆ ਰਿਹਾ ਸੀ। ਇਸ ਕਰਕੇ ਸਾਰਾ ਦਿਨ ਗੱਪ ਗਪੌੜਾ ਚੱਲਦਾ ਰਿਹਾ।

ਦਿਨੇਂ ਦਸ ਵਜੇ ਦੀ ਨਾਂਦੇੜੋਂ ਚੱਲੀ ਰੇਲ ਪਤਾ ਨਹੀਂ ਅੱਧੀ ਕੁ ਰਾਤ ਨੂੰ ਕਿਥੇ ਪੁੱਜ ਗਈ ਕਿ ਸਾਰਿਆਂ ਨਜ਼ਰ ਬਚਾ ਕੇ ਕੋਟੀਆਂ ਧਾਰਨ ਕਰ ਲਈਆਂ। ਫਿਰ ਗਰਮ ਚਾਦਰਾਂ ਵੀ ਓੜਨੀਆਂ ਪੈ ਗਈਆਂ। ਸਹੀ ਟਾਈਮ ਦਿਨੇਂ ਡੇਢ ਵਜੇ ਗੱਡੀ ਦਿੱਲੀ ਸਟੇਸ਼ਨ ਪਹੁੰਚ ਗਈ। ਗੁਰਭੇਜ ਸਿੰਘ ਐਡਵੋਕੇਟ ਅੱਗੋਂ ਆਇਆ ਹੋਇਆ ਸੀ। ਸਾਨੂੰ ਲੱਦੇ ਫੰਧੇ ਵੇਖ ਕੇ ਪਹਿਲਾਂ ਤਾਂ ਖੂਬ ਹੱਸਿਆ। ਜਦੋਂ ਕੁਲੀਆਂ ਨੂੰ ਵਾਜ ਮਾਰਨ ਲੱਗਾ, ਅਸਾਂ ਆਖਿਆ ਸਾਡਾ ਫ਼ੈਸਲਾ ਹੋ ਚੁੱਕਾ ਏ ਕਿ ਕੁਲੀ ਨਹੀਂ ਬੁਲਾਣੇ। ਸਹਾਇਤਾ ਵਾਸਤੇ ਸਾਡੇ ਦੋਵਾਂ ਪੰਡਤਰਿਆਂ ਦਾ ਇਕ ਇਕ ਬੈਗ ਉਸ ਨੇ ਡਰਾਇਵਰ ਸਮੇਤ ਚੁੱਕ ਲਿਆ। ਮੈਨੂੰ ਤੇ ਬਲੀ ਸਿੰਘ ਨੂੰ ਆਪਣੀ ਕਾਰ ਵਿਚ ਤੂੜ ਕੇ ਅਤੇ ਬਾਕੀ ਭਾਬਰੀਆਂ ਨੂੰ ਤਿੰਨ ਥਰੀ ਵੀਲ੍ਹਰਾਂ 'ਚ ਠੂੜ ਕੇ ਬੱਸ ਅੱਡੇ ਨੂੰ ਚਾਲੇ ਪਾ ਦਿੱਤਾ।

*ਸਮਾਪਤ*



Namdhari Elibrary NamdhariElibrary@gmail.com

# ਸਫ਼ਰ 'ਮੈਂ' ਤੋਂ 'ਤੂੰ' ਤੱਕ

*—ਦਲਬੀਰ ਸਿੰਘ ਤਰਸ*
*ਅਸਟ੍ਰੇਲੀਆ*

ਇਹ ਸੁੰਦਰਤਾ, ਇਹ ਨਜ਼ਾਰਾ, ਸਭ ਕੁੱਝ ਹੈ ਤੇਰੇ ਕਰ ਕੇ।
ਇਹ ਜੀਵਨ ਇਹ ਪਸਾਰਾ, ਸਭ ਕੁੱਝ ਹੈ ਤੇਰੇ ਕਰ ਕੇ।

ਤੇਰੇ ਹੀ ਸੰਗ ਰਲ ਕੇ, ਅਸਾਂ ਹਰ ਸੁਬਾਹ ਜਗਾਈਏ
ਇਹ ਚਾਨਣਾ ਦੀਦਾਰਾ, ਸਭ ਕੁੱਝ ਹੈ ਤੇਰੇ ਕਰ ਕੇ।

ਇਹ ਦਿਨ ਚੜ੍ਹ ਰਿਹਾ ਹੈ, ਔਹ ਰਾਤ ਜਾ ਰਹੀ ਹੈ
ਇਹ ਕਿਰਨਾਂ ਦਾ ਖਲਾਰਾ, ਸਭ ਕੁੱਝ ਹੈ ਤੇਰੇ ਕਰ ਕੇ।

ਇਹ ਪੱਤ ਝੂਲਦੇ ਨੇ, ਰੰਗ ਮੁਸਕਰਾ ਰਹੇ ਨੇ
ਇਹ ਪਵਨ ਦਾ ਹੁਲਾਰਾ, ਮਭ ਕੁੱਝ ਹੈ ਤੇਰੇ ਕਰ ਕੇ।

ਝਰਨੇ 'ਚ ਵਹਿੰਦੀ ਚਾਂਦੀ, ਦੂਰ ਪਰਬਤ 'ਚੋਂ ਆ ਰਹੀ ਹੈ
ਮਿਲੇ ਸਾਗਰੋਂ ਇਸ਼ਾਰਾ, ਸਭ ਕੁੱਝ ਇਹ ਤੇਰੇ ਕਰ ਕੇ।

ਭਾਫ ਇਹ ਉੱਠ ਰਹੀ ਹੈ, ਬਾਦਲ ਇਹ ਬਣ ਰਹੇ ਨੇ
ਇਹ ਕਿਣ-ਮਿਣਾ ਫੁਹਾਰਾਂ, ਸਭ ਕੁੱਝ ਹੈ ਤੇਰੇ ਕਰ ਕੇ।

ਡੋਡੀ ਦਾ ਛੂਹ ਦੇ ਸੂਰਜ, ਇਹ ਫੁੱਲਾਂ 'ਚ ਬੱਦਲ ਜਾਣਾ
ਇਹ ਪੌਣਾਂ ਨੂੰ ਮਹਿਕਾਣਾ, ਸਭ ਕੁੱਝ ਹੈ ਤੇਰੇ ਕਰ ਕੇ।

ਜ਼ੱਰਾ ਜ਼ੱਰਾ ਇਹ ਜੀਅ ਰਿਹਾ ਹੈ, ਹਰ ਪਾਸੇ ਹੈ ਰੂਪ ਤੇਰਾ
ਸ਼ਕਤੀ ਦਾ ਇਹ ਭੰਡਾਰਾਂ, ਸਭ ਕੁੱਝ ਹੈ ਤੇਰੇ ਕਰ ਕੇ।

ਇਹ ਰੁੱਤਾਂ ਬਦਲਦੀਆਂ ਨੇ, ਇਹ ਮੌਸਮ ਨੇ ਬਦਲਦੇ
ਤੂੰ ਇੱਕੋ ਇੱਕ ਆਕਾਰਾ, ਗਭ ਕੁੱਝ ਹੈ ਤੇਰੇ ਕਰ ਕੇ।

ਫੁੱਲਾਂ 'ਚੋਂ ਫ਼ਲ ਬਣ ਕੇ, ਫਿਰ ਬੀਜ ਬਣ ਰਹੇ ਨੇ
ਬੀਜਾਂ ਤੋਂ ਰੁੱਖ ਉਸਾਰਾ, ਸਭ ਕੁੱਝ ਇਹ ਤੇਰੇ ਕਰ ਕੇ।

ਜਦੋਂ ਬਸਤਰ ਫਟਣ ਤੇ ਆਏ, ਦਿਹ ਤੋਂ ਉਤਾਰ ਦਈਏ
ਮਮੋਲਾ ਜੀਏ ਬੇਚਾਰਾ, ਸਭ ਕੁੱਝ ਇਹ ਤੇਰੇ ਕਰ ਕੇ।

ਇਹ ਸਾਸ ਚਲਦੇ ਚਲਦੇ, ਇੱਕ ਲੜੀ ਬਣ ਰਹੀ ਹੈ
ਇਹ ਅਨੰਦਤਾ ਸ਼ੰਗਾਰਾ, ਸਭ ਕੁੱਝ ਹੈ ਤੇਰੇ ਕਰ ਕੇ।

ਕਿਤੇ ਕਲਮ ਵਿੱਚ ਆ ਜਏਂ, ਤਾਂ ਗੀਤ ਬਣ ਕੇ ਗਾਈਏ
ਘਰ ਵਿੱਚ ਲੱਗੇ ਉਤਾਰਾ, ਸਭ ਕੁੱਝ ਹੈ ਤੇਰੇ ਕਰ ਕੇ।

ਇਹ ਲਹਿਰਾਂ ਦੀ ਛਾਦੀਆਂ ਤੇ, ਬੁਲਬੁਲਾ ਤਰ ਰਿਹਾ ਹਾਂ
ਮਿਟੀਏ ਤਾਂ ਸੰਗ ਤੁਹਾਰਾ, ਸਭ ਕੁੱਝ ਇਹ ਤੇਰੇ ਕਰ ਕੇ।

ਇਹ ਸੁੰਦਰਤਾ, ਇਹ ਨਜ਼ਾਰਾ, ਸਭ ਕੁੱਝ ਹੈ ਤੇਰੇ ਕਰ ਕੇ।
ਇਹ ਜੀਵਨ ਇਹ ਪਸਾਰਾ, ਸਭ ਕੁੱਝ ਹੈ ਤੇਰੇ ਕਰ ਕੇ।

# .ਗ਼ਜ਼ਲ

*—ਅਜੈਬ ਸਿੰਘ*

ਤੇਰੀ ਦੂਰੀ ਭੀ ਹਜ਼ੂਰੀ ਜਾਪਦੀ ਹੈ,
ਤੇਰੀ ਰੁੱਖੀ ਭੀ ਚੂਰੀ ਜਾਪਦੀ ਹੈ।

ਜਿਸ ਤੇ ਤੇਰੀ ਮੇਹਰ ਹੋ ਜਾਵੇ
ਉਹਦੀ ਹਰ ਅਦਾ ਸਰੂਰੀ ਜਾਪਦੀ ਹੈ।

ਜਿਹੜਾ ਤੇਰੇ ਵਿਚ ਜੀਨ ਹਰ ਦਮ,
ਉਸ ਦੀ ਰੰਗਤ ਸੰਧੂਰੀ ਜਾਪਦੀ ਹੈ।

ਸੁਨਾਮੀ ਕਹਿਰ ਐਂਵੇਂ ਨਹੀਂ ਆਉਂਦੇ,
ਕਿਤੇ ਕੁਦਰਤ ਦੀ ਘੂਰੀ ਜਾਪਦੀ ਹੈ।

ਹਰ ਤਰਫ ਘਪਲਿਆਂ ਦਾ ਸ਼ੋਰ ਕਿਉਂ ਹੈ ?
ਬਣੀ ਸਾਜਸ਼ ਇਹ ਪੂਰੀ ਜਾਪਦੀ ਹੈ।

ਲੋਕਾਂ ਦੇ ਦਿਲ ਭੀ ਪੱਥਰ ਹੋ ਗਏ ਲਗਦੇ
ਸ਼ਕਲ ਪਹਿਲਾਂ ਹੀ ਮਨੂਰੀ ਜਾਪਦੀ ਹੈ।

ਜਿਸ ਵਿਚ ਯਾਰ ਦੀ ਸ਼ੋਭਾ ਨਾ ਹੋਵੇ
ਉਹ ਗ਼ਜ਼ਲ ਅਧੂਰੀ ਜਾਪਦੀ ਹੈ।

*ਅਸੀਸ ਦੀ ਮਾਲ*
*ਕਪੂਰਥਲਾ*

# .ਗ਼ਜ਼ਲ

*—ਤੁਲੀ ਫਕੀਰ ਚੰਦ*

ਸਿਰਫ਼ ਕਿਰਦਾਰ ਦੀ ਚਿੰਤਾ
ਮੇਰੇ ਦਿਲਦਾਰ ਦੀ ਚਿੰਤਾ

ਕਿਤੇ ਨਾ ਅਕਲ ਆ ਜਾਵੇ
ਮੇਰੀ ਸਰਕਾਰ ਦੀ ਚਿੰਤਾ

ਝੁਕੇ ਨਾ ਜ਼ਾਲਮਾਂ ਅੱਗੇ
ਬੜੀ ਦਸਤਾਰ ਦੀ ਚਿੰਤਾ

ਮੈਂ ਕੀਕਣ ਆਦਮੀ ਹੋਵਾਂ
ਮੇਰੇ ਕਰਤਾਰ ਦੀ ਚਿੰਤਾ

ਕੁੜੱਤਣ ਕਿਸ ਤਰ੍ਹਾਂ ਮੁੱਕੇ
ਬੜੀ ਗੁਫ਼ਤਾਰ ਦੀ ਚਿੰਤਾ

ਕਿਵੇਂ ਹਰ ਵਾਰ ਤੂੰ ਜੀਵੇਂ
ਮੇਰੀ ਹਰ ਵਾਰ ਦੀ ਚਿੰਤਾ

(ਰਮੇਸ਼ ਕਾਲੋਨੀ, ਜਲੰਧਰ)



Namdhari Elibrary NamdhariElibrary@gmail.com

# ਰਾਂਝਾ, ਵੰਝਲੀ ਤੇ ਦਰਿਆ

—[illegible]

ਸੁੰਨੀ ਵੇ ਸੁੰਨੀ
ਸਾਡੇ ਇਸ਼ਕੇ ਦੀ ਝੰਗੜੀ
ਖਿਲਦੀ ਨਾ
ਮਨ ਦੀ ਕਲੀ ਵੇ ਰਾਂਝਣਾ
ਬਚਾਈਂ ਵੇ
ਮੈਂ ਮਰ ਚੱਲੀ ਵੇ ਰਾਂਝਣਾ।

ਹੋਇਆ ਵੇ ਹੋਇਆ
ਹਾਲ ਵਾਂਗ ਸ਼ੈਦਾਈਆਂ
ਗਲ਼ ਵਿੱਚ
ਖੁੱਲੜੇ ਕੇਸ ਵੇ ਰਾਂਝਣਾ
ਤੱਕ ਤੱਤੜੀ ਦਾ
ਭੇਸ ਵੇ ਰਾਂਝਣਾ।

ਡਿੱਗੇ ਵੇ ਡਿੱਗੇ
ਮੇਰੇ ਹੱਥਾਂ ਦੇ ਕੰਙਣੇ
ਮਾਰੀਂ ਵੇ
ਇਸ਼ਕੇ ਦੀ ਫੂਕ ਵੇ ਰਾਂਝਣਾ
ਸੁਣੀਂ ਤੱਤੜੀ ਦੀ
ਹੂਕ ਵੇ ਰਾਂਝਣਾ।

ਦਿਲ ਦਰਿਆ ਦੇ
ਵਿੱਚ ਵੇ ਬਰੇਤੜੀ
ਰਾਤੀਂ ਤਾਂ ਰੋਣਗੇ
ਚਕੋਰ ਵੇ ਰਾਂਝਣਾ
ਹਾਏ! ਤੜਪਾ ਨਾ
ਹੋਰ ਵੇ ਰਾਂਝਣਾ।

ਸਾਵੇ ਤਾਂ ਸਾਵੇ
ਸਾਡੇ ਚਾਅ ਵੇ ਰਾਂਝਣਾ
ਅੱਥਰੇ ਚਰੀਂਦੇ
ਢੋਰ ਵੇ ਰਾਂਝਣਾ
ਕੀ ਤੱਤੜੀ ਦਾ
ਜ਼ੋਰ ਵੇ ਰਾਂਝਣਾ

ਸਾਂਭਾਂ ਮੈਂ ਸਾਂਭਾਂ
ਵੈਰੀ ਤੋਤਿਆਂ ਦੇ ਖੰਭੜੇ
ਚਾਵਾਂ ਨੂੰ ਗਏ ਜਿਹੜੇ
ਟੁੱਕ ਵੇ ਰਾਂਝਣਾ
ਜਿੰਦੂ ਤਾਂ ਭੈੜੀ ਚੱਲੀ
ਮੁੱਕ ਵੇ ਰਾਂਝਣਾ।

ਲੈ ਗਏ ਵੇ ਲੈ ਗਏ
ਖੇੜੇ ਗੋਸ਼ਤੇ ਦੀ ਗੰਢੜੀ
ਖੇੜਿਆਂ ਦੀ ਭੁੱਜਦੀ
ਜੂਹ ਵੇ ਰਾਂਝਣਾ
ਮੈਂ ਹਾਂ ਵੇ ਮੈਂ ਹਾਂ
ਤੇਰੀ ਰੂਹ ਵੇ ਰਾਂਝਣਾ।

ਗਿੱਠ ਕੁ ਏ ਲੰਮੀ
ਤੇਰੀ ਬਾਂਸੜੇ ਦੀ ਪੋਰੜੀ
ਭਰੀਂ ਵੇ ਭਰੀਂ
ਵਿੱਚ ਸਾਹ ਵੇ ਰਾਂਝਣਾ
ਵੰਝਲੀ ਸੁਣਨ ਦਾ
ਚਾਅ ਵੇ ਰਾਂਝਣਾ।

ਪਿੰਡ ਡਾਕਘਰ ਸਿੱਧਵਾਂ ਦੋਨਾ,
ਜ਼ਿਲ੍ਹਾ ਕਪੂਰਥਲਾ



Namdhari Elibrary NamdhariElibrary@gmail.com

## ਗੀਤ

*ਚਰਨ ਸੀਚੇਵਾਲਵੀ*

ਸਮਝਣਾ ਨਾ ਕਿਤੇ ਸਾਨੂੰ ਕਾਗਜ਼ ਦੀਆਂ ਪੁੜੀਆਂ,
ਅਸੀਂ ਵੀ ਹਾਂ ਅਣਖੀ ਪੰਜਾਬ ਦੀਆਂ ਕੁੜੀਆਂ,

ਸਾਂਭ ਸਾਂਭ ਰੱਖਦੀਆਂ ਅਸੀਂ ਵੀ ਸਿਆਣਪਾਂ,
ਆਪਣੀਆਂ ਆਪ ਅਸੀਂ ਕਰੀਏ ਵਕਾਲਤਾਂ,
ਅਸੀਂ ਵੀ ਹਾਂ ਕਾਲਜਾਂ 'ਚ ਪੜ੍ਹੀਆਂ ਗੁੜ੍ਹੀਆਂ,
ਅਸੀਂ ਵੀ ਹਾਂ ਅਣਖੀ ...

ਲੋੜ ਪਵੇ ਮੌਤ ਨਾਲ ਆਢਾ ਵੀ ਲਾ ਲਈਦਾ,
ਔਕੜਾਂ ਦੇ ਵਿਚ ਵੀ ਕੋਈ ਗੀਤ ਗਾ ਲਈਦਾ,
ਹੱਸ ਹੱਸ ਜ਼ਿੰਦਗੀ ਦੇ ਟੇਢੇ ਮੋੜ ਮੁੜੀਆਂ,
ਅਸੀਂ ਵੀ ਹਾਂ ਅਣਖੀ....

ਹਿੰਮਤਾਂ ਅਸਾਡੀਆਂ ਨੇ ਮਾਰ ਲਈਆਂ ਮੱਲਾਂ ਵੇਖ,
ਤੁਰ ਪਈਆਂ ਸਾਡੀਆਂ ਹਵਾਵਾਂ ਵਿਚ ਗੱਲਾਂ ਵੇਖ,
ਲੈ ਕੇ ਜਹਾਜ਼ ਜੰਗੀ ਜਦੋਂ ਅਸੀਂ ਉਡੀਆਂ,
ਅਸੀਂ ਵੀ ਹਾਂ ਅਣਖੀ...

ਚਿੱਤ ਵਿਚ ਜਿਦ੍ਹੇ ਹੋਣ ਸੁੱਚੀਆਂ ਸੁਗੰਧੀਆਂ,
ਉਨ੍ਹਾਂ ਕੋਲ ਆਪੇ ਆਉਣ ਚੱਲ ਕੇ ਬੁਲੰਦੀਆਂ,
'ਚਰਨ' ਦੇ ਖਿਆਲਾਂ ਦੀਆਂ ਤਾਰਾਂ ਵੇਖ ਜੁੜੀਆਂ,
ਅਸੀਂ ਵੀ ਹਾਂ ਅਣਖੀ....

## ਗ਼ਜ਼ਲ

*—ਪ੍ਰਿੰ. ਨਵਰਾਹੀ ਘੁਗਿਆਣਵੀ*

ਆਪਣੇ ਵੱਡੇ ਭਾਈ ਸ. ਗੁਰਮੇਲ ਸਿੰਘ ਬਰਾੜ (ਸਾਬਕ ਐਮ.ਸੀ.) ਫ਼ਰੀਦਕੋਟ ਦੇ ਅਕਾਲ ਚਲਾਣੇ (19.4.2005) ਤੋਂ ਪ੍ਰਭਾਵਿਤ ਹੋ ਕੇ ਲਿਖੀ ਗਈ।

ਹੌਲੀ ਹੌਲੀ ਸਾਰੇ ਟੁਰ ਗਏ।
ਮੇਰੇ ਮੀਤ ਪਿਆਰੇ ਟੁਰ ਗਏ।
ਪਤਾ ਨਹੀਂ ਕਿਸ ਤਰਫ਼ ਗਏ ਨੇ;
ਲੱਭਦਾ ਫਿਰਾਂ ਸਹਾਰੇ, ਟੁਰ ਗਏ।

ਹਮਦਰਦੀ ਦੇ ਪੁੰਜ ਮੁਹੱਬਤੀ
ਬਾਂਕੇ ਰਾਜ ਦੁਲਾਰੇ ਟੁਰ ਗਏ।
ਮਿੱਤਰਾਂ ਬਾਝੋਂ ਜੀਅ ਨਹੀਂ ਲੱਗਦਾ
ਪ੍ਰੀਤਾਂ ਦੇ ਵਣਜਾਰੇ ਟੁਰ ਗਏ।

ਚੱਲਦਾ ਹੈਸੀ ਹੁਕਮ ਜਿਨ੍ਹਾਂ ਦਾ
ਬੇਵਸ ਹੋ ਬੇਚਾਰੇ ਟੁਰ ਗਏ।
ਚੰਨ ਸੂਰਜ ਨੂੰ ਚਿੰਤਾ ਹੋਈ
ਕਿਉਂਕਰ ਦੂਰ ਸਿਤਾਰੇ ਟੁਰ ਗਏ।

ਨਜ਼ਰ ਪਾਰਖੂ ਦੁਰਲੱਭ ਹੋਈ
ਹੋ ਮਾਯੂਸ ਨਜ਼ਾਰੇ ਟੁਰ ਗਏ।
'ਨਵਰਾਹੀ' ਕੁਝ ਸਮਾਂ ਬੀਤਾ ਕੇ;
ਅਮਨਾਂ ਦੇ ਹਰਕਾਰੇ ਟੁਰ ਗਏ।

## ਗੀਤ

*—ਸੁਰਜੀਤ ਸਿੰਘ ਅਮਰ*

ਆਓ! ਆਪਾਂ ਬਦਲਾਈਏ ਇਹ ਸਮਾਜ ਕੁੜੀਓ।
ਉੱਠੋ! ਜਾਗੋ! ਸੁਣੋ ਸਮੇਂ ਦੀ ਆਵਾਜ਼।
ਕੱਲ ਗੱਡੀ ਥੱਲੇ ਆ ਕੇ ਮਰੀ ਜਿਹੜੀ ਮੁਟਿਆਰ।
ਉਹਦੀ ਰੂਹ ਸਾਡੇ ਅੱਗੇ ਪਈ ਕਰਦੀ ਏ ਪੁਕਾਰ।
ਇਹਨਾਂ ਦੁੱਖਾਂ ਦਾ ਵੀ ਲੱਭੀਏ ਇਲਾਜ ਕੁੜੀਓ।
ਆਓ! ਆਪਾਂ ਬਦਲਾਈਏ ਇਹ ਸਮਾਜ ਕੁੜੀਓ।

ਕੋਈ ਦਾਜ ਵਿਚ ਟੀ.ਵੀ. ਕੋਈ ਕਾਰ ਮੰਗਦੇ।
ਕੋਈ ਠਾਕੇ ਵਿਚ ਪੂਰਾ ਤੀਹ ਹਜ਼ਾਰ ਮੰਗਦੇ।
ਭੈੜੇ ਭੈੜੇ ਏਥੇ ਚਲ ਪਏ ਰਵਾਜ ਕੁੜੀਓ।
ਆਓ! ਆਪਾਂ ਬਦਲੀਏ ਇਹ ਸਮਾਜ ਕੁੜੀਓ।

ਜਿਹੜੇ ਪੈਸਿਆਂ ਦੇ ਨਾਲ ਹੈਣ ਪਿਆਰ ਕਰਦੇ।
ਉਹ ਤਾਂ ਆਪਣਿਆਂ ਪੁੱਤਾਂ ਦਾ ਵਪਾਰ ਕਰਦੇ।
ਮੂੰਹੋਂ ਮੰਗਦੇ ਨੇ ਚੰਗਾ ਚੋਖਾ ਦਾਜ ਕੁੜੀਓ।
ਆਉ! ਆਪਾਂ ਬਦਲਾਈਏ ਇਹ ਸਮਾਜ ਕੁੜੀਓ।

ਇਹ ਸਮਾਜ ਦਾ ਤਾਂ ਏਨਾ ਭੈੜਾ ਹਾਲ ਹੋ ਗਿਆ ਏ।
ਧੀਆਂ ਵਾਲਿਆਂ ਦਾ ਜੀਣਾ ਹੀ ਮੁਹਾਲ ਹੋ ਗਿਆ ਏ।
ਕੋਈ ਕਰਦਾ ਨਹੀਂ ਇਹਨਾਂ ਦਾ ਲਿਹਾਜ ਕੁੜੀਓ।
ਆਉ! ਆਪਾਂ ਬਦਲਾਈਏ ਇਹ ਸਮਾਜ ਕੁੜੀਓ।

ਰਹੀਏ ਮਾਪਿਆਂ ਦੇ ਸਿਰਾਂ ਤੇ ਨਾ ਭਾਰ ਬਣ ਕੇ।
ਹੱਕ ਆਪਣੇ ਹੀ ਲੈਣੇ ਹਕਦਾਰ ਬਣ ਕੇ।
ਅਸੀਂ ਰਹਿਣਾ ਨਹੀਂ ਏਂ ਕਿਸੇ ਦੇ ਮੁਥਾਜ ਕੁੜੀਓ।
ਆਉ! ਆਪਾਂ ਬਦਲਾਈਏ ਇਹ ਸਮਾਜ ਕੁੜੀਓ।

ਇਕ ਦੂਸਰੀ ਦੀ ਆਪਾਂ ਇਮਦਾਦ ਕਰੀਏ।
ਇਹ ਬੁਰਾਈਆਂ ਦੇ ਖਿਲਾਫ਼ ਨੀ ਜਹਾਦ ਕਰੀਏ।
ਏਦਾਂ ਆਪਣੀ ਬਚਾਈਏ ਆਪਾਂ ਲਾਜ ਕੁੜੀਓ।
ਆਉ! ਆਪਾਂ ਬਦਲਾਈਏ ਇਹ ਸਮਾਜ ਕੁੜੀਓ।


Namdhari Elibrary NamdhariElibrary@gmail.com

# ਪ੍ਰਦੂਸ਼ਣ

*—ਅਜੀਤ ਸਿੰਘ ਚੀਮਾ*

(੧)

ਦੀਨ ਬੰਧੂ, ਦੀਨਾ ਨਾਥ ਦੀਨਾਂ ਦੇ ਸਹਾਰੇ ਪ੍ਰਭੂ, ਅਰਸ਼ 'ਚੋਂ ਸੀ ਦੁਨੀਆ ਦਾ ਨਕਸ਼ਾ ਉਤਾਰਿਆ
ਨਦੀ ਨਾਲੇ ਸੁੰਦਰ ਪਹਾੜ ਦਰਿਆ ਸੁਹਣੇ, ਕਾਇਨਾਤ ਆਪਣੀ ਨੂੰ ਖੂਬ ਸੀ ਸ਼ਿੰਗਾਰਿਆ।
ਜੀਵ ਜੰਤੂ ਜਾਨਵਰ, ਲੱਖਾਂ ਹੀ ਜਨੌਰ ਸਾਜੇ, ਖੁਸ਼ੀਆਂ ਤੇ ਰੌਣਕਾਂ ਦਾ ਮਹਿਲ ਹੈ ਉਸਾਰਿਆ
ਸੋਹਣੇ ਸੋਹਣੇ ਪਿੰਡ ਤੇ ਗਰਾਂ ਸ਼ਹਿਰ ਬਸਤੀਆਂ, ਥਾਊਂ ਥਾਈਂ ਥਾਪਿਆ ਤੇ ਸਾਜਿਆ ਸਵਾਰਿਆ।

(੨)

ਬੰਦੇ ਨੇ ਸਫ਼ਾਈ ਨੂੰ ਖੁਦਾਈ ਮੂਲ ਸਮਾਝਿਆ ਨ, ਹੱਥੀਂ ਏਸ ਆਪਣੀ ਬਹਾਰਾਂ ਨੂੰ ਉਜਾੜਿਆ।
ਥਾਂ ਥਾਂ ਉੱਤੇ ਏਸ ਗੰਦਗੀ ਦੇ ਢੇਰ ਲਾਏ, ਚੰਗੇ ਚੰਗੇ ਬੂਟਿਆਂ ਨੂੰ ਜੜ੍ਹਾਂ ਤੋਂ ਉਖਾੜਿਆ।
ਗਲੀਆਂ ਮਹੱਲਿਆਂ ਤੋਂ ਕੂੜੇ ਦੀ ਸੜ੍ਹਾਂਦ ਆਵੇ, ਟੱਟੀ ਤੇ ਪਿਸ਼ਾਬ ਵਾਯੂ ਮੰਡਲ ਨੂੰ ਸਾੜਿਆ।
ਨੱਕ ਘੁੱਟ ਲੋਕਾਂ ਤਾਈਂ ਲੰਘਣਾ ਮਹਾਲ ਹੋਇਆ, ਗੋਡੇ ਗੋਡੇ ਗੰਦ ਬੰਦੇ ਗੰਦਿਆਂ ਖਿਲਾਰਿਆ।

(੩)

ਨਦੀਆਂ ਤੇ ਨਾਲਿਆਂ ਦਾ ਨੀਰ ਕੁੰਗੂ ਵਾਂਗਰਾਂ ਸੀ ਹੁਣ ਇਨ੍ਹਾਂ ਵਿਚੋਂ ਆਉਂਦੀ ਦੂਰੋਂ ਹੀ ਸੜਾਂਦ ਏ।
ਕਾਰਖਾਨਿਆਂ ਦਾ ਪਾਣੀ ਤੇਜ਼ ਜੋ ਤੇਜ਼ਾਬ ਵਾਲਾ, ਨਦੀਆਂ ਵਿਚ ਸੁੱਟ ਭਰ ਦਿੱਤੀ ਏਹ ਕੜਾਂਦ ਏ।
ਪਸ਼ੂ ਤੇ ਪੰਛੀ ਏ ਪਰਿੰਦੇ ਤੇ ਚਰਿੰਦੇ ਸਭ, ਕਿਥੋਂ ਪੀਣ ਪਾਣੀ ਕਿਵੇਂ ਲਾਹੁਣ ਏ ਭਰਾਂਦ ਏ।
ਚੁੱਕ ਕੇ ਏਹ ਗੰਦ ਜੋ ਲਿਆਂਦੇ ਨੇ ਏ ਸਿਰਾਂ ਉੱਤੇ, ਉਨ੍ਹਾਂ ਵਿੱਚ ਵੇਖ ਰੱਬਾ ਕਿੰਨੀ ਹੀ ਜਰਾਂਦ ਏ।

(੪)

ਸੜਕਾਂ ਤੇ ਵੇਖੋ ਕਾਰਾਂ ਮੋਟਰਾਂ ਸਕੂਟਰਾਂ ਦੀ, ਲੱਗੀ ਰਹਿੰਦੀ ਹਰ ਵੇਲੇ ਲੰਮੀ ਹੀ ਕਤਾਰ ਏ।
ਬੱਸਾਂ ਤੇ ਟਰੱਕਾਂ ਦਿਆਂ ਟੁੱਟਿਆਂ ਸਲੰਸਰਾਂ 'ਚੋਂ ਧੂੰਆਂ ਵਿਚੋਂ ਨਿਕਲਦਾ ਏ ਬੰਨ੍ਹ ਲੰਮੀ ਧਾਰ ਏ।
ਟੁੱਟੇ ਹੋਏ ਵਹੀਕਲਾਂ ਦਾ ਹੁੰਦਾ ਏ ਖੜਾਕ ਏਵੇਂ, ਢੋਲ ਤੇ ਧਮੱਕੇ ਨਾਲ ਪੈਂਦੀ ਜਿਉਂ ਧਮਾਲ ਏ।
ਘੁੱਟਦਾ ਏ ਸਾਹ, ਨਾ ਕੋਈ ਦਿਸਦਾ ਏ ਰਾਹ, ਏਦੀ ਕੋਈ ਨਾ ਦੁਵਾ, ਹੋਈ ਜ਼ਿੰਦਗੀ ਬੇਕਾਰ ਏ।

(੫)

ਏਸ ਧੂੰਏ ਦਾ ਅੰਜਾਮ ਹੁੰਦਾ ਨਜ਼ਲਾ ਜ਼ੁਕਾਮ, ਦਮਾ ਪਾਂਦਾ ਏ ਲਗਾਮ ਹੁੰਦੀ ਖੰਘ ਤੇ ਬੁਖਾਰ ਏ।
ਪੂਰਾ ਬਣਦਾ ਨਹੀਂ ਖੂਨ, ਵਧਣ ਰੋਗ ਦਿਨ ਦੂਣ, ਰੋਗੀ ਭੋਗਦੇ ਨੇ ਜੂਨ, ਹੁੰਦੇ ਟੀ. ਬੀ. ਦੇ ਸ਼ਿਕਾਰ ਏ।
ਕਰਨ ਨਿੱਤ ਖਊਂ-ਖਊਂ, ਨੱਕ ਕਰੇ ਸੂੰ ਸੂੰ, ਖਾਣ ਪੁੜੀ ਭਊਂ ਚਊਂ, ਕੀਤਾ ਦੂਸ਼ਨ ਲਚਾਰ ਏ।
ਧੂੰਆਂ ਅੱਖੀਆਂ ਵਿਚ ਪਵੇ, ਏਹ ਤਾਂ ਡੇਲਿਆਂ ਨੂੰ ਲਵੇ, ਕਦੀ ਉੱਠੇ ਕਦੀ ਬਵ੍ਹੇ ਕਿੱਦਾਂ ਹੋਊਗਾ ਸੁਧਾਰ ਏ

(੬)

ਹਵਾ ਵਿਚ ਘੁਲੇ ਜ਼ਹਿਰ, ਕਿਤੇ ਕਰੇ ਨਾ ਇਹ ਕਹਿਰ, ਹੋਣੀ ਕਿਸੇ ਦੀ ਨਹੀਂ ਖ਼ੈਰ, ਏਸ ਗੱਲ ਨੂੰ ਵਿਚਾਰਿਓ।
ਕਰੋ ਧੂੰਏ ਦਾ ਉਪਾ, ਸਾਫ ਰੱਖਿਉ ਹਵਾ, ਕਿਤੇ ਪਵੇ ਨਾ ਦਬਾ, ਵੇਖੋ ਹਿੰਮਤ ਨਾ ਹਾਰਿਉਂ।
ਇਹ ਹੈ ਇਕ ਦੀ ਨਈਂ ਕਾਰ, ਸਾਫ ਰੱਖੋ ਘਰ ਬਾਰ, ਫੇਰ ਕਰੋਗੇ ਬਹਾਰ ਬੇੜੇ ਡੁੱਬਦੇ ਨੂੰ ਤਾਰਿਓ।
ਸਭ ਸਮਝੋ ਫਰਜ਼ 'ਚੀਮਾ' ਸਭ ਦੀ ਗਰਜ਼ ਖਤਮ ਹੋਵੇਗੀ ਮਰਜ਼ ਤੇ ਭਵਿੱਖ ਨੂੰ ਸਵਾਰਿਓ।

*ਪਿੰਡ ਭੁਲੇਵਾਲ, ਤਹਿ ਸੁਲਤਾਨਪੁਰ ਲੋਧੀ*
*ਜ਼ਿਲ੍ਹਾ ਕਪੂਰਥਲਾ*


Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

# ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

10240/54, Library Road, Azad Market, Delhi-110006

Mobile Phone : S. Charanjit Singh 9810556398
S. Satvinder Singh 9811095210



Namdhari Elibrary NamdhariElibrary@gmail.com

# ਅਯੋਧਿਆ—ਇਕ ਇਤਿਹਾਸਕ ਖੋਜ

*—ਕਰਤਾਰ ਸਿੰਘ ਨੀਲਧਾਰੀ*

ਅਯੋਧਿਆ ਦੇ ਸ੍ਰੀ ਰਾਮ ਮੰਦਿਰ ਦੀ ਉਸਾਰੀ ਦੇ ਨਾਮ ਤੇ ਭਾਰਤੀ ਰਾਜਨੀਤੀ ਵਿਚ ਅਨੇਕਾਂ ਭੂਚਾਲ ਆ ਚੁੱਕੇ ਹਨ ਅਤੇ ਅਗੋਂ ਆਉਂਦੇ ਰਹਿਣਗੇ ਜਦੋਂ ਤੱਕ ਮੰਦਿਰ ਨਿਰਮਾਣ ਰਾਹ ਦੇ ਅੜਿੱਕਿਆਂ ਦਾ ਕੋਈ ਪ੍ਰੇਮ ਭਰਿਆ ਸਮਾਧਾਨ ਨਾ ਹੋ ਜਾਵੇ। ਦੇਸ਼ ਦੀ ਆਜ਼ਾਦੀ ਤੋਂ ਬਾਦ ਭਾਰਤ ਦੇ ਹੋਮ ਮਨਿਸਟਰ ਸ੍ਰਦਾਰ ਵੱਲਭ ਭਾਈ ਪਟੇਲ ਨੇ ਜਿਹੜੀ ਤਤਪਰਤਾ ਨਾਲ ਸੋਮਨਾਥ ਮੰਦਿਰ ਦੀ ਉਸਾਰੀ ਸ਼ੁਰੂ ਕਰਵਾ ਦਿੱਤੀ ਸੀ ਉਸੇ ਤਰ੍ਹਾਂ ਬਦੇਸ਼ੀ ਮੁਸਲਮਾਨ ਹਕੂਮਤ ਵੱਲੋਂ ਉਜਾੜੇ ਅਯੋਧਿਆ ਦੇ ਸ੍ਰੀ ਰਾਮ ਮੰਦਿਰ, ਮਥੁਰਾ ਦਾ ਸ੍ਰੀ ਕਿਸ਼ਨ ਮੰਦਿਰ ਅਤੇ ਕਾਂਸ਼ੀ ਦੇ ਸ਼ਿਵ ਮੰਦਿਰ ਦਾ ਕਾਇਆ ਕਲਪ ਕਰਵਾ ਦਿੱਤਾ ਹੁੰਦਾ ਤਾਂ ਇਹ ਕਲੰਕ ਕਲੇਸ਼ ਸਦਾ ਲਈ ਮੁੱਕ ਜਾਣੇ ਸੀ। ਲਾਹੌਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਮਸੀਤਾਂ ਬਣਾਏ ਗਏ ਸਿੱਖ ਗੁਰੂਧਾਮ ਮੁੜ ਉਸਾਰੇ ਗਏ ਸੀ ਅਤੇ ਮੁਸਲਮਾਨਾਂ ਨੂੰ ਰਾਜਕੋਸ਼ ਨਾਲ ਵਿਸ਼ਾਲ ਮਸੀਤ ਬਣਾ ਕੇ ਦਿੱਤੀ ਗਈ ਸੀ। ਅਜਿਹੀ ਸੁਯੋਗ ਨੀਤੀ ਨਾਲ ਮੰਦਿਰਾਂ ਦੀ ਮੁੜ ਪਵਿਤ੍ਰ ਬਹਾਲੀ ਦੇ ਨਾਲ ਮੁਸਲਮਾਨਾਂ ਲਈ ਵਿਸ਼ਾਲ ਮਸੀਤਾਂ ਬਣਾ ਕੇ ਧਾਰਮਿਕ ਸਦਭਾਵਨਾ ਦਾ ਨਵਾਂ ਅਧਿਆਏ ਲਿਖਿਆ ਜਾ ਸਕਦਾ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਸੰਗ੍ਰਹਿ ਦਸਮ ਗੁਰੂ ਗ੍ਰੰਥ ਵਿਚ ਚੌਬੀਸ ਅਵਤਾਰਾਂ ਦੇ ਕਥਾਨਕ ਵਿਚ ਰਾਮਾਵਤਾਰ ਨੂੰ ਇਕ ਪੂਰੀ ਪੋਥੀ ਦਾ ਵਿਸਤਾਰ ਦਿੱਤਾ ਗਿਆ ਹੈ। ਇਸ ਰਾਮ ਕਥਾ ਦੇ ਆਧਾਰ ਵਿਚ ਬਾਲਮੀਕੀ ਰਾਮਾਯਣ ਅਤੇ ਲੋਕ ਪਰੰਪਰਾਵਾਂ ਦਾ ਕਿੰਨਾ ਮਿਸ਼੍ਰਣ ਹੈ ਇਹ ਖੋਜੀ ਵਿਦਵਾਨਾਂ ਦੀ ਖੋਜ ਦਾ ਗੰਭੀਰ ਵਿਸ਼ਾ ਹੈ। ਇਸ ਰਾਮਕਥਾ ਨਾਲ ਜੁੜੇ ਬਹੁਤੇ ਸਥਾਨ ਸਪਤ ਸਿੰਧੂ (ਸੱਤ ਨਦੀਆਂ ਦੀ ਧਰਤੀ) ਜਾਂ ਪੰਚਨਦ (ਪੰਜ+ਆਬ-ਪੰਜਾਬ) ਨਾਲ ਜੁੜੇ ਹੋਏ ਹਨ। ਰਾਮਾਵਤਾਰ ਅਨੁਸਾਰ ਹੇਠਲੇ ਉਲੇਖ ਗੰਭੀਰ ਚਿੰਤਨ ਅਤੇ ਖੋਜ ਦੇ ਮੁਹਤਾਜ ਹਨ। ਰਾਜਾ ਦਸ਼ਰਥ ਅਤੇ ਉਸਦੇ ਪਿਤਾ ਰਾਜਾ ਅੱਜ ਦੇ ਨਾਲ ਜੁੜੇ ਬਹੁਤੇ ਸਥਾਨ ਇਸ ਪੰਜਾਬ ਦੇ ਹੀ ਹਨ ਅਤੇ ਇਸ ਪ੍ਰਥਾਏ ਹੇਠਲੇ ਕੁਝ ਨੁਕਤੇ ਵਿਚਾਰਨੇ ਜ਼ਰੂਰੀ ਹਨ। ਇਸ ਚਿੰਤਨ ਨਾਲ ਕਈ ਦੁਰਲੱਭ ਨਤੀਜੇ ਸਾਹਮਣੇ ਆ ਜਾਣਗੇ—

੧. ਰਾਜ ਅੱਜ ਦਾ ਪੁੱਤਰ ਰਾਜਾ ਦਸ਼ਰਥ ਸ਼ਿਕਾਰ ਦਾ ਬਹੁਤ ਸ਼ੌਕੀਨ ਸੀ। ਰਾਜਾ ਅੱਜ ਦੇ ਨਾਮ ਤੇ ਇਕ ਸਰੋਵਰ ਖਰੜ ਨਗਰ (ਜ਼ਿਲ੍ਹਾ ਰੋਪੜ) ਵਿਚ ਪੁਰਾਤਨ ਕਾਲ ਤੋਂ ਸ੍ਰੀ ਰਾਮ ਦੇ ਵਡੇਰਿਆਂ ਨਾਲ ਜੁੜਿਆ ਕਿਹਾ ਜਾਂਦਾ ਹੈ। ਭਾਰਤ ਦੇ ਕਿਸੇ ਹੋਰ ਥਾਂ ਤੇ ਸ੍ਰੀ ਰਾਮ ਜੀ ਦੇ ਦਾਦਾ ਰਾਜਾ ਅੱਜ ਦੇ ਨਾਮ ਨਾਲ ਜੁੜਿਆ ਕੋਈ ਪੁਰਾਤਨ ਸਥਾਨ ਹੈ ਜਾਂ ਨਹੀਂ ਇਹ ਵੱਖਰੀ ਖੋਜ ਦਾ ਵਿਸ਼ਾ ਹੈ।

੨. ਰਾਜਾ ਦਸ਼ਰਥ ਨੇ ਆਪਣੇ ਸ਼ਿਕਾਰ ਦੇ ਸ਼ੌਕ ਵਿਚ ਭਰਮਣ ਕਰਦੇ ਹੋਏ ਪਹਿਲਾ ਵਿਆਹ ਕੁਹੜਾਮ (ਘੁੜਾਮ ਜ਼ਿਲ੍ਹਾ ਪਟਿਆਲਾ) ਰਾਜੇ ਦੀ ਕੰਨਿਆ ਕੌਸ਼ਲਿਆ ਦੇ ਨਾਲ ਕੀਤਾ। ਇਹ ਵਿਆਹ ਉਸ ਕੰਨਿਆ ਦੇ ਸਵੰਬਰ ਵਿਚ ਉਸ ਕੰਨਿਆ ਦੇ ਵਰਣ ਕਾਰਣ ਹੋਇਆ। ਕੁਹੜਾਮ ਜਾਂ ਘੁੜਾਮ ਪਟਿਆਲਾ ਤੋਂ ਬਾਰਾਂ ਕੋਹ ਤੇ ਅਜ ਵੀ ਵਸਦਾ ਪਿੰਡ ਹੈ ਅਤੇ ਸ੍ਰੀ ਰਾਮ ਜੀ ਦੇ ਨਾਨਕਾ ਨਗਰ ਕਰਕੇ ਜਾਣਿਆ ਜਾਂਦਾ ਹੈ।

੩. ਰਾਜਾ ਦਸ਼ਰਥ ਨੇ ਮਦ੍ਰ ਦੇਸ਼ ਨੂੰ ਜਿੱਤ ਲਿਆ ਤੇ ਉਥੋਂ ਦੇ ਰਾਜਾ ਸੁਮਿਤਸੈਨ ਨਾਮੇ ਬਲੀ ਰਾਜੇ ਦੀ ਕੰਨਿਆ ਸੁਮਿਤ੍ਰਾ ਨਾਲ ਦੂਜਾ ਵਿਆਹ ਕੀਤਾ। ਮਹਾਂਭਾਰਤ ਅਨੁਸਾਰ "ਮਦ੍ਰਦੇਸ਼" ਕੀਰਤਪੁਰ-ਅਨੰਦਪੁਰ ਨਾਲ ਲਗਦਾ ਪਹਾੜੀ ਇਲਾਕਾ ਕਹਿਲੂਰ ਜਾਂ ਵਰਤਮਾਨ ਬਿਲਾਸਪੁਰ (ਹਿਮਾਚਲ) ਦਾ ਇਲਾਕਾ ਮਿਥਿਆ ਜਾਂਦਾ ਹੈ। ਪਾਂਡਵਾਂ ਦੇ ਪਿਤਾ ਰਾਜੇ ਪਾਂਡੂ ਨੇ ਆਪਣੇ ਵਿਜੈ ਅਭਿਯਾਨ ਵਿਚ ਮਦ੍ਰਦੇਸ਼ ਨੂੰ ਆਪਣੇ ਅਧੀਨ ਕਰਕੇ ਰਾਜਕੁਮਾਰੀ ਮਾਦ੍ਰੀ ਨਾਲ ਵਿਆਹ ਕੀਤਾ ਸੀ। ਇਸ ਰਾਣੀ ਮਾਦ੍ਰੀ ਤੋਂ ਅਸ਼ਵ ਕੁਮਾਰਾਂ ਦੇ ਸੰਯੋਗ ਨਾਲ ਨੁਕਲ-ਸਹਿਦੇਵ ਦਾ ਜਨਮ ਹੋਇਆ ਸੀ। ਵੱਡੀ ਰਾਣੀ ਕੁੰਤੀ ਨੇ ਦੁਰਬਾਸ਼ਾ ਰਿਸ਼ੀ ਤੋਂ ਮਿਲੇ ਵਰਦਾਨ ਦੀ ਸ਼ਕਤੀ ਨਾਲ ਦੇਵਤਿਆਂ ਨੂੰ ਸੱਦਾ ਦੇਣ ਦੀ ਸਮਰਥਾ ਪ੍ਰਾਪਤ ਕੀਤੀ ਸੀ। ਉਸ ਨੇ ਵਰਦਾਨ ਦੀ ਪ੍ਰੀਖਿਆ ਲਈ ਕੁਆਰੇ ਹੁੰਦੇ ਸੂਰਜ ਦੇਵਤੇ ਨੂੰ ਸੱਦਾ ਦੇ ਦਿੱਤਾ ਤੇ ਉਸ ਦੇ ਸੰਯੋਗ ਨਾਲ ਪ੍ਰਾਪਤ ਪੁੱਤਰ ਨੂੰ ਮਗਰੋਂ ਗੰਗਾ ਵਿਚ ਰੋਹੜ੍ਹ ਦਿੱਤਾ ਸੀ ਜਿਸ ਨੂੰ ਰਾਧੇ ਨਾਮੀ ਰਥਵਾਨ ਨੇ ਪਾਲਿਆ ਸੀ ਅਤੇ ਦਾਨ ਵੀਰ ਕਰਣ ਦੇ ਨਾਮ ਨਾਲ ਮਸ਼ਹੂਰ ਹੋਇਆ ਸੀ। ਪਾਂਡੂ ਜਨਮ ਜਾਤ ਪੀਲੀਆ ਰੋਗ ਦਾ ਮਰੀਜ਼ ਸੀ ਅਤੇ ਸੰਤਾਨ ਪੈਦਾ ਕਰਨ ਤੋਂ ਅਸਮਰਥ ਸੀ ਤੇ ਕੁੰਤੀ ਦੇ ਵਰਦਾਨ ਪਤਾ ਲਗਣ ਤੇ ਉਸ ਨੇ ਆਪਣੀ ਪਤਨੀ ਨੂੰ ਦੇਵਤਿਆਂ ਨਾਲ ਸੰਯੋਗ



Namdhari Elibrary NamdhariElibrary@gmail.com

ਕਰਨ ਲਈ ਪ੍ਰੇਰਿਆ ਸੀ। ਧਰਮਰਾਜ ਤੋਂ ਯੁਧਿਸ਼ਟਰ, ਪਵਨ ਦੇਵਤਾ ਤੋਂ ਭੀਮ ਅਤੇ ਇੰਦਰ ਤੋਂ ਅਰਜੁਨ ਦਾ ਜਨਮ ਹੋਇਆ ਸੀ ਅਤੇ ਕੁੰਤੀ ਦੀ ਕਿਰਪਾ ਨਾਲ ਮਾਦ੍ਰੀ ਨੂੰ ਦੇਵ ਪੁੱਤਰਾਂ ਦੀ ਪ੍ਰਾਪਤੀ ਹੋਈ ਸੀ।

ਬਚਿਤ੍ਰ ਨਾਟਕ ਵਿਚ ਦਸਮੇਸ਼ ਸਤਿਗੁਰੂ ਜੀ ਨੇ ਪਟਨੇ ਵਿਚ ਬਾਲਪਨ ਗੁਜ਼ਾਰ ਕੇ ਆਨੰਦਪੁਰ ਆਉਣ ਦੀ ਘਟਨਾ ਨੂੰ 'ਮਦ੍ਰ ਦੇਸ਼ ਹਮ ਕੋ ਲੈ ਆਏ' ਲਿਖਿਆ ਹੈ। ਫਾਰਸੀ ਦੇ ਵਿਦਵਾਨ ਮਦ੍ਰ ਦੇਸ਼ ਦਾ ਅਰਥ ਮਾਤ-ਭੂਮੀ ਜਾਂ ਪੰਜਾਬ ਕਰਦੇ ਹਨ, ਪਰ ਇਸ ਪੌਰਾਣਿਕ ਆਖਿਆਨ ਵਿਚ ਕਹਿਲੂਰ ਦਾ ਪੌਰਾਣਿਕ ਨਾਮ ਮਦ੍ਰ ਦੇਸ਼ ਵਰਤਿਆ ਗਿਆ ਹੈ। ਮਹਾਂਭਾਰਤ ਅਨੁਸਾਰ ਮਦ੍ਰਦੇਸ਼ ਨਾਲ ਲਗਦਾ ਦੇਸ਼ ਬਾਲਹੀਕ ਹੈ ਜਿਸ ਨੂੰ ਅੱਜ-ਕਲ ਬਲਹ ਕਹਿੰਦੇ ਹਨ ਅਤੇ ਇਸ ਵਿਚ ਮੰਡੀ ਤੇ ਸੁਕੇਤ ਦੋਵੇਂ ਰਿਆਸਤਾਂ (ਅੱਜ ਕਲ ਜ਼ਿਲ੍ਹਾ ਮੰਡੀ ਹਿਮਾਚਲ) ਆ ਜਾਂਦੀਆਂ ਹਨ। ਇਸ ਤੋਂ ਅਗਲਾ ਇਲਾਕਾ ਕਲੂਤ ਗਿਣਾਇਆ ਗਿਆ ਜਿਸਨੂੰ ਅੱਜ ਕਲ ਕੁਲੂ ਕਿਹਾ ਜਾਂਦਾ ਹੈ।

ਇਸ ਤਰ੍ਹਾਂ ਲਕਸ਼ਮਣ ਤੇ ਸ਼ਤਰੂਘਣ ਦੀ ਮਾਤਾ ਸੁਮਿਤ੍ਰਾ ਦਾ ਪੇਕਾ ਮਦ੍ਰਦੇਸ਼ (ਕਹਿਲੂਰ) ਹੀ ਨਿਸ਼ਚਿਤ ਹੁੰਦਾ ਹੈ। ਮਹਾਂਭਾਰਤ ਕਾਲੀਨ ਨਕੁਲ-ਸਹਿਦੇਵ ਦਾ ਨਾਨਕਾ ਵੀ ਇਹੋ ਸੀ ਤੇ ਇਥੋਂ ਦਾ ਰਾਜਾ ਸ਼ਲਿਆ ਮਹਾਂਭਾਰਤ ਯੁੱਧ ਵਿਚ ਦੁਰਯੋਧਨ ਵੱਲੋਂ ਆਗਵਾਨੀ ਹੋਣ ਕਾਰਣ ਕੌਰਵਾਂ ਵੱਲੋਂ ਲੜਿਆ ਸੀ ਅਤੇ ਕੌਰਵਾਂ ਦੇ ਤੀਜੇ ਸੈਨਾਪਤੀ ਕਰਣ ਦਾ ਸੋਲਵੇਂ-ਸਤਾਰਵੇਂ ਦਿਨ ਦੇ ਜੰਗ ਵਿਚ ਰਥਵਾਨ ਬਣਿਆ ਸੀ ਅਤੇ ਅਠਾਰਵੇਂ ਦਿਨ ਦਾ ਸੈਨਾਪਤੀ ਵੀ ਬਣਿਆ ਸੀ।

੪. ਰਾਜਾ ਦਸਰਥ ਦੀਆਂ ਦੋ ਰਾਣੀਆਂ ਤੋਂ ਕੋਈ ਸੰਤਾਨ ਨਾ ਹੋਈ ਤਾਂ ਉਸਨੇ ਕਸਟੁਆਰ (ਵਰਤਮਾਨ ਕਠੂਆ-ਜੰਮੂ) ਦੀ ਰਾਜ ਕੁਮਾਰੀ ਕੈਕੇਈ ਨਾਲ ਤੀਜਾ ਵਿਆਹ ਕੀਤਾ। ਕੈਕੇਈ ਦੇ ਮਾਇਕੇ ਕੈਕਯਦੇਸ਼ ਵਿਚ ਭਰਤ ਆਪਣੇ ਬਾਲ-ਸਖਾਈ ਭਰਾ ਸ਼ਤਰੂਘਣ ਨਾਲ ਨਾਨਕੇ ਗਏ ਹਏ ਸਨ ਜਦੋਂ ਰਾਜਾ ਦਸ਼ਰਥ ਦੀ ਮੌਤ ਹੋਈ ਸੀ। ਅਤੇ ਗੁਰੂ ਵਸ਼ਿਸ਼ਟ ਜੀ ਨੇ ਇਹਨਾਂ ਨੂੰ ਬੁਲਾਵਾ ਭੇਜਿਆ ਸੀ। ਕੈਕੇਈ ਦੇ ਦੇਸ਼ ਕਸਟੁਆਰ ਜਾਂ ਕਠੂਆ ਜਾਂ ਕੈਕੇਅ ਦਾ ਜ਼ਿਕਰ ਕਿਸੇ ਦੁਬਿਧਾ ਦੀ ਖੋਜਬੀਨ ਦਾ ਮੁਹਤਾਜ ਨਹੀਂ ਸਗੋਂ ਨਿਰਵਿਵਾਦ ਪ੍ਰਮਾਣਿਤ ਹੈ।

੫. ਸੀਤਾ ਜੀ ਨੂੰ ਬਨਵਾਸ ਅਤੇ ਲੰਕਾ ਤੋਂ ਅਯੋਧਿਆ ਆ ਕੇ ਦੁਬਾਰਾ ਬਨਵਾਸ ਮਿਲਿਆ ਅਤੇ ਸ੍ਰੀ ਰਾਮ ਜੀ ਦੇ ਹੁਕਮ ਨਾਲ ਲਕਸ਼ਮਣ ਸੀਤਾ ਜੀ ਨੂੰ ਅਯੋਧਿਆ ਦੀ ਰਾਜ ਸੀਮਾ ਤੋਂ ਬਾਹਰ ਜੰਗਲ ਵਿਚ ਛੱਡ ਗਿਆ। ਜਿਥੇ ਬਾਲਮੀਕੀ ਆਸ਼ਰਮ ਵਿਚ ਲਵ-ਕੁਸ਼ ਦਾ ਜਨਮ ਹੋਇਆ ਸੀ। ਸ੍ਰੀ ਰਾਮ ਦੇ ਅਸ਼ਵਮੇਧ ਯੱਗ ਦੇ ਘੋੜੇ ਨੂੰ ਲਵ ਕੁਸ਼ ਨੇ ਫੜ ਕੇ ਸ੍ਰੀ ਰਾਮ ਜੀ ਸਮੇਤ ਸਾਰੀ ਫੌਜਾਂ ਨੂੰ ਨਿਰਜੀਵ ਜਾਂ ਮੂਰਛਿਤ ਕਰ ਦਿੱਤਾ ਸੀ। ਬਾਲਮੀਕ ਜੀ ਨੇ ਦੇਵ ਲੋਕ ਤੋਂ ਅੰਮ੍ਰਿਤ ਲਿਆ ਕੇ ਸ੍ਰੀ ਰਾਮ ਜੀ ਦੀ ਸਾਰੀ ਸੈਨਾ ਨੂੰ ਸੁਰਜੀਤ ਕੀਤਾ ਸੀ। ਮੌਜੂਦਾ ਅੰਮ੍ਰਿਤਸਰ ਤੋਂ ਥੋੜੀ ਦੂਰ ਰਾਮ ਤੀਰਥ ਅੱਜ ਵੀ ਬਾਲਮੀਕੀ ਆਸ਼ਰਮ ਅਤੇ ਲਵ-ਕੁਸ਼ ਦੇ ਜਨਮ ਨਾਲ ਜੁੜੀ ਸਾਰੀ ਕਥਾ ਸਮੇਟ ਕੇ ਬੈਠਾ ਹੈ। ਇਥੇ ਰਿਸ਼ੀ ਬਾਲਮੀਕ ਦਾ ਮੇਲਾ ਅੱਸੂ ਦੀ ਪੂਰਨਮਾਸ਼ੀ ਤੇ ਕੱਤਕ ਦੀ ਪੂਰਨਮਾਸ਼ੀ ਪ੍ਰਸਿੱਧ ਹੈ।

ਸ੍ਰੀ ਹਰਿਮੰਦਿਰ ਸਾਹਿਬ ਨਾਲ ਜੁੜੇ ਪੌਰਾਣਿਕ ਪ੍ਰਕਰਣਾਂ ਅਨੁਸਾਰ ਉਸ ਸਮੇਂ ਬਚਿਆ ਹੋਇਆ ਅੰਮ੍ਰਿਤ ਧਰਤੀ ਵਿਚ ਦਬਾ ਦਿੱਤਾ ਗਿਆ ਸੀ। ਜਿਥੇ ਦੁਖ ਭੰਜਨੀ ਬੇਰੀ ਨਾਲ ਜੁੜੇ ਤਾਲਾਬ ਵਿਚ ਰਜਨੀ (ਪੱਟੀ ਦੇ ਜ਼ਿਮੀਦਾਰ ਦੀ ਬੇਟੀ) ਦਾ ਕੋਹੜੀ ਪਤੀ ਰਾਜ਼ੀ ਹੋਇਆ ਸੀ। ਅਤੇ ਤੀਸਰੇ ਜਾਮੇ ਸਮੇਂ ਸੁਧਾਸਰ ਦੀ ਪ੍ਰਗਟਤਾਈ ਹੋਈ ਸੀ। ਤੀਸਰੇ ਜਾਮੇ ਦੇ ਹੁਕਮ ਨਾਲ ਚੌਥੇ ਜਾਮੇ ਨੇ ਇਸ ਤਾਲਾਬ ਨੂੰ ਵੱਡਾ ਆਕਾਰ ਦਿੱਤਾ ਅਤੇ ਪੰਚਮ ਪਾਤਸ਼ਾਹ ਸਮੇਂ ਵਰਤਮਾਨ ਪੱਕਾ ਤਾਲ ਹੋਂਦ ਵਿੱਚ ਆਇਆ।

੬. ਬਚਿੱਤ੍ਰ ਨਾਟਕ ਅਨੁਸਾਰ ਸ੍ਰੀ ਰਾਮ ਦੇ ਪੁੱਤਰ ਲਵ ਨੇ ਲਵਪੁਰ (ਲਾਹੌਰ) ਅਤੇ ਕੁਸ਼ ਨੇ ਕੁਸ਼ਪੁਰ (ਕਸੂਰ) ਵਸਾਇਆ ਸੀ। ਲਵ ਕੁਸ਼ ਨੂੰ ਇਸ ਇਲਾਕੇ ਦੇ ਰਾਜ ਮਿਲਣ ਅਤੇ ਇਨ੍ਹਾਂ ਨਗਰਾਂ ਦੀ ਉਸਾਰੀ ਦੇ ਕਈ ਪੌਰਾਣਿਕ ਉਲੇਖ ਮਿਲ ਜਾਂਦੇ ਹਨ।

ਮੰਥਨ— ਉਪਰਲੇ ਨੁਕਤਿਆਂ ਨੂੰ ਵਿਚਾਰ ਕੇ ਅਸੀਂ ਇਸ ਨਤੀਜੇ ਤੇ ਪੁੱਜਦੇ ਹਾਂ ਕਿ ਦਸ਼ਰਥ ਦਾ ਰਾਜ ਪੰਚਨਦ ਖੇਤਰ ਵਿਚ ਹੀ ਸੀ। ਦੂਰ ਅਵਧ ਤੋਂ ਪੰਚਨਦ ਆ ਕੇ ਸ਼ਿਕਾਰ ਖੇਡਣ ਦਾ ਕੋਈ ਤੁੱਕ ਨਹੀਂ ਬਣ ਸਕਦਾ। ਕੋਈ ਵੀ ਰਾਜਾ ਆਪਣੇ ਰਾਜ ਖੇਤਰ ਅਤੇ ਪ੍ਰਭਾਵ ਖੇਤਰ (ਕਰਦਾਤਾ) ਤੋਂ ਬਾਹਿਰ ਜਾ ਕੇ ਸ਼ਿਕਾਰ ਖੇਡਣ ਦਾ ਜੋਖਿਮ ਨਹੀਂ ਉਠਾ ਸਕਦਾ ਅਤੇ ਨਾ ਹੀ ਇਹ ਵਿਵਹਾਰਿਕ ਕਿਹਾ ਜਾ ਸਕਦਾ ਹੈ। ਅਜ ਦਸ਼ਰਥ, ਸ੍ਰੀ ਰਾਮ ਤੇ ਲਵਕੁਸ਼ ਨਾਲ ਜੁੜੇ ਹੋਏ ਬਹੁਤ ਸਾਰੇ ਨਗਰ ਨਾਮ ਇਸ ਪੰਚਨਦ ਨਾਲ ਜੁੜੇ ਹੋਏ ਹਨ ਅਤੇ ਇਹ ਨਿਸ਼ਚਿਤ ਕਰਨਾ ਪਵੇਗਾ ਕਿ ਅਯੋਧਿਆ ਨਗਰ (ਰਾਜਧਾਨੀ) ਵੀ ਇਥੇ ਹੀ ਹੋਣੀ ਚਾਹੀਦੀ ਹੈ। ਮਿੰਟਗੁਮਰੀ ਜ਼ਿਲ੍ਹੇ ਦਾ ਅਯੋਧਨ ਨਗਰ ਇਸ ਖੋਜ ਕਸੌਟੀ ਤੇ ਪੂਰਾ ਉਤਰਦਾ ਹੈ। ਅਯੋਧਨ


Namdhari Elibrary NamdhariElibrary@gmail.com

ਨਾਮ ਸ਼ੁਧ ਆਰਯਾ ਸੰਸਕ੍ਰਿਤੀ ਦਾ ਨਾਮ ਹੈ ਅਤੇ ਅਯੋਧਿਆ ਦਾ ਪੂਰਵ ਵਰਤੀ ਜਾਂ ਉਤਰਵਰਤੀ (ਪਹਿਲਾ ਜਾਂ ਬਾਦ ਦਾ) ਪਰੀਯਾਯਵਾਚੀ ਨਾਮ ਹੈ। ਸ਼ੇਖ ਬਾਬਾ ਫਰੀਦ ਜੀ ਦਾ ਡੇਰਾ ਹੋ ਜਾਣ ਤੋਂ ਬਾਦ ਇਸ ਨੂੰ ਪਾਕਪਟਨ (ਪਵਿਤ੍ਰ ਨਗਰ) ਦਾ ਰੁਤਬਾ ਮਿਲਿਆ। ਮਹਾਨਕੋਸ਼ ਅਨੁਸਾਰ (ਪੰਨਾ ੭੫੯)ਪੰਜਾਬ ਦੇ ਜ਼ਿਲੇ ਮਿੰਟਗੁਮਰੀ ਇਕ ਨਗਰ (ਪਾਕਪਟਨ) ਜਿਥੇ ਮਹਾਤਮਾ ਫਰੀਦ ਜੀ ਰਹਿੰਦੇ ਸਨ। ਇਸ ਦਾ ਪੁਰਾਣਾ ਨਾਮ ਅਜੋਧਨ ਹੈ। ਸਤਿਗੁਰੂ ਨਾਨਕਦੇਵ ਜੀ ਇਥੇ ਪਧਾਰੇ ਸਨ।

ਬੇਸ਼ਕ ਉਪਰੋਕਤ ਖੋਜ ਸੂਚਨਾ ਕਿਸੇ ਸੰਸੋਹੀਨ ਨਤੀਜੇ ਤੇ ਪੁੱਜਣ ਲਈ ਕਾਫੀ ਨਾ ਹੋਵੇ, ਪਰ ਇਸ ਸੂਚਨਾ ਨੂੰ ਆਧਾਰ ਬਣਾ ਕੇ ਨਿਸ਼ਚਿਤ ਨਤੀਜਾ ਖੋਜਣਾ ਵੀ ਜ਼ਰੂਰੀ ਲਗਦਾ ਹੈ। ਅਜੋਧਨ ਨਾਮ ਅਜੋਧਿਆ ਦਾ ਸਾਮਾਨਾਂਤਰ ਅਤੇ ਸਮਾਨਅਰਥੀ ਜ਼ਰੂਰ ਹੈ ਅਤੇ ਉਪਰਲੇ ਰਾਮਾਵਤਾਰ ਦੇ ਤੱਥਾਂ ਨਾਲ ਖੋਜ ਦਾ ਜ਼ਰੂਰੀ ਵਿਸ਼ਾ ਹੈ— ਆਰਯਾਰਾਜ-ਮਨੂ ਸਿਮ੍ਰਤੀ ਦੇ ਦੂਜੇ ਅਧਿਆਏ ਦੇ ਸਤਾਰਵੇਂ ਸ਼ਲੋਕ ਤੋਂ ਆਰੰਭੇ ਆਰਯਾ ਸਭਿਅਤਾ ਦੇ ਭੂਗੋਲ ਪਸਾਰੇ ਦੀ ਇਸ ਤਰ੍ਹਾਂ ਨਿਸ਼ਾਨਦੇਹੀ ਹੁੰਦੀ ਹੈ—

੧੭ ਸਰਸਵਤੀ ਤੇ ਦ੍ਰਿਸ਼ਟਾਵਤੀ (?) ਇਨ੍ਹਾਂ ਦੋਵੇਂ ਦੇਵ ਨਦੀਆਂ ਦੇ ਵਿਚਾਲੇ ਜੋ ਪ੍ਰਦੇਸ ਹੈ ਉਸ ਦੇਵ ਭੂਮੀ ਨੂੰ ਬ੍ਰਹਮਾਵਰਤ ਆਖਿਆ ਜਾਂਦਾ ਹੈ।

੧੯—ਕੁਰੁਕਸ਼ੇਤਰ, ਮਤਸ, ਪੰਚਾਲ ਅਤੇ ਸੂਰਸੇਨ ਇਨਾਂ ਪ੍ਰਦੇਸ਼ਾਂ ਨੂੰ ਬ੍ਰਹਮ ਰਿਸ਼ੀ ਦੇਸ਼ ਕਿਹਾ ਜਾਂਦਾ ਹੈ ਅਤੇ ਬ੍ਰਹਮਾਵਰਤ ਤੋਂ ਪਿੱਛੋਂ ਬਣੇ ਹਨ।

੨੧—ਹਿਮਾਲਾ ਪਰਬਤ ਅਤੇ ਵਿੰਧਿਆਚਲ ਪਰਬਤ ਦੇ ਵਿਚਲੇ ਕੁਰੁਕਸ਼ੇਤਰ ਤੋਂ ਪੂਰਵ ਵੱਲ ਅਤੇ ਪ੍ਰਾਗਰਾਜ ਦੇ ਪੱਛਮ ਵਾਲੇ ਭਾਗ ਨੂੰ ਮੱਧ ਦੇਸ਼ ਕਿਹਾ ਗਿਆ ਹੈ।

੨੨—ਪੂਰਵ ਸਮੁੰਦਰ ਅਤੇ ਪੱਛਮ ਸਮੁੰਦਰ ਦੇ ਵਿਚਾਲੇ ਅਤੇ ਹਿਮਾਲਾ ਤੋਂ ਵਿੰਦਿਆਚਲ ਪਰਬਤ ਦੇ ਵਿਚਕਾਰ ਵਾਲੇ ਭਾਗ ਨੂੰ ਆਰੀਆਵਰਤ ਦੇਸ਼ ਕਹਿੰਦੇ ਹਨ।

੨੩—ਜਿਸ ਪ੍ਰਦੇਸ਼ ਵਿਚ ਕਾਲੇ ਮਿਰਗ ਘੁੰਮਦੇ ਹਨ ਉਸਨੂੰ ਯੱਗੀਅ ਦੇਸ਼ ਮੰਨਿਆ ਜਾਂਦਾ ਹੈ, ਇਨ੍ਹਾਂ ਤੋਂ ਇਲਾਵਾ ਦੂਸਰੇ ਦੇਸ਼ ਮਲੇਸ਼ ਦੇਸ਼ ਹਨ।

ਆਰਯ ਸਭਿਅਤਾ ਦੇ ਪ੍ਰਸਾਰ ਦਾ ਅਗਲਾ ਇਤਿਹਾਸ ਰਾਮਾਯਣ ਕਾਲ ਨਾਲ ਜੁੜਿਆ ਹੋਇਆ ਹੈ। ਸ਼੍ਰੀ ਰਾਮ ਨੇ ਪਹਿਲੀ ਵਾਰੀ ਵਿੰਦਿਆਚਲ ਨੂੰ ਪਾਰ ਕੀਤਾ ਅਤੇ ਇਸ ਤਰ੍ਹਾਂ ਕਰਨ ਦਾ ਸਬੰਧ ਹੀ ਰਾਮਾਇਣ ਦੀ ਸਾਰੀ ਗੌਰਵ ਕਥਾ ਦਾ ਆਧਾਰ ਹੈ। ਇਕ ਰਾਜਾ ਬਣ ਕੇ ਸ਼ਾਇਦ ਇਹ ਕੰਮ ਇੰਨਾ ਸੁਵਿਧਾਜਨਕ ਨਾ ਹੁੰਦਾ, ਪਰ ਬਨਵਾਸੀ ਰਾਜਕੁਮਾਰ ਦੇ ਰੂਪ ਵਿਚ ਉਨ੍ਹਾਂ ਲੋਕਾਂ ਦੇ ਰਾਜਾ ਰਾਵਣ ਦੇ ਦੱਖਨ ਦੇਸ ਗਵਰਨਰ ਖਰਦੂਸ਼ਣ ਨੂੰ ਸਭ ਤੋਂ ਪਹਿਲਾਂ ਮਾਰ ਮੁਕਾਇਆ ਇਸ ਤਰ੍ਹਾਂ ਕਰਨ ਤੋਂ ਪਹਿਲਾਂ ਬਨਵਾਸੀ ਰਾਜਕੁਮਾਰਾਂ ਨੇ ਇਲਾਕੇ ਦੇ ਪ੍ਰਭਾਵਸ਼ਾਲੀ ਰਿਸ਼ੀਆਂ ਮੁਨੀਆਂ ਕੋਲੋਂ ਸਾਰੀ ਗੰਭੀਰ ਜਾਣਕਾਰੀ ਪਹਿਲਾਂ ਇਕੱਠੀ ਕਰ ਲਈ ਸੀ ਅਤੇ ਉਨ੍ਹਾਂ ਨੂੰ ਆਪਣੇ ਸੁਰਖਿਆ ਚੱਕਰ ਅਧੀਨ ਸੁਖੀ ਤੇ ਸ਼ਾਂਤ ਜੀਵਨ ਦੇਣ ਦਾ ਵਾਅਦਾ ਵੀ ਬਾਖੂਬੀ ਨਿਭਾਇਆ। ਰਾਵਣ ਨੇ ਸੀਤਾ-ਹਰਣ ਕੀਤਾ ਤਾਂ ਸੀਤਾ ਜੀ ਦੀ ਖੋਜ ਖੁਰਾ ਲੱਭਣ ਲਈ ਵਿੰਦਿਆਚਲ ਪਾਰ ਦੱਖਣ ਦੇਸ ਦਾ ਸਫਰ ਸ਼ੁਰੂ ਹੋਇਆ। ਦੱਖਨ ਦੇ ਅਵਿਕਸਿਤ ਮਨੁਖੀ ਕਬੀਲਿਆਂ ਬਾਨਰਾਂ ਤੇ ਭਾਲੂਆਂ ਦੇ ਨਿਰਵਾਸਿਤ ਰਾਜਾ ਸੁਗ੍ਰੀਵ ਦਾ ਪੱਖ ਲੈ ਕੇ ਉਸਦੇ ਭਰਾ ਬਾਲੀ ਦਾ ਬੱਧ ਕਰਕੇ ਦੱਖਣ ਵਿਚ ਆਪਣਾ ਸਹਿਯੋਗੀ ਰਾਜ ਖੇਤਰ ਤਿਆਰ ਕਰ ਲਿਆ। ਇਸ ਸਹਿਯੋਗ ਨਾਲ ਦ੍ਰਵਿੜ ਸਭਿਅਤਾ ਦੇ ਬਲਵਾਨ ਰਾਜਾ ਰਾਵਣ ਨਾਲ ਟੱਕਰ ਲੈ ਕੇ ਘਮਾਸਾਨ ਯੁੱਧ ਕੀਤਾ ਜਿਸ ਵਿਚ ਰਾਵਣ ਦੇ ਛੋਟੇ ਭਰਾ ਵਿਭੀਸ਼ਣ ਨੇ ਕੂਟਨੀਤਕ ਸਹਾਇਤਾ ਕਰਕੇ ਲੰਕੇਸ਼ ਦਾ ਮੁਕਟ ਪ੍ਰਾਪਤ ਕੀਤਾ। ਇਸ ਤਰ੍ਹਾਂ ਵਿੰਦਿਆਚਲ ਤੋਂ ਧੁਰ ਲੰਕਾ ਤਕ ਅਯੋਧਿਆ ਦੇ ਸਮਰਾਟ ਦੇ ਸ਼ੁਕਰਗੁਜ਼ਾਰ ਤੇ ਸਹਿਯੋਗੀ ਰਾਜਿਆਂ ਦਾ ਰਾਜ ਕਾਇਮ ਹੋ ਗਿਆ। ਇੱਡੇ ਦੂਰ ਦੇਸ਼ਾਂ ਵਿਚ ਸਿੱਧਾ ਰਾਜ ਕਾਇਮ ਕਰਨ ਦੀ ਕੋਈ ਪਰੰਪਰਾ ਨਹੀਂ ਸੀ। ਆਪਣੇ ਰਾਜ ਤੋਂ ਬਾਹਰਲੇ ਖੇਤਰ ਵਿਚ ਮਿਤ੍ਰ ਦੇਸ਼ਾਂ ਦਾ ਰਾਜ ਹੁੰਦਾ ਸੀ ਜੋ ਖੁਸ਼ੀ ਨਾਲ ਸਾਲਾਨਾ ਤੋਹਫੇ ਦਿੰਦੇ ਸਨ ਅਤੇ ਹੋਰ ਨਿਸ਼ਚਿਤ ਕਰ-ਦਾਤਾ ਰਾਜਾਂ ਤਕ ਹੀ ਕਿਸੇ ਵੱਡੇ ਤੋਂ ਵੱਡੇ ਸਮਰਾਟ ਦਾ ਚੱਕਰਵਰਤੀ ਰਾਜ ਮਿਥਿਆ ਜਾਂਦਾ ਸੀ। ਰਾਜਸੂਅ ਯੱਗ ਵਿਚ ਰਾਜੇ ਦੀਆਂ ਫੌਜਾਂ ਬਾਹਰਲੇ ਰਾਜਾਂ ਨੂੰ ਪਿਆਰ ਨਾਲ ਕਰ-ਦਾਤਾ ਬਣਾ ਲੈਂਦੀਆਂ ਜਾਂ ਜੰਗ ਵਿਚ ਹਰਾ ਕੇ ਇਹ ਸਿਹਰਾ ਲਿਆ ਜਾਂਦਾ ਸੀ। ਅਸ਼ਵਮੇਧ ਯੱਗ ਲਈ ਘੋੜਾ ਫੇਰਿਆ ਜਾਂਦਾ ਸੀ ਜਿਸ ਮਗਰ ਯੱਗ ਕਰਤਾ ਰਾਜ ਦੀ ਫੌਜਾਂ ਚਲਦੀਆਂ ਸਨ ਅਤੇ ਅਧੀਨਤਾ ਸਵੀਕਾਰ ਕਰਾਈ ਜਾਂਦੀ ਸੀ। ਸੀਤਾ ਨੂੰ ਬਨਵਾਸ ਭੇਜ ਕੇ ਕਰੀਬਨ ਬਾਰਾਂ ਸਾਲ ਬਾਦ ਸ੍ਰੀ ਰਾਮ ਨੇ ਅਸ਼ਵਮੇਧ ਯੱਗ ਦਾ ਉਪਰਾਲਾ ਕੀਤਾ ਸੀ ਅਤੇ ਮੌਜੂਦਾ ਰਾਮ ਤੀਰਥ ਦੇ ਬਾਲਮੀਕ ਆਸ਼ਰਮ ਦੇ ਵਾਸੀ ਸੀਤਾ ਪੁੱਤਰ ਲਵਕੁਸ਼ ਨੇ ਯੱਗ ਦਾ ਘੋੜਾ ਪਕੜਕੇ ਸ਼੍ਰੀ ਰਾਮ ਦੀ ਫੌਜਾਂ ਨੂੰ ਭਾਂਜ ਪਾਈ ਸੀ। ਇਹ ਦਸਣਾ ਜ਼ਰੂਰੀ ਹੈ ਕਿ ਹਥਿਆਰ ਦੋ ਕਿਸਮ ਦੇ ਹੁੰਦੇ ਸਨ ਸ਼ਸ਼ਤਰ ਤੇ ਅਸਤਰ। ਅਸਤਰ ਹਥਿਆਰ ਮੰਤਰ ਸ਼ਕਤੀ ਮੌਜੂਦਾ ਮਿਸਾਈਲਾਂ ਵਾਂਗ ਚਲਾਏ ਜਾਂਦੇ ਸਨ ਅਤੇ ਇਸ ਵਿਦਿਆ ਵਿਚ ਬਾਲਮੀਕ ਜੀ ਦੀ ਲੰਬੀ ਖੋਜ ਸਾਧਨਾ ਕਾਰਣ ਲਵ-



Namdhari Elibrary NamdhariElibrary@gmail.com

ਕੁਸ਼ ਦਾ ਹੱਥ ਉਤੇ ਰਿਹਾ। ਸ੍ਰੀ ਰਾਮ ਜੀ ਨੇ ਅਸਤਰ ਵਿਦਿਆ ਰਿਸ਼ੀ ਵਸ਼ਿਸ਼ਟ, ਰਿਸ਼ੀ ਵਿਸ਼ਵਾਮਿੱਤਰ ਤੇ ਮਗਰੋਂ ਰਿਸ਼ੀ ਅਗਸਤ ਤੋਂ ਵੀ ਪ੍ਰਾਪਤ ਕੀਤੀ ਸੀ, ਪਰ ਬਾਲਮੀਕ ਜੀ ਕੋਲ ਇਨ੍ਹਾਂ ਤੋਂ ਵਧ ਤਾਕਤਵਰ ਤੇ ਗੁਪਤ ਅਸਤਰ ਖਜ਼ਾਨਾ ਸੀ ਜਿਸ ਦੇ ਨਾਲ ਉੱਤਰ ਕਾਲ ਵਿਚ ਲੰਕਾ ਵਿਜੇਤਾ ਸ੍ਰੀ ਰਾਮ ਨੂੰ ਵੀ ਹਰਾਇਆ ਗਿਆ ਸੀ

ਸਾਰੇਸ਼— ੧. ਅਜੋ ਜਨ ਨੂੰ ਸੂਰਜ-ਵੰਸ਼ੀ ਰਾਜ ਦੀ ਰਾਜਧਾਨੀ ਸਵੀਕਾਰ ਕਰਕੇ ਅਤੇ ਦਸ਼ਰਥ ਪਿਤਾ ਅਜ ਦਵਾਰਾ ਅਧੀਨ ਕੀਤੇ ਮੌਜੂਦਾ ਖਰੜ ਆਦਿਕ ਦੇ ਇਲਾਕੇ ਵਿਚ ਦਸ਼ਰਥ ਦਾ ਸ਼ਿਕਾਰ ਖੇਡਣਾ ਤਰਕ ਸੰਗਤ ਲਗਦਾ ਹੈ।

੨. ਘੁੜਾਮ ਵਿਚ ਸਵੰਬਰ ਲਈ ਜਾਣਾ, ਮਦ੍ਰਦੇਸ਼ (ਕਹਿਲੂਰ) ਜਿੱਤ ਕੇ ਉਥੋਂ ਦੀ ਰਾਜਕੁਮਾਰੀ ਸੁਮਿਤ੍ਰਾ ਨਾਲ ਵਿਆਹ ਕਰਨਾ ਅਤੇ ਕਠੂਆ ਦੀ ਕੈਕੇਈ ਨਾਲ ਵਿਆਹ ਕਰਨਾ ਵੀ ਤਰਕ ਸੰਗਤ ਹੋ ਜਾਂਦਾ ਹੈ। ਮੌਜੂਦਾ ਅਜੋਧਿਆ ਵੱਲ ਦਸ਼ਰਥ ਦਾ ਕੋਈ ਵੀ ਰਿਸ਼ਤਾ ਨਹੀਂ ਸੀ ਜੁੜਿਆ।

੩. ਸੀਤਾ ਦਾ ਬਾਲਮੀਕੀ ਆਸ਼ਰਮ ਵਿਚ ਲਵ ਕੁਸ਼ ਨੂੰ ਜਨਮ ਦੇਣਾ ਅਤੇ ਪਾਲਣਾ ਵੀ ਮੌਜੂਦਾ ਰਾਮ ਤੀਰਥ ਨੂੰ ਪ੍ਰਮਾਣਿਕ ਪ੍ਰਭਾਵ ਖੇਤਰ ਦਰਸਾ ਦਿੰਦਾ ਹੈ।

੪. ਲਵ ਕੁਸ਼ ਦੇ ਨਗਰ ਲਾਹੌਰ ਤੇ ਕਸੂਰ ਦਾ ਇਤਿਹਾਸ ਵੀ ਗਵਾਹੀ ਭਰਦਾ ਹੈ।

੫. ਭਰਤ ਦੇ ਪੁੱਤਰਾਂ ਨੂੰ ਅਜੋਧਨ ਦਾ ਰਾਜ ਦੇਣਾ ਵੀ ਤਰਕ ਸੰਗਤ ਹੋ ਜਾਂਦਾ ਹੈ।

ਸੰਭਾਵਨਾ— ਕੁਝ ਨਗਰ ਤੇ ਨਦੀਆਂ ਦੇ ਨਾਮਕਰਣ ਅਜੋਧਿਆ ਦੇ ਨਵੇਂ ਮਾਡਲ ਨਾਲ ਵੀ ਮਿਥੇ ਗਏ ਹੋਣ ਐਸਾ ਸੰਭਵ ਹੈ। ਇੱਧਰ ਦੇ ਮੂਲ ਸਥਾਨਾਂ ਵਿਦੇਸ਼ੀ ਹਮਲਿਆਂ ਕਾਰਣ ਆਪਣੀ ਪਹਿਚਾਣ ਗੁਆ ਚੁਕੇ ਹੋਣਗੇ। ਅਜੋਧਿਆ ਦਾ ਇਤਿਹਾਸ ਤੇ ਮੌਜੂਦਾ ਭੂਗੋਲ ਗੁਪਤਾ ਸਾਮਰਾਜ ਦੇ ਸਮੇਂ ਦਾ ਬਿਰਤਾਂਤ ਹੈ ਜਦੋਂ ਸ਼੍ਰੀ ਰਾਮ ਦਾ ਨਾਮ ਜਾਵਾ, ਸੁਮਾਤ੍ਰਾ, ਬਾਲੀ (ਇੰਡੋਨੇਸ਼ੀਆ), ਸਯਾਮ (ਥਾਈਲੈਂਡ), ਕੰਬੋਡੀਆ ਆਦਿਕ ਤਕ ਪੁੱਜ ਗਿਆ ਸੀ।

ਅਜੋਧਿਆ ਵਿਚ ਸ਼੍ਰੀ ਰਾਮ ਮੰਦਿਰ ਦਾ ਨਿਰਮਾਣ ਵੀ ੧੦ਵੀਂ ੧੨ਵੀਂ ਸਦੀ ਦਾ ਹੀ ਮੰਨਿਆ ਜਾ ਰਿਹਾ ਹੈ ਅਤੇ ਹੇਠਲੀ ਖੁਦਾਈ ਦੇ ਨਤੀਜੇ ਅਜਿਹਾ ਸਿੱਧ ਕਰਦੇ ਹਨ। ਇਸ ਮੰਦਿਰ ਨੂੰ ਬਾਬਰ ਦੇ ਜਰਨੈਲ ਮੀਰ ਜ਼ੱਕੀ ਨੇ ਢਾਹ ਕੇ ਮਸੀਤ ਉਸਾਰ ਲਈ ਸੀ। ਦਿੱਲੀ ਮਹਿਰੌਲੀ ਵਿਚ ਪੁਰਾਤਨ ਵੇਧਸ਼ਾਲਾ ਦੀ ਧਰੁਵ ਸਤੰਭ ਨੂੰ ਫਾਰਸੀ ਅਰਥਾਂ ਵਿਚ ਕੁਤਬ (ਧਰੁਵਤਾਰਾ) ਮੀਨਾਰ ਪ੍ਰਸਿੱਧ ਕਰਨ ਲਈ ਕੁਤਬਦੀਨ ਏਬਕ ਨੇ ਇਸ ਦੀਆਂ ਕੰਧਾਂ ਤੇ ਫਾਰਸੀ ਦੀਆਂ ਇਬਾਰਤਾਂ ਖੁਦਵਾ ਦਿੱਤੀਆਂ, ਪਰ ਨੇੜੇ ਹੀ ਇਸਪਾਤ ਦੇ ਜੰਗ-ਰਹਿਤ ਸਤੰਭ ਨਾਲ ਕੋਈ ਛੇੜ ਛਾੜ ਸੰਭਵ ਨਾ ਹੋਈ।

ਇਸ ਲਈ ਇਤਿਹਾਸਕਾਰਾਂ ਲਈ ਜ਼ਰੂਰੀ ਸੰਦੇਸ਼ ਹੈ ਕਿ ਅਜੋਧਿਆ ਦੇ ਮੂਲ ਖੇਤਰ ਦੀ ਖੋਜ ਕੀਤੀ ਜਾਵੇ ਅਤੇ ਮਿਥਿਆਸ ਨੂੰ ਇਤਿਹਾਸਕ ਸੋਧ ਦਿੱਤੀ ਜਾਵੇ। ਕਈ ਸਾਲ ਪਹਿਲਾਂ ਟਾਈਮਜ਼ ਆਫ ਇੰਡੀਆ ਪ੍ਰੈਸ ਬੰਬਈ ਦੇ ਹਿੰਦੀ ਸਪਤਾਹਿਕ ਵਿਚ ਰਾਮਾਇਣ ਕਾਲ ਬਾਰੇ ਖੋਜ ਪੂਰਨ ਸਾਮਗਰੀ ਛਪੀ ਸੀ। ਉਸ ਵਿਚ ਵੀ ਅਜੋਧਿਆ ਦੀ ਹੋਂਦ ਪੰਜਾਬ ਵਿਚ ਕਿਆਸ ਕੀਤੀ ਗਈ ਸੀ ਅਤੇ ਲੰਕਾਂ ਦੀ ਹੋਂਦ ਨੂੰ ਰਣ ਕੱਛ (ਗੁਜਰਾਤ) ਦੇ ਦਲਦਲਾਂ ਵਿਚੋਂ ਕਿਆਸਿਆ ਗਿਆ ਸੀ। ਸ਼੍ਰੀ ਰਾਮਕਾਲ ਵਿਚ ਮਥੁਰਾ ਦੇ ਰਾਜਾ ਲਵਣਾਸੁਰ ਨੂੰ ਸ਼੍ਰੀ ਰਾਮ ਦੇ ਹੁਕਮ ਨਾਲ ਸ਼ਤਰੂਘਨ ਨੇ ਮਾਰਿਆ ਸੀ ਤੇ ਰਾਜ ਕੀਤਾ ਸੀ। ਅਜੇਹੇ ਬਲਵਾਨ ਰਾਜ ਖੇਤਰ ਨੂੰ ਲੰਘ ਕੇ ਦਸ਼ਰਥ ਦਾ ਸ਼ਿਕਾਰ ਖੇਡਣ ਲਈ ਪੰਜਾਬ ਆਉਣਾ ਅਸੰਭਵ ਲਗਦਾ ਹੈ ਅਤੇ ਸਾਰੇ ਪ੍ਰਮਾਣ ਅਯੋਧਨ ਨੂੰ ਸੂਰਜਬੰਸੀ ਅਯੋਧਿਆ ਸਵੀਕਾਰ ਕਰਨ ਲਈ ਪ੍ਰੇਰਦੇ ਹਨ।

*162-A ਗਰੇਨ ਮਾਰਕੀਟ*
*ਮਧਿਆ ਮਾਰਗ, ਚੰਡੀਗੜ੍ਹ*

ਸੰਤੁਸ਼ਟ ਜੀਵਨ ਲਈ ਅੱਠ ਗੱਲਾਂ ਦੀ ਲੋੜ ਹੈ : ਐਸੀ ਸਿਹਤ ਕਿ ਕੰਮ ਵਿਚ ਖੁਸ਼ੀ ਮਹਿਸੂਸ ਹੋਵੇ; ਲੋੜਾਂ ਦੀ ਪੂਰਤੀ ਜੋਗ ਧਨ, ਮੁਸ਼ਕਲਾਂ ਦੀ ਮੁਕਾਬਲਾ ਕਰਨ ਤੇ ਉਨ੍ਹਾਂ ਉੱਤੇ ਹਾਵੀ ਹੋ ਸਕਣ ਜੋਗੀ ਸ਼ਕਤੀ; ਅਪਣੀਆਂ ਗ਼ਲਤੀਆਂ ਨੂੰ ਮੰਨ ਲੈਣ ਦੀ ਉਦਾਰਤਾ ਤੇ ਉਨ੍ਹਾਂ ਦਾ ਤਿਆਗ; ਸਬਰ ਧੀਰਜ; ਅਪਣੇ ਗੁਆਂਢੀ ਦੀ ਚੰਗਿਆਈ ਦੇਖ ਸੱਕਣ ਜੋਗੀ ਸਖਾਵਤ, ਪਰਮਾਤਮਾ ਦੀਆਂ ਗੱਲਾਂ ਨੂੰ ਸਹੀ ਸਿੱਧ ਕਰਨ ਜੋਗਾ ਵਿਸ਼ਵਾਸ਼ ; ਭਵਿੱਖ ਦੇ ਫ਼ਿਕਰਾਂ ਨੂੰ ਦੂਰ ਕਰਨ ਲਈ ਆਸ਼ਾ।

—ਗੋਇਥੇ

ਇਕ ਆਦਮੀ ਪੈਦਾ ਹੁੰਦਾ ਹੈ, ਜੀਉਂਦਾ ਹੈ ਤੇ ਮਰ ਜਾਂਦਾ ਹੈ, ਕਾਹਦੇ ਲਈ ? ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਕਿਸ ਮਨੋਰਥ ਲਈ ਜੀਉਂਦੇ ਹਾਂ।

—ਗੋਰਕੀ, 'ਫੋਮਾ ਗੋਰਦੀਏਵ'



Namdhari Elibrary NamdhariElibrary@gmail.com

# ਤੇਜ਼ੀ ਨਾਲ ਬਦਲਦਾ ਪੰਜਾਬੀ ਸੱਭਿਆਚਾਰ

*—ਸੁਰਿੰਦਰ ਪਾਲ ਮੰਡ*

ਪੰਜਾਬ ਦਾ ਸੱਭਿਆਚਾਰਕ ਵਿਰਸਾ ਬੜਾ ਪੁਰਾਣਾ ਤੇ ਅਮੀਰ ਹੈ ਇਸ ਦਾ ਆਰੰਭ ਵੈਦਿਕ ਕਾਲ ਤੋਂ ਮੰਨਿਆ ਜਾਂਦਾ ਹੈ। ਪਰ ਇਸ ਦਾ ਪਿਛੋਕੜ ਸਿੰਧੂ ਘਾਟੀ ਦੀ ਸਭਿਅਤਾ ਨਾਲ ਜਾ ਜੁੜਦਾ ਹੈ। ਪੰਜਾਬ ਦਾ ਮੌਜੂਦਾ ਨਾਂ ਮੁੱਢ ਤੋਂ ਹੀ ਇਹ ਨਹੀਂ ਹੈ। ਇਸ ਦਾ ਪੰਜਾਬ ਦੇ ਭੂਗੋਲ ਨਾਲ ਸਿੱਧਾ ਸੰਬੰਧ ਹੈ। ਆਰੀਆ ਦੇ ਸਮੇਂ ਇਸ ਨੂੰ 'ਸਪਤ ਸਿੰਧੂ' ਨਾਂ ਨਾਲ ਜਾਣਿਆ ਜਾਂਦਾ ਸੀ। ਸਪਤ ਸਿੰਧੂ ਦਾ ਅਰਥ ਹੈ ਸੱਤ ਦਰਿਆਵਾਂ ਦੀ ਧਰਤੀ। ਕਿਉਂਕਿ ਆਦਿ ਕਾਲ ਤੋਂ ਇਥੇ ਸੱਤ ਦਰਿਆ ਸਤਲੁਜ, ਬਿਆਸ, ਰਾਵੀ, ਚਨਾਬ, ਜਿਹਲਮ, ਸਿੰਧ ਅਤੇ ਸਰਸਵਤੀ ਵਹਿੰਦੇ ਸਨ, ਜਿਸ ਕਰਕੇ ਇਸਦਾ ਨਾਂ ਸਪਤ ਸਿੰਧੂ ਪੈ ਗਿਆ। ਇਰਾਨੀ ਲੋਕਾਂ ਦੀ ਭਾਸ਼ਾ ਦੇ ਪ੍ਰਭਾਵ ਸਦਕਾ ਇਸ ਨੂੰ 'ਹਫ਼ਤ ਹਿੰਦੂ' ਕਿਹਾ ਜਾਣ ਲੱਗ ਪਿਆ। ਇਸੇ ਹਿੰਦੂ ਸ਼ਬਦ ਤੋਂ ਭਾਰਤ ਦਾ ਨਾ ਹਿੰਦੁਸਤਾਨ ਪਿਆ ਹੈ। ਪ੍ਰਵਰਤਨ ਸ਼ੀਲਤਾ ਕੁਦਰਤ ਦਾ ਅਟੱਲ ਨਿਯਮ ਹੈ ਤੇ ਇਸ ਕਰਕੇ ਪੰਜਾਬ ਦੇ ਭੂਗੋਲ ਵਿੱਚ ਵੀ ਪ੍ਰਵਰਤਨ ਆਇਆ ਤੇ ਇਸ ਸੱਤ ਦਰਿਆਵਾਂ ਦੀ ਧਰਤੀ 'ਤੇ ਪੰਜ ਦਰਿਆ ਹੀ ਰਹਿ ਗਏ ਜਿਸ ਕਰਕੇ ਇਸ ਦਾ ਨਾਂ ਪੰਜਾਬ ਪੈ ਗਿਆ— ਅਰਥਾਤ ਪੰਜ ਦਰਿਆਵਾਂ ਦੀ ਧਰਤੀ ਇਹ ਪੰਜ ਦਰਿਆ ਹਨ ਸਤਲੁਜ, ਬਿਆਸ, ਰਾਵੀ, ਜਨਾਬ ਜੇਹਲਮ। ਕੁਝ ਸਮਾਂ ਇਸ ਦਾ ਨਾਂ 'ਪੰਚ ਨਦ' ਵੀ ਪ੍ਰਚਲਿਤ ਰਿਹਾ ਹੈ।

ਸਮੇਂ-ਸਮੇਂ 'ਤੇ ਪੰਜਾਬ ਦੀਆਂ ਭੂਗੋਲਿਕ ਹੱਦਾਂ ਬਦਲਦੀਆਂ ਰਹੀਆਂ ਹਨ। ੧੯੪੭ ਈ. ਵਿੱਚ ਭਾਰਤ ਦੀ ਆਜ਼ਾਦੀ ਦੇ ਨਾਲ ਹੀ ਭਾਰਤ ਅਤੇ ਪੰਜਾਬ ਦੇ ਦੋ ਟੋਟੇ ਹੋ ਗਏ। ਨਤੀਜੇ ਵਜੋਂ ਇੱਕ ਨਵਾਂ ਦੇਸ਼ ਪਾਕਿਸਤਾਨ ਹੋਂਦ ਵਿੱਚ ਆਇਆ। ਪੰਜਾਬ ਦੇ ਟੋਟੇ ਹੋ ਕਿ ਭਾਰਤੀ ਅਤੇ ਪਾਕਿਸਤਾਨੀ (ਪੂਰਬੀ ਤੇ ਪੱਛਮੀ) ਦੋ ਭਾਗਾਂ ਵਿੱਚ ਵੰਡ ਹੋ ਗਿਆ। ੧੯੬੬ ਈ: ਵਿੱਚ ਪੂਰਬੀ ਪੰਜਾਬ ਦੀ ਫਿਰ ਵੰਡ ਹੋਈ ਇਸ ਵਿੱਚੋਂ ਇਕ ਨਵਾਂ ਪ੍ਰਾਂਤ ਹਰਿਆਣਾ ਹੋਂਦ ਵਿੱਚ ਆਇਆ। ਕੁੱਝ ਖੇਤਰ— ਊਨਾ, ਕਾਂਗੜਾ, ਧਰਮਸਾਲਾ ਆਦਿ ਹਿਮਾਚਲ ਪ੍ਰਦੇਸ਼ ਵਿੱਚ ਸ਼ਾਮਿਲ ਕਰ ਦਿੱਤੇ ਗਏ। ੧੯੪੭ ਤੋਂ ਬਾਅਦ ਜਿਸ ਪੰਜਾਬ ਵਿੱਚ ੧੮ ਵਿਸ਼ਾਲ ਜ਼ਿਲ੍ਹੇ ਤੇ ੭੨ ਤਹਿਸੀਲਾਂ ਸਨ। ਵਰਤਮਾਨ ਪੰਜਾਬ ਵਿੱਚ (ਖਿੰਡ ਕੇ) ਕੇਵਲ ੧੭ (ਛੋਟੇ-ਛੋਟੇ) ਜਿਲ੍ਹੇ ਹੀ ਰਹਿ ਗਏ ਹਨ।

ਪੰਜਾਬ ਦੇ ਭੂਗੋਲਿਕ ਸੱਭਿਆਚਾਰਕ ਪਰਿਵਰਤਨਾਂ ਬਾਰੇ ਅਸੀਂ ਇਥੇ ਚਰਚਾ ਕੀਤੀ ਹੈ। ਹੁਣ ਅਸੀਂ ਪੰਜਾਬੀ ਸੱਭਿਆਚਾਰ ਦੇ ਚਰਿੱਤਰਮੂਲਕ ਪਰਿਵਰਤਨਾਂ ਬਾਰੇ ਚਰਚਾ ਕਰ ਰਹੇ ਹਾਂ।

ਪਰਿਵਰਤਨਸ਼ੀਲਤਾ ਕਿਸੇ ਸੱਭਿਆਚਾਰ ਦੀ ਮੁੱਖ ਵਿਸ਼ੇਸ਼ਤਾ ਹੁੰਦੀ ਹੈ। ਗੀਤਸ਼ੀਲ ਵਸਤਾਂ ਤੇ ਸੰਕਲਪ ਹਮੇਸ਼ਾ ਬਦਲਦੇ ਰਹਿੰਦੇ ਹਨ। ਪੰਜਾਬੀ ਸੱਭਿਆਚਾਰ ਵਿੱਚ ਪਿਛਲੇ ਇੱਕ-ਦੋ ਦਹਾਕਿਆਂ ਵਿੱਚ ਬੜੀ ਤੇਜ਼ੀ ਨਾਲ ਪਰਿਵਰਤਨ ਆਇਆ ਹੈ। ਇਸ ਪਰਿਵਰਤਨ ਸ਼ੀਲਤਾ ਨੇ ਸਾਨੂੰ ਬਹੁਤ ਕੁਝ ਨਵਾਂ ਪ੍ਰਦਾਨ ਕੀਤਾ ਹੈ ਅਤੇ ਬਹੁਤ ਕੁਝ ਸਾਡੇ ਕੋਲੋਂ ਖੋਹਿਆ ਹੈ। ਇਹ ਬਹੁਤ ਵਧੀਆ ਗੱਲ ਹੈ ਕਿ ਪੰਜਾਬ ਦੇ ਲੋਕ ਪੱਕਿਆਂ ਮਕਾਨਾਂ ਵਿਚ ਰਹਿਣ ਲੱਗ ਪਏ ਹਨ ਤੇ ਇਹਨਾਂ ਦੇ ਖੇਤੀ ਦੇ ਸਾਧਨ ਵੀ ਬਦਲ ਗਏ ਹਨ। ਖੇਤੀ ਵਾਸਤੇ ਨਵੇਂ-ਨਰੋਏ ਬੀਜਾਂ ਅਤੇ ਮਸ਼ੀਨਾਂ ਦੀ ਵਰਤੋਂ ਨੇ ਪੰਜਾਬੀ ਕਿਸਾਨ ਦੇ ਜੀਵਨ ਵਿੱਚ ਇੱਕ ਨਵੀਂ ਕ੍ਰਾਂਤੀ ਲਿਆਂਦੀ ਹੈ। ਇਸ ਨਵੀਂ ਕ੍ਰਾਂਤੀ ਨੇ ਪੰਜਾਬੀ ਕਿਸਾਨ ਦਾ ਜੀਵਨ ਹੀ ਬਦਲ ਕੇ ਰੱਖ ਦਿੱਤਾ ਹੈ।

ਆਪਣੇ ਜੀਵਨ ਪੱਧਰ ਨੂੰ ਹੋਰ ਉੱਚਾ ਚੁੱਕਣ ਲਈ ਪੰਜਾਬੀਆਂ ਨੂੰ ਵਿਦੇਸ਼ਾਂ ਵਿੱਚ ਵੀ ਜਾਣਾ ਪਿਆ ਹੈ। ਕਿਸੇ ਦੂਜੇ ਥਾਂ ਤੇ ਜਾ ਕੇ ਆਪਣੇ ਆਪ ਨੂੰ ਸਥਾਪਿਤ ਕਰ ਲੈਣਾ ਇਨ੍ਹਾਂ ਦੇ ਹਿੱਸੇ ਹੀ ਆਇਆ ਹੈ। ਪਿਛਲੇ ਕੁਝ ਸਾਲਾਂ ਵਿੱਚ ਵਿਦੇਸ਼ ਜਾਣ ਦੀ ਪ੍ਰਵਿਰਤੀ ਪੰਜਾਬੀਆਂ ਵਿੱਚ ਬਹੁਤ ਵਧ ਗਈ ਹੈ। ਲੱਖਾਂ ਰੁਪਏ ਏਜੰਟਾਂ ਨੂੰ ਦੇ ਕੇ ਵਿਦੇਸ਼ ਜਾਣ ਲਈ ਅਜੋਕਾ ਪੰਜਾਬ ਹਰ ਹੀਲਾ ਕਰਦਾ ਹੈ। ਪੰਜਾਬੀਆਂ ਨੇ ਪਿਛਲੇ ਕੁੱਝ ਸਮੇਂ ਵਿਚ ਭਾਵੇ ਬਹੁਤ ਤਰੱਕੀ ਕੀਤੀ ਹੈ, ਪਰ ਇਹ ਤਰੱਕੀ ਵਧੇਰੇ ਕਰਕੇ ਸ਼ਹਿਰਾਂ ਤੱਕ ਹੀ ਸੀਮਤ ਰਹੀ ਹੈ। ਪੰਜਾਬ ਦੇ ਦਲਿਤ ਵਰਗ ਦੇ ਲੋਕਾਂ ਦਾ ਸਾਖ਼ਰਤਾ ਪ੍ਰਤੀਸ਼ਤ ਬਹੁਤ ਘੱਟ ਹੈ। ਨਵੇਂ ਅੰਕੜਿਆਂ ਅਨੁਸਾਰ ਪੰਜਾਬ ਦੇ ਦਲਿਤਾਂ ਦਾ ਕੁੱਲ ੩੩% ਵਰਗ ਹੀ ਸਾਖਰ ਹੈ। ਪੰਜਾਬ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਦਲਿਤਾਂ ਤੇ ਪ੍ਰਵਾਸੀਆਂ ਦੇ ਬੱਚੇ ਵਖਰੇ ਕਰ ਕੇ ਦੇਖੇ ਜਾ ਸਕਦੇ ਹਨ। ਪਿੰਡਾ ਵਿੱਚ ਨੌਜਵਾਨਾਂ ਦਾ ਪੜ੍ਹਾਈ ਪ੍ਰਤੀ ਰੁਝਾਨ ਘਟ ਗਿਆ ਹੈ। ਉਹ ਵਿਦੇਸ਼ ਜਾਣ ਨੂੰ ਪ੍ਰਮੁੱਖਤਾ ਦੇ ਰਹੇ ਹਨ।



Namdhari Elibrary NamdhariElibrary@gmail.com

ਪੰਜਾਬ ਵਿੱਚ ਪਿਛਲੇ ਕੁੱਝ ਸਮੇਂ ਤੋਂ ਵਾਹਨਾਂ ਵਿੱਚ ਬਹੁਤ ਵਾਧਾ ਹੋਇਆ ਹੈ। ਪੰਜਾਬ ਦੀਆਂ ਸੜਕਾਂ ਜਿਨ੍ਹਾਂ 'ਤੇ ਕਿਸੇ ਸਮੇਂ ਗੱਡੇ, ਟਾਂਗੇ, ਸਾਇਕਲ ਆਦਿ ਚਲਦੇ ਦਿਖਾਈ ਦਿੰਦੇ ਸਨ, ਉਨ੍ਹਾਂ ਸੜਕਾਂ 'ਤੇ ਪੁਰਾਣਾ ਕੁੱਝ ਵੀ ਦਿਖਾਈ ਨਹੀਂ ਦਿੰਦਾ ਨਾ ਗੱਡਾ ਤੇ ਨਾ ਹੀ ਟਾਂਗਾ। ਬਹੁਤ ਸਾਰੇ ਪਿੰਡ ਜਿਨ੍ਹਾਂ ਤਕ ਪਹੁੰਚਣ ਲਈ ਕਿਸੇ ਸਮੇਂ ਰਸਤਾ ਵੀ ਨਹੀਂ ਹੁੰਦਾ ਸੀ, ਉਥੇ ਅੱਜ ਬੱਸਾਂ ਪਹੁੰਚ ਗਈਆਂ ਹਨ। ਸੜਕਾਂ ਤੇ ਚੱਲਦੇ ਕਾਰਾਂ ਤੇ ਮੋਟਰ ਸਾਈਕਲਾਂ ਦੇ ਮਾਡਲਾਂ ਦੀ ਗਿਣਤੀ ਕਰਨਾ ਵੀ ਸਧਾਰਨ ਵਿਅਕਤੀ ਦੇ ਵੱਸ ਦੀ ਗੱਲ ਨਹੀਂ ਰਹੀ। ਪੰਜਾਬ ਦਾ ਹਰ ਨੌਜਵਾਨ ਮੋਟਰ ਸਾਈਕਲ ਤੋਂ ਬਿਨਾ ਆਪਣੇ ਆਪ ਨੂੰ ਅਧੂਰਾ ਮਹਿਸੂਸ ਕਰਦਾ ਹੈ। ਬਜ਼ੁਰਗਾਂ ਪ੍ਰਤੀ ਉਸਨੇ ਬੇਰੁਖੀ ਵਾਲਾ ਵਤੀਰਾ ਅਪਨਾਇਆ ਹੋਇਆ ਹੈ।

ਜਿੰਨੀ ਤੇਜ਼ੀ ਨਾਲ ਅਸੀਂ ਸੂਚਨਾ ਤਕਨਾਲੋਜੀ ਦੇ ਖੇਤਰ ਵਿੱਚ ਤਰੱਕੀ ਕੀਤੀ ਹੈ, ਓਨੀ ਸ਼ਾਇਦ ਹੀ ਕਿਸੇ ਹੋਰ ਖੇਤਰ ਵਿੱਚ ਕੀਤੀ ਹੋਵੇ। ਪੰਜਾਬ ਦਾ ਕੋਈ ਵੀ ਵਿਅਕਤੀ ਅਜਿਹਾ ਨਹੀਂ ਜੋ ਇਸ ਤਕਨਾਲੋਜੀ ਤੋਂ ਅਭਿੱਜ ਹੋਵੇ। ਹਰ ਪਿੰਡ ਤੇ ਹਰ ਕਸਬੇ ਵਿੱਚ ਐਸ. ਟੀ. ਡੀ., ਪੀ. ਸੀ. ਓ. ਲੱਗ ਗਏ ਹਨ। ਹਰ ਘਰ ਵਿੱਚ ਟੈਲੀਵੀਜ਼ਨ ਦੀ ਸਹੂਲਤ ਪੁੱਜ ਗਈ ਹੈ ਤੇ ਲਗਪਗ ਹਰ ਘਰ ਵਿੱਚ ਟੈਲੀਫੋਨ ਦੀ ਘੰਟੀ ਵੱਜਦੀ ਸੁਣੀ ਤੇ ਵੇਖੀ ਜਾ ਸਕਦੀ ਹੈ। ਪਿਛਲੇ ਤਿੰਨ ਚਾਰ ਸਾਲਾਂ ਵਿੱਚ ਮੋਬਾਇਲ ਫੋਨ ਨੇ ਤਾਂ ਕਮਾਲ ਹੀ ਕਰ ਦਿੱਤੀ ਹੈ ਪੰਜਾਬ ਵਿੱਚ ਹਰ ਇੱਕ ਸੌ ਵਿਅਕਤੀਆਂ ਪਿੱਛੇ ਲਗਪਗ ੭੦ ਵਿਅਕਤੀਆਂ ਕੋਲ ਮੋਬਾਇਲ ਫੋਨ ਵੇਖੇ ਜਾ ਸਕਦੇ ਹਨ। ਸੂਚਨਾ ਤਕਨਾਲੋਜੀ ਨੇ ਵਿਸ਼ਾਲ ਸੰਸਾਰ ਨੂੰ ਇੱਕ ਗਲੋਬਲ ਪਿੰਡ ਬਣਾ ਕੇ ਰੱਖ ਦਿੱਤਾ ਹੈ। ਹੁਣ ਭਾਵੇਂ ਕੋਈ ਘਟਨਾ ਦੁਨੀਆਂ ਦੇ ਕਿਸੇ ਕੋਨੇ ਵਿੱਚ ਵੀ ਵਾਪਰੇ ਕੁੱਝ ਹੀ ਪਲਾਂ ਵਿੱਚ ਇਹ ਖਬਰ ਸਾਡੇ ਤੱਕ ਪੁੱਜ ਜਾਂਦੀ ਹੈ। ਇੰਟਰਨੈੱਟ ਦਾ ਇਸ ਵਿੱਚ ਮਹੱਤਵਪੂਰਨ ਯੋਗਦਾਨ ਹੈ।

ਸੰਗੀਤ ਰੂਹ ਦੀ ਖੁਰਾਕ ਹੁੰਦਾ ਹੈ। ਜੇਕਰ ਸੰਗੀਤ ਦੀ ਕੱਝ ਸਮਝ ਹੋਵੇ ਤਾਂ ਕੁੱਝ ਹੋਰ ਸੁਣਨਾ ਚੰਗਾ ਨਹੀਂ ਲੱਗਦਾ। ਪਰ ਅੱਜ ਦਾ ਮਨੁੱਖ ਵਿਸ਼ੇਸ਼ ਕਰ ਕੇ ਨੌਜਵਾਨ ਸ਼ਾਸਤਰੀ ਸੰਗੀਤ ਨਾਲੋਂ ਪੋਪ ਸੰਗੀਤ ਵੱਲ ਵਧੇਰੇ ਰੁਚਿਤ ਹੈ। ਪੰਜਾਬ ਦਾ ਹਰ ਨੌਜਵਾਨ ਗਾਉਣ ਦਾ ਸ਼ੌਕੀਨ ਜਾਪਦਾ ਹੈ। ਸ਼ਾਸਤਰੀ ਸੰਗੀਤ ਵਿਰਸਾ ਜੇਕਰ ਸਾਂਭਿਆ ਹੈ ਤਾਂ ਸਾਡੇ ਬਜ਼ੁਰਗਾਂ ਨੇ। ਬਹੁਤ ਘੱਟ ਲੋਕ ਅਜਿਹੇ ਹਨ ਜਿਹੜੇ ਸ਼ਾਸਤਰੀ ਸੰਗੀਤ ਵਲ ਰੁਚਿਤ ਹੋਣ।

ਅੱਜ ਬਜਾਰ 'ਚੋਂ ਹਰ ਚੀਜ਼ ਮਿਲ ਸਕਦੀ ਹੈ। ਪੈਸਾ ਖਰਚਣ ਵਾਲਾ ਹੋਣਾ ਚਾਹੀਦਾ ਹੈ। ਜੇਕਰ ਪੈਸੇ ਇਕੱਠੇ ਨਹੀਂ ਤਾਂ ਕਿਸ਼ਤਾਂ ਹੀ ਸਹੀ। ਅਜੋਕੀ ਚਮਕ ਦਮਕ ਵਾਲੀ ਫਿਲਮੀ ਜ਼ਿੰਦਗੀ ਹਰ ਕੋਈ ਜਿਊਣਾ ਚਾਹੁੰਦਾ ਹੈ। ਭਾਵੇਂ ਉਹ ਗਰੀਬ ਵਿਅਕਤੀ ਹੈ ਤੇ ਭਾਵੇਂ ਅਮੀਰ। ਸੁੱਖ ਭਰਪੂਰ ਜੀਵਨ ਜਿਊਣ ਲਈ ਲੋਕ ਵਸਤਾਂ ਕਿਰਾਏ 'ਤੇ ਅਤੇ ਕਿਸ਼ਤਾਂ ਆਦਿ ਤੇ ਖਰੀਦ ਲੈਂਦੇ ਹਨ। ਕੰਪਨੀਆਂ ਲੁਭਾਵਣੀਆਂ ਸਕੀਮਾਂ ਨਾਲ ਗਾਹਕਾਂ ਨੂੰ ਭਰਮਾ ਲੈਂਦੀਆਂ ਹਨ ਤੇ ਫਿਰ ਕੀ ਭੋਲਾ ਬੰਦਾ ਫਸ ਜਾਂਦਾ ਹੈ। ਸਰਕਾਰ ਨੂੰ ਚਾਹੀਦਾ ਹੈ, ਕਿ ਇਨ੍ਹਾਂ ਚਮਕ-ਦਮਕ ਤੇ ਫੋਕੀ ਸ਼ਾਨ ਬਣਾਉਂਦੀਆਂ ਚੀਜ਼ਾਂ ਮੁਹੱਈਆ ਕਰਵਾਉਣ ਤੋਂ ਪਹਿਲਾ ਆਮ ਲੋਕਾਂ ਦੀਆਂ ਮੁਢਲੀਆਂ ਜਰੂਰਤਾਂ ਪੂਰੀਆਂ ਕਰੇ।

ਅਜੋਕੇ ਪਦਾਰਥਕ ਸੋਚ ਵਾਲੇ ਸਮਾਜ ਵਿੱਚ ਸਾਡੇ ਬਜ਼ੁਰਗਾਂ ਦਾ ਪਹਿਲਾਂ ਵਾਲਾ ਆਦਰ-ਮਾਣ ਨਹੀਂ ਰਿਹਾ। ਅੱਜ ਬੁੱਢੇ ਮਾਂ-ਬਾਪ ਨੂੰ ਇੱਕ ਬੋਝ ਜਿਹਾ ਮੰਨ ਕੇ ਘਰ ਦੀ ਕਿਸੇ ਨੁੱਕਰੇ ਲੱਗਿਆ ਅਸੀਂ ਆਮ ਵੇਖਦੇ ਹਾਂ। ਉਸ ਘਰ ਵਿੱਚ ਜਿਸ ਨੂੰ ਉਨ੍ਹਾਂ ਆਪਣੀ ਖੂਨ ਪਸੀਨੇ ਦੀ ਕਮਾਈ ਨਾਲ ਉਸਾਰਿਆ ਹੁੰਦਾ ਹੈ, ਉਥੇ ਉਹ ਅਜਨਬੀਆਂ ਵਾਲਾ ਜੀਵਨ ਜਿਉਂਦੇ ਹਨ। ਕੀ ਇਹੀ ਹੈ- ਸਾਡੇ ਦੁਆਰਾ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਕੀਤੀ ਤੱਰਕੀ ਦਾ ਨਤੀਜਾ ? ਨਹੀਂ ਇਹ ਤੱਰਕੀ ਨਿਰੀ ਨਿਘਾਰ ਹੈ। ਅਸੀ ਜਿੰਨੀ ਮਰਜੀ ਤਰੱਕੀ ਕਰ ਲਈਏ ਇਹ ਤਰੱਕੀ ਉਨੀ ਦੇਰ ਤਰੱਕੀ ਦਾ ਅਸਲ ਦਰਜਾ ਪ੍ਰਾਪਤ ਨਹੀਂ ਕਰ ਸਕਦੀ, ਜਿੰਨਾ ਚਿਰ ਅਸੀਂ ਆਪਣੀਆਂ ਕਦਰਾਂ ਕੀਮਤਾਂ ਨੂੰ ਲੈ ਕੇ ਨਹੀਂ ਚਲਦੇ। ਜੇਕਰ ਅਸੀਂ ਆਪਣੇ ਨੈਤਿਕ ਸੱਭਿਆਚਾਰਕ ਜੀਵਨ 'ਤੇ ਨਜ਼ਰ ਨਾ ਮਾਰੀ ਤਾਂ ਅਸੀਂ ਵਕਤ ਦੀ ਧੂੜ ਵਿੱਚ ਇਸ ਤਰ੍ਹਾਂ ਗੁੰਮ ਹੋ ਜਾਵਾਂਗੇ ਕਿ ਸਾਡਾ ਅਸਤਿੱਤਵ ਹੀ ਸਾਡੇ ਕੋਲੋਂ ਪੁੱਛੇਗਾ, "ਤੁਸੀ ਕੌਣ ਹੋ ?" ਤੇਂ ਅਸੀਂ ਫਿਰ ਜਵਾਬ ਦੇਣ ਯੋਗ ਨਹੀਂ ਹੋਣਾ।

*—ਪਿੰਡ-ਡਾਕਖਾਨਾ ਮੰਡ*
*ਜ਼ਿਲ੍ਹਾ ਜਲੰਧਰ*


Namdhari Elibrary NamdhariElibrary@gmail.com

# ਭਾਈ ਮਹਾਂ ਸਿੰਘ ਜੀ

*—ਸਵਰਗੀ ਸੰਤ ਨਿਧਾਨ ਸਿੰਘ ਆਲਿਮ*

ਸੰਤ ਨਿਧਾਨ ਸਿੰਘ ਆਲਿਮ ਸ਼ਬਦ ਦੇ ਸਹੀ ਅਰਥਾਂ ਵਿਚ ਆਲਿਮ ਸਨ। ਨਾਮਧਾਰੀ ਪੰਥ ਦੇ ਇਸ ਵਿਦਵਾਨ ਦੀ ਧਾਰਮਿਕ ਸਮਾਜੀ ਅਤੇ ਸਿਆਸੀ ਖੇਤਰ ਵਿਚ ਬਹੁਤ ਧਾਂਕ ਸੀ। ਆਪ ਸੰਤ ਸਨ, ਪਰਚਾਰਕ ਸਿੰਘ, ਭਾਸ਼ਣਕਾਰ, ਗਾਇਕ ਕੀਰਤਨਕਾਰ, ਕਵੀ ਅਤੇ ਲੇਖਕ ਸਨ। ਆਪ ਬਾਰੇ ਵਰਿਆਮ ਦੇ ਅਪਰੈਲ ੨੦੦੫ ਅੰਕ ਵਿਚ ਸ੍ਰੀ ਸੁਵਰਨ ਸਿੰਘ ਵਿਰਕ ਹੋਰਾਂ ਦਾ ਲਿਖਿਆ ਵਡਮੁੱਲਾ ਲੇਖ ਪ੍ਰਕਾਸ਼ਤ ਹੋਇਆ ਸੀ। ਆਪ ਜੀ ਦੀ ਇਕ ਛੋਟੀ ਪੁਸਤਕਾ 'ਰੂਹਾਨੀ ਟੈਲੀਫੋਨ' ਸੰਨ ੧੯੫੬ ਵਿਚ ਪ੍ਰਕਾਸ਼ਤ ਹੋਈ ਸੀ। ਇਸ ਵਿਚ ਛੋਟੇ-ਛੋਟੇ ਪਰਸੰਗ ਸਨ ਜੋ ਸਾਖੀ, ਕਥਾ, ਗੁਰਬਾਣੀ ਅਤੇ ਆਲਿਮ ਜੀ ਦੀ ਆਪਣੀ ਕਾਵਿ ਰਚਨਾ ਅਤੇ ਹੋਰ ਕਵੀਆਂ ਦੀਆਂ ਟੂਕਾਂ ਸਮੇਤ ਆਲਿਮ ਜੀ ਦੀ ਵਿਆਖਿਆ ਨਾਲ ਸ਼ਿੰਗਾਰੇ ਹੋਏ ਸਨ। ਇਹ ਪਰਸੰਗ ਸਨ— ੧. ਬੇਬੇ ਨਾਨਕੀ, ੨. ਰਾਏ ਬੁਲਾਰ ਦਾ ਪ੍ਰੇਮ, ੩. ਕਸ਼ਮੀਰ ਦੀ ਮਾਈ, ੪. ਦ੍ਰੋਪਤੀ ਦੀ ਕੂਕ, ੫. ਭਾਈ ਮਹਾਂ ਸਿੰਘ ਜੀ, ੬. ਬਿਦਰ ਪਤਨੀ ਦਾ ਚਰਿਤ੍ਰ, ੭. ਭਾਈ ਤਿਲੋਕੇ ਦੀ ਅਰਦਾਸ, ੮. ਚੀਨੀ ਵਾਲੇ ਦਾ ਦਰਸ਼ਨ, ੯. ਰਾਏ ਸਿੰਘ ਦਾ ਫੋਨ (ਕਵਿਤਾ) ਸਮੇਤ ਕੁਝ ਹੋਰ ਕਵਿਤਾਵਾਂ ਹਨ। ਕੁਲ ੭੨ ਸਫੇ ਦੀ ਪੁਸਤਕ ਹੁਣ ਦੁਰਲੱਭ ਹੋ ਗਈ ਹੈ। ਜੇ ਕਿਸੇ ਕੋਲ ਹੈ ਤਾਂ ਕਾਗਜ਼ ਭੁਰ ਗਏ ਹਨ। ਕੁਝ ਪਿਆਰਿਆਂ ਨੇ ਹੱਥੀਂ ਨਕਲ ਕਰਕੇ ਇਹ ਰਚਨਾ ਸਾਂਭਣ ਦਾ ਜਤਨ ਕੀਤਾ ਹੈ। ਇਸ ਪੁਸਤਕ ਨੂੰ ਪੜ੍ਹ ਕੇ ਕਈ ਲੋਕ ਜਥੇਦਾਰ ਅਤੇ ਪਰਚਾਰਕ ਬਣ ਗਏ ਸਨ। ਚਾਲੀ ਮੁਕਤਿਆਂ ਦੀ ਸ਼ਹੀਦੀ ਦੀ ਤੀਸਰੀ ਸ਼ਤਾਬਦੀ ਮਈ ੨੦੦੫ ਵਿਚ ਮਨਾਈ ਗਈ ਹੈ। ਅਸੀਂ ਇਸ ਬਾਰੇ ਹੋਰ ਕੁਛ ਲਿਖਣ ਦੀ ਥਾਂ ਆਲਿਮ ਜੀ ਦੀ ਇਸ ਪੁਸਤਕ 'ਚੋਂ "ਭਾਈ ਮਹਾਂ ਸਿੰਘ ਜੀ" ਵਾਲਾ ਪਰਸੰਗ ਪਾਠਕਾਂ ਦੇ ਮੁੜ ਦ੍ਰਿਸ਼ਟੀ-ਗੋਚਰ ਕਰ ਰਹੇ ਹਾਂ। ਇਸ ਵਾਸਤੇ ਅਸੀਂ ਸੰਤ ਸੁਰਿੰਦਰ ਸਿੰਘ ਬਲਸੂਰ (ਛਿੰਦਾ ਜੀ) ਸਾਬਕਾ ਪ੍ਰਧਾਨ ਨਾਮਧਾਰੀ ਵਿਦਿਅਕ ਜਥਾ ਜਲੰਧਰ ਦੇ ਵੀ ਧੰਨਵਾਦੀ ਹਾਂ।

—ਜਗਦੀਸ਼ ਸਿੰਘ ਵਰਿਆਮ

ਭਾਈ ਮਹਾਂ ਸਿੰਘ ਜੀ ਉਨ੍ਹਾਂ ਸਿੱਖਾਂ ਵਿੱਚੋਂ ਸਨ, ਜੋ ਜੰਗਾਂ ਦੇ ਭਿਆਨਕ ਹਾਲਾਤ ਤੋਂ ਘਬਰਾ ਕੇ ਅਨੰਦਪੁਰ ਸਾਹਿਬ ਵਿਚੋਂ ਸ੍ਰੀ ਕਲਗੀਧਰ ਜੀ ਨੂੰ ਲਿਖ ਕੇ ਦੇ ਗਏ ਸਨ ਕਿ "ਅਸੀਂ ਤੇਰੇ ਸਿੱਖ ਨਹੀਂ ਤੇ ਤੂੰ ਸਾਡਾ ਗੁਰੂ ਨਹੀਂ।" ਸਿੱਖ ਇਤਿਹਾਸ ਵਿਚ ਏਸ ਕਾਗਜ਼ ਦਾ ਨਾਉਂ "ਬੇਦਾਵਾ" ਪ੍ਰਸਿੱਧ ਹੈ। ਪ੍ਰਵਾਰਾਂ, ਸਬੰਧੀਆਂ ਅਤੇ ਸੂਝਵਾਨਾਂ ਦੀ ਪ੍ਰੇਰਣਾ ਨਾਲ ਇਹਨਾਂ ਨੇ ਆਪਣੀ ਬੇਮੁਖਤਾ ਨੂੰ ਬੁਰੀ ਤਰ੍ਹਾਂ ਮਸੂਸ ਕੀਤਾ। ਪ੍ਰਾਸਚਿਤ ਕਰਨ ਦੇ ਮੰਤਵ ਨਾਲ ਉਸ ਮੈਦਾਨ ਵਿਚ ਪੁੱਜੇ ਜਿਥੇ ਸ੍ਰੀ ਕਲਗੀਧਰ ਸ਼ਾਹੀ ਸੈਨਾ ਨਾਲ ਲੜ ਰਹੇ ਸਨ। ਇਹ ਓਹੀ ਇਲਾਕਾ ਹੈ ਜਿਥੇ ਉਸ ਸਮੇਂ ਖਿਦਰਾਣੇ ਦੀ ਕੱਚੀ ਢਾਬ ਅਤੇ ਅੱਜ ਕਲ ਉਸ ਥਾਉਂ ਮੁਕਤਸਰ ਨਾਮ ਦਾ ਪਾਵਨ ਸਰੋਵਰ ਹੈ। ਬੇਦਾਵੀਏ ਸਿੱਖ ਗੁਰੂ ਜੀ ਅਤੇ ਸ਼ਾਹੀ ਸੈਨਾ ਦੇ ਵਿਚਕਾਰੇ ਮੋਰਚੇ ਬੀੜ ਸ਼ਾਹੀ ਸੈਨਾ ਨਾਲ ਰਣ ਮੰਡ ਰਹੇ ਹਨ। ਸ੍ਰੀ ਕਲਗੀਧਰ ਜੀ ਇੱਕ ਉੱਚੇ ਟਿੱਬੇ ਤੇ ਆਪਣੇ ਕੈਂਪ ਵਿਚੋਂ ਦੂਰਬੀਨ ਨਾਲ ਆਪਣੇ ਸਿੱਖਾਂ ਦੀ ਇਸ ਬਹਾਦਰੀ ਨੂੰ ਤੱਕ-ਤੱਕ ਪ੍ਰਸੰਨ ਹੋ ਰਹੇ ਹਨ। ਕਈ ਸਿੱਖ ਸ਼ਹੀਦ ਹੋ ਚੁੱਕੇ ਹਨ। ਸ਼ਾਹੀ ਸੈਨਾ ਫ਼ਰਾਰ ਹੋ ਚੁਕੀ ਹੈ। ਫੱਟੜ ਸਿੱਖਾਂ ਅਤੇ ਸ਼ਹੀਦ ਸਿੰਘਾਂ ਦੇ ਨਾਲ ਇਕ ਥਾਂ ਭਾਈ ਮਹਾਂ ਸਿੰਘ ਦੀ ਬਿਰਾਜਮਾਨ ਹਨ। ਆਪ ਦਾ ਸ਼ਰੀਰ ਭੀਸ਼ਮ ਪਿਤਾਮਾ ਵਾਂਗ ਤੀਰਾਂ ਦੀਆਂ ਚੋਭਾਂ ਨਾਲ ਵਿੱਝਾ ਪਿਆ ਹੈ। ਲਹੂ ਵਗਣ ਦੇ ਕਾਰਣ ਬਹੁਤ ਨਿਰਬਲ ਹੋਏ ਹੋਏ ਨਿਢਾਲ ਪਏ ਹਨ। ਮਨ ਵਿੱਚ ਕੇਵਲ ਇੱਕ ਵਾਸ਼ਨਾ ਹੈ ਕਿ ਜੇ ਪ੍ਰਾਣ ਤਿਆਗਣ ਤੋਂ ਪਹਿਲਾਂ ਪਹਿਲਾਂ ਬਾਜਾਂ ਵਾਲੇ ਪ੍ਰੀਤਮ ਦਾ ਦੀਦਾਰ ਹੋ ਜਾਵੇ ਤਾਂ "ਬੇਦਾਵੇ" ਦਾ ਮਨਹੂਸ ਕਾਗਤ ਆਪਣੇ ਸਾਹਮਣੇ ਪੜਵਾ ਕੇ ਆਪਣੇ ਸਮੇਤ ਆਪਣੇ ਸਾਥੀਆਂ ਨੂੰ ਬਖਸ਼ਾ ਲਵਾਂ। ਅੱਖਾਂ ਨੂਟ ਕੇ ਚਰਨ ਕਮਲਾਂ ਦਾ ਧਿਆਨ ਧਰਦਾ ਹੈ। ਓਧਰ ਮੌਤ ਭਾਈ ਸਾਹਿਬ ਦਾ ਦਰਸ਼ਨ ਕਰਦੀ ਹੋਈ ਇਓਂ ਬੇਨਤੀ ਕਰਦੀ ਹੈ—

"ਚੱਲ ਮੌਤ ਨੇ ਆਖਿਆ ਮਹਾਂ ਸਿੰਘਾ,
ਤੇਰੇ ਵਾਸਤੇ ਘੋੜੀ ਤਿਆਰ ਹੈ ਵੇ।
ਰੱਤ ਤੇਰੇ ਸਰੀਰ ਦੀ ਗਈ ਨੁੱਚੜ,
ਚੇਹਰੇ ਉੱਤੇ ਨ ਰਹੀ ਬਹਾਰ ਹੈ ਵੇ।
ਨਾ ਤੂੰ ਹਿੱਲ ਸਕੇਂ ਨਾ ਤੂੰ ਚੱਲ ਸਕੇਂ,
ਬੇੜੀ ਉਮਰ ਦੀ ਹੋ ਗਈ ਪਾਰ ਹੈ ਵੇ।



Namdhari Elibrary NamdhariElibrary@gmail.com

ਕੇਹੜੇ ਖ਼ਿਆਲ ਦੇ ਵਿਚ ਹੈਂ ਲੀਨ ਹੋਇਆ,
ਮੈਨੂੰ ਦੱਸ ਕਿਸਦਾ ਇਤਜ਼ਾਰ ਹੈ ਵੇ।"
ਮਹਾਂ ਸਿੰਘ ਨੇ ਅਗੋਂ ਜਵਾਬ ਦਿੱਤਾ,
"ਆਲਿਮ" ਗੱਲ ਦੱਸਾਂ ਠੀਕ-ਠੀਕ ਤੈਨੂੰ।
ਕਲਗੀ ਵਾਲੇ ਦੇ ਚਰਨਾਂ ਦਾ ਭੌਰ ਹਾਂ ਮੈਂ,
ਉਸ ਦੇ ਦਰਸ਼ਨ ਦੀ ਲਗੀ ਉਡੀਕ ਮੈਨੂੰ।
(ਆਲਿਮ)

ਕਲਗੀ ਵਾਲੇ ਪਾਤਸ਼ਾਹ ਕੁਛ ਸਿੰਘਾਂ ਸਮੇਤ ਸਰਪੱਟ ਘੋੜੇ ਦੌੜਾਂਦੇ ਰਣ ਭੂਮੀ ਅੰਦਰ ਪੁਜਦੇ ਹਨ। ਘੋੜਿਆਂ ਤੋਂ ਉੱਤਰ ਸ਼ਹੀਦ ਸਿੰਘਾਂ ਦੇ ਜ਼ਖਮਾਂ ਨੂੰ ਆਪਣੇ ਰੁਮਾਲੇ ਅਤੇ ਦਸਤਾਰ ਦੇ ਪੇਚਾਂ ਨਾਲ ਸਾਫ਼ ਕਰ ਰਹੇ ਹਨ। ਹਜ਼ੂਰ ਦੇ ਨੇਤਰ ਸੱਜਲ ਹਨ। ਜਿੰਨੇ ਕਦਮ ਕੋਈ ਅੱਗੇ ਹੋ ਕੇ ਡਿੱਗਾ ਹੈ ਓਨੇ ਹਜ਼ਾਰੀ, ਦਾ ਪਦ ਪ੍ਰਦਾਨ ਕਰ ਰਹੇ ਹਨ। ਇਹ ਮੇਰਾ ਪੰਜ ਹਜ਼ਾਰੀ ਇਹ ਦਸ ਹਜ਼ਾਰੀ, ਇਹ ਪੱਚੀ ਹਜ਼ਾਰੀ ਕਹਿ ਕਹਿ ਅੱਗੇ ਵਧ ਰਹੇ ਹਨ। ਛੇਕੜ ਮਹਾਂ ਸਿੰਘ ਜੀ ਪਾਸ ਪੁੱਜ ਕੇ ਰੁਕ ਜਾਂਦੇ ਹਨ। ਪਰਮ ਪਾਵਨ ਹਸਤ ਕਮਲ ਦੀਆਂ ਪਵਿਤ੍ਰ ਉਂਗਲਾਂ ਮਹਾਂ ਸਿੰਘ ਦੀ ਨਬਜ਼ ਉੱਤੇ ਹਨ। ਨਬਜ਼ ਬੜੀ ਧੀਮੀ ਚਲਦੀ ਹੈ। ਨਿਰਬਲਤਾ ਦਾ ਕੋਈ ਅੰਤ ਨਹੀਂ। ਸਰ੍ਹਾਣੇ ਵੱਲ ਬੈਠ ਸਿੰਘ ਦਾ ਸੀਸ ਆਪਣੀ ਗੋਦੀ ਵਿੱਚ ਲੈ ਵਾਤਸੱਲ ਖਿੱਚ ਨਾਲ ਮਹਾਂ ਸਿੰਘ ਜੀ ਨੂੰ ਇਉਂ ਸੰਬੋਧਨ ਕਰ ਰਹੇ ਹਨ:-

## ਨਜ਼ਮ

"ਮਹਾਂ ਸਿੰਘ ਖੋਲ੍ਹ ਆਂਖੇਂ ਦੇਖ, ਜ਼ਰਾ ਤੋ ਲਬ ਕੁਸ਼ਾਈ ਕਰ।
ਮੈਂ ਆਇਆ ਹੂੰ ਤਿਰੇ ਖ਼ਾਤਿਰ , ਮਿਰੇ ਬੇਟਾ ਰਸਾਈ ਕਰ।
ਤੂੰ ਹੈ ਲਖਤੇ-ਜਿਗਰ ਮੇਰਾ, ਮੈਂ ਸੌ ਜਾਂ ਸੇ ਫ਼ਿਦਾ ਤੁਮ ਪਰ।
ਤਲਬ ਹੈ ਜੋ ਤਿਰੇ ਦਿਲ ਮੈਂ, ਤੂੰ ਕਹਿ ਕਰ ਆਸ਼ਨਾਈ ਕਰ।
ਖੁਲ੍ਹੀ ਆਂਖੇਂ ਇਸ਼ਾਰੇ ਸੇ, ਝੁਕਾ ਕਰ ਸੀਸ ਕੋ ਬੋਲਾ
ਤਮੰਨਾ ਹੈ ਯਹੀ ਦਿਲ ਮੇਂ, ਬੇਦਾਵੇ ਦੀ ਸਫ਼ਾਈ ਕਰ।
(ਆਲਿਮ)

ਪਾਤਸ਼ਾਹ! ਆਪ "ਟੂਟੀ ਗਾਂਢਨ ਹਾਰ ਗੋਪਾਲ" ਹੋ। ਗੰਢ ਲੌ ਟੁੱਟੀ ਨੂੰ । ਅਸੀਂ ਤੋੜਨਹਾਰ, ਤੇ ਆਪ ਗੰਢਨਹਾਰ ਦਿਆਲੂ ਪ੍ਰੀਤਮ।

"ਤੇਰੀ ਰਹਿਮਤੋਂ ਕੀ ਨਹੀਂ ਹੈ ਹੱਦ,
ਜੋ ਤੂ ਹੈ ਸੋ ਹੈ ਜੋ ਮੈਂ ਹੂੰ ਸੋ ਹੂੰ
ਮੁਝੇ ਅਪਨੇ ਦਰ ਸੇ ਤੂ ਕਰ ਨ ਰੱਦ,
ਜੋ ਤੂ ਹੈ ਸੋ ਹੈ ਜੋ ਮੈਂ ਹੂੰ ਸੋ ਹੂੰ
ਜੋ ਸਰਾਪਾ ਜੁਰਮੋ ਸਿਤਮਾ[1] ਹੂੰ ਮੈਂ,
ਤੋ ਸਰਾਪਾ ਲੁਤਫ਼ੋ ਕਰਮ[2] ਹੈ ਤੂੰ
ਯਹ ਹੈ ਤੇਰੀ ਹਦ ਯੇ ਹੈ ਮੇਰੀ ਹਦ,
ਜੋ ਤੂੰ ਹੈ ਸੋ ਹੈ ਜੋ ਮੈਂ ਹੂੰ ਸੋ ਹੂੰ।
ਜੋ ਸਦੱਫ਼[3] ਹੈ ਤੂੰ ਤੋ ਗੌਹਰ[4] ਹੂੰ ਮੈਂ,
ਜੋ ਤੂ ਸ਼ਾਖ ਹੈ ਤੋ ਸਮਰ[5] ਹੂੰ ਮੈਂ
ਤੇਰੀ ਮਦ ਸੇ ਨਿਕਲੀ ਮੇਰੀ ਮਦ,
ਜੋ ਤੂ ਹੈ ਸੋ ਹੈ ਜੋ ਮੈਂ ਹੂੰ ਸੋ ਹੂੰ।
(ਪ੍ਰਾਪਤ)

ਰੁਕੇ ਹੋਏ ਕੰਠ ਦੁਆਰਾ ਗਦ-ਗਦ ਬਾਣੀ ਦੇ ਅਸਰ ਹੇਠ ਆਏ ਹੋਏ ਪ੍ਰੀਤਮ ਨੇ ਚੋਲੇ ਵਿਚੋਂ ਕਾਗਤ ਕੱਢ ਕੇ ਸਿੱਖ ਸਾਹਮਣੇ ਕੀਤਾ। ਕੀ ਕਹਿ ਰਹੇ ਹਨ ? ਹੇਠਲੇ ਅੱਖਰਾਂ ਵਿਚ ਵਾਚਣ ਦੀ ਖੇਚਲ ਕਰੋ —

## ਨਜ਼ਮ

ਜੇਬ ਸੇ ਕਾਗਜ਼ ਨਿਕਾਲਾ, ਕਰ ਕੇ ਉਸ ਕੇ ਸਾਮਨੇ।
ਯੂੰ ਕਹਾ ਬੇਟਾ, ਸ਼ਿਨਾਖ਼ਤ ਅਪਨੀ ਤੂੰ ਤਹਿਰੀਰ ਕਰ।
ਸਰ ਝੁਕਾਇਆ ਤਬ, ਇਸ਼ਾਰੇ ਸੇ ਕਹਾ ਉਸ ਬੀਰ ਨੇ,
ਹਾਂ ਮਿਰੇ ਮਾਲਿਕ ਯਹੀ ਹੈ, ਮਾਫ਼ ਅਬ ਤਕਸੀਰ ਕਰ।
ਤਬ ਵਹੁ ਕਾਗ਼ਜ਼ ਟੁਕੜੇ-ਟੁਕੜੇ ਕਰ ਦੀਆਂ ਸਰਕਾਰ ਨੇ,
ਫੈਂਕ ਕਰ ਬੋਲੇ ਮਹਾਂ ਸਿੰਘ, ਦਿਲ ਕੋ ਮਤ ਦਿਲਗੀਰ ਕਰ।
ਅਰਜ਼ ਕੀ ਮਸ਼ਕੂਰ ਹੂੰ, ਮਮਨੂਨ ਹੂੰ, ਮਸਰੂਰ ਹੂੰ,
'ਆਲਮ' ਸੇ ਅਬ ਰੁਖ਼ਸਤ ਤੂੰ ਮੇਰੇ ਪੀਰ ਦਾਮਨਗੀਰ ਕਰ।
(ਆਲਿਮ)

ਬਾਜਾਂ ਵਾਲੇ ਪ੍ਰੀਤਮ ਨੇ ਕਿਹਾ—"ਮਹਾਂ ਸਿੰਘ ! ਜੇ ਚਾਹੇਂ ਤਾਂ ਉਮਰ ਦੀ ਟੁੱਟੀ ਹੋਈ ਡੋਰ ਵੀ ਗੰਢ ਦਿਆਂ। ਜੋ ਚਾਹੇਂ ਮੰਗ ਸਕਦਾ ਹੈਂ। ਲੋਕ ਅਰ ਪ੍ਰਲੋਕ ਵਿਚ ਕੋਈ ਵੀ ਐਸਾ ਪਦਾਰਥ ਨਹੀਂ ਜੋ ਤੇਰੇ ਜੈਸੇ ਸਿਦਕੀ ਸਿੱਖਾਂ ਨੂੰ ਨਹੀਂ ਦਿੱਤਾ ਜਾ ਸਕਦਾ। ਸਿੱਖ ਇਸ ਤਰ੍ਹਾਂ ਦੇ ਭਾਵ ਪ੍ਰਗਟ ਕਰਦਾ ਹੈ, ਦੀਨ ਦਿਆਲ!

"ਹਫ਼ਤ ਕਿਸ਼ਵਰ ਕੀ ਹਕੂਮਤ ਉਸ ਕੇ ਆਗੇ ਹੇਚ ਹੈ।
ਜੋ ਹੈ ਤਾਲਿਬ ਐ ਸ਼ਹੇ ਖ਼ੂਬਾਂ ਤਿਰੇ ਦੀਦਾਰ ਕਾ।
ਗੁਲ ਕਹਾਂ ਗੁਲਸ਼ਨ ਕਹਾਂ, ਗੁਲਬਨ ਕਹਾਂ ਬੁਲਬੁਲ ਕਹਾਂ।
ਆਸ਼ਕੋ ਕੋ ਹੈ ਗ਼ਨੀਮਤ ਦੇਖਨਾ ਦਿਲਦਾਰ ਕਾ।
(ਪ੍ਰਾਪਤ)

"ਗਦਾਏ ਕੂਏ ਤੂਰਾ ਮੈਲੇ ਬਾਦਸ਼ਾਹੀ ਨੇਸਤ।"
(ਦੀਵਾਨਿ ਗੋਇਆ)

ਅਰਥਾਤ—
"ਤਾਜ ਤਖ਼ਤ ਦੀ ਲੋੜ ਨਹੀਂ
ਤੇਰੇ ਕੂਚੇ ਦੇ ਭਿਖਾਰੀ ਨੂੰ।
ਰਾਜ ਸਾਜ ਵੱਲ ਮੂਲ ਨ ਤੱਕੇ,
ਕੀ ਕਰਸੀ ਦੂਨੀਆ ਦਾਰੀ ਨੂੰ।
(ਪ੍ਰੇਮ ਫੁਲਵਾੜੀ)

---

1- ਜ਼ੁਲਮ, 2- ਬਖ਼ਸ਼ਸ਼, 3- ਸਿੱਪ, 4-ਮੋਤੀ, 5-ਫਲ



Namdhari Elibrary NamdhariElibrary@gmail.com

ਸੱਚੇ ਪਾਤਸ਼ਾਹ! ਮੇਰੇ ਨਾਲ ਦੇ ਸ਼ਹੀਦ ਸਿੱਖਾਂ ਦੀਆਂ ਰੂਹਾਂ ਦਰਗਾਹ ਵਿਚ ਸ੍ਰੀ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦੁਰ ਦੇ ਸ਼ਹੀਦੀ ਭਵਨ ਦੇ ਬਾਰ ਮੂਹਰੇ ਅਜੇ ਤੱਕ ਭਟਕਦੀਆਂ ਨਜ਼ਰ ਆ ਰਹੀਆਂ ਹਨ। ਭਾਵੇਂ ਆਪ ਨੇ ਮਨਹੂਸ ਬੇਦਾਵਾ ਪੁਰਜਾ ਪੁਰਜਾ ਕਰਕੇ ਸੁਟ ਦਿੱਤਾ ਹੈ, ਪਰ ਜਦ ਤੱਕ ਪਵਿਤ੍ਰ ਰਸਨਾਂ ਨਾਲ ਤਸਦੀਕ ਦੀ ਆਗਯਾ ਨਹੀਂ ਕਰਦੇ, ਤਦ ਤੱਕ ਉਨ੍ਹਾਂ ਨੂੰ ਅੰਦਰ ਪ੍ਰਵੇਸ਼ ਕਰਨ ਦੀ ਆਗਯਾ ਨਹੀਂ ਮਿਲ ਸਕਦੀ। ਹੁਕਮ ਹੋਇਆ—ਮਹਾਂ ਸਿੰਘ! ਮੈਂ ਤੁਸਾਂ ਸਾਰਿਆਂ ਤੋਂ ਵਾਰਨੇ ਜਾਂਦਾ ਹਾਂ। ਜਾਓ ਟੁੱਟੀ ਗੰਢੀ ਤੇ ਬਖਸ਼ਿਆ ਸਾਰਿਆਂ ਨੂੰ। ਮਹਾਂ ਸਿੰਘ ਜੀ ਸਤਕਾਰ ਸਹਿਤ ਸੀਸ ਝੁਕਾ ਕੇ ਸਦਾ ਦੀ ਨੀਂਦੇ ਸੌਂ ਜਾਂਦੇ ਹਨ।

## ਸਾਥੀਆਂ ਨਾਲ ਪ੍ਰਸ਼ਨ ਉਤਰ

ਪੁੱਛਿਆ ਸਾਥੀਆਂ ਨੇ ਪ੍ਰੀਤਮ ਦੱਸ ਤਾਂ ਸਹੀ,
ਜਦੋਂ ਕਿਲਾ ਅਨੰਦਪੁਰ ਛੋੜਿਆ ਸੀ।
ਸਰਸਾ ਨਦੀ ਦੇ ਕੰਢੇ ਘਮਸਾਨ ਹੋਇਆ,
ਮਾਲ ਲੱਖਾਂ ਦਾ ਨਦੀ ਵਿਚ ਰੋੜ੍ਹਿਆ ਸੀ।
ਮਣਾਂ ਮੂੰਹੀਂ ਕਾਗਤ ਤੇ ਸਾਮਾਨ ਸਾਰਾ
ਤੁਸਾਂ ਵਿੱਚ ਦਰਯਾ ਦੇ ਬੋੜਿਆ ਸੀ।
ਮਾਈਆਂ ਰਹੀਆਂ ਪਿੱਛੇ ਨ ਪ੍ਰਵਾਹ ਕੀਤੀ,
ਮਾਨੋ ਪ੍ਰੇਮ ਸੰਦਾ ਰਿਸ਼ਤਾ ਤੋੜਿਆ ਸੀ।
ਮਾਤਾ ਗੂਜੀ ਤੇ ਦੋਵੇਂ ਲਾਲ ਛੋਟੇ,
ਵਿਛੜ ਗਏ ਨਾ ਤੁਸਾਂ ਸੰਭਾਲ ਕੀਤੀ।
ਐਪਰ ਕਾਗਤ ਬੇਦਾਵੇ ਦਾ ਸਾਂਭ ਕੇ ਤੇ,
"ਆਲਿਮ' ਗੱਲ ਤੁਸਾਂ ਬੇ ਮਿਸਾਲ ਕੀਤੀ।

ਗੁਰਾਂ ਕਿਹਾ ਏਨ੍ਹਾਂ ਸਿੱਖਾਂ ਸਾਰਿਆਂ ਨੂੰ,
ਅੰਮ੍ਰਿਤ ਆਪ ਸੀ ਹੱਥੀਂ ਛਕਾਇਆ ਹੋਇਆ।
ਜਦੋਂ ਕਾਗਤ ਬੇਦਾਵੇ ਦਾ ਲਿਖਣ ਲਗੇ,
ਦਿਲ ਏਨ੍ਹਾਂ ਦਾ ਸੀਗਾ ਘਬਰਾਇਆ ਹੋਇਆ।
ਆਪਣੀ ਚੋਣ ਉਤੇ ਹੈ ਸੀ ਮਾਨ ਮੈਨੂੰ,
ਭਾਵੇਂ ਸਮਾਂ ਅਜੀਬ ਸੀ ਆਇਆ ਹੋਇਆ।
ਮੈਨੂੰ ਨਿਸਚਾ ਸੀ ਮੁੜਨਗੇ ਪਿਛ੍ਹਾਂ ਝਬਦੇ,
ਤਾਹੀਏਂ ਕਾਗਤ ਸੀ ਜੇਬ ਵਿਚ ਪਾਇਆ ਹੋਇਆ।
ਜੇ ਮੈਂ ਸਾਂਭ ਕੇ ਨਾ ਰੱਖਦਾ ਏਸ ਤਾਈਂ,
"ਆਲਿਮ" ਗੱਲ ਅੱਜ ਅੱਲ ਵਲੱਲੀ ਹੁੰਦੀ।
ਕਾਗਤ ਸਹੁਏਂ ਵਖਾ ਨ ਪਾੜਦਾ ਜੇ,
ਮਹਾਂ ਸਿੰਘ ਦੀ ਕਿਵੇਂ ਤਸੱਲੀ ਹੁੰਦੀ ?
(ਆਲਿਮ)

## ਸਹਾਇਤਾ

| | |
|---|---|
| ਮਾਤਾ ਪਿਆਰ ਕੌਰ ਸੁਪਤਨੀ ਸੰਤ ਹਵੇਲਾ ਸਿੰਘ ਸਲੈਚ, ਪ੍ਰੀਤ ਨਗਰ ਜਲੰਧਰ ਸੂਬਾ ਜੁਗਿੰਦਰ ਸਿੰਘ ਅਤੇ ਭਰਾਵਾਂ ਦੀ ਮਾਤਾ ਨਮਿਤ ਪਾਠ ਦਾ ਭੋਗ ਅਤੇ ਮੇਲੇ ਸਮੇਂ ਪਰਿਵਰ ਵੱਲੋਂ। | ੧੧੦੦-੦੦ |
| ਸ. ਭੁਪਿੰਦਰ ਸਿੰਘ ਮਣਕੂ ਕੈਨੇਡਾ | ੫੦੦-੦੦ |
| ਬੀ. ਐਸ. ਸਿਹਰਾ ਐਡ ਕੋ. ਹੇਜ਼ ਮਿਡੈਮਸ ਯੂ. ਕੇ. ਹੋਲੇ ਮਹੱਲੇ ਦੀ ਖੁਸ਼ੀ ਵਿੱਚ | ੩੧੦੦-੦੦ |
| ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦੀ ਯਾਦ ਵਿਚ ਪਰਿਵਾਰ ਵਲੋਂ ਬਦਸਤ ਸ੍ਰੀਮਤੀ ਗੁਰਬਚਨ ਕੌਰ ਜੀ | ੨੫੦-੦੦ |
| ਸ. ਗੁਰਦੇਵ ਸਿੰਘ - ਜਸਕਿਰਨ ਕੌਰ ਸਪੁਤਰੀ ਸਵ. ਪ੍ਰੀਤਮ ਸਿੰਘ ਕਵੀ ਮੁਹਾਲੀ ਵਿਚ ਨਵਾਂ ਨਵਾਸ ਅਸਥਾਨ ਬਨਾਉਣ ਦੀ ਖੁਸ਼ੀ ਵਿੱਚ ਰਾਹੀਂ ਬੀਬੀ ਗੁਰਬਚਨ ਕੌਰ ਜੀ | ੨੫੦-੦੦ |
| ਸ. ਗੁਰਦੀਪ ਸਿੰਘ ਕਾਨੂੰਗੋ ਅਤੇ ਪਰਿਵਾਰ, ਮੇਹਲੀ ਫਗਵਾੜਾ ਅਖੰਡ ਪਾਠ ਅਤੇ ਦੀਵਾਨ ਦੀ ਖੁਸ਼ੀ ਵਿਚ | ੨੦੦-੦੦ |
| ਸ. ਨਿਸ਼ਾਨ ਸਿੰਘ ਜਲੰਧਰ ਅਖੰਡ ਪਾਠ ਭੋਗ, ਵਰਨੀ, ਹਵਨ ਕੀਰਤਨ ਦੀ ਖੁਸ਼ੀ ਵਿਚ | ੧੫੦-੦੦ |
| ਸ. ਗੁਰਨਾਮ ਸਿੰਘ ਅਜੀਤ ਨਗਰ ਜਲੰਧਰ ਭੋਗ ਆਖੰਡ ਪਾਠ ਕੀਰਤਨ ਆਸੀ ਦੀ ਵਾਰ ਅਤੇ ਸਾਧ ਸੰਗਤ ਦੇ ਲੰਗਰ ਦੇ ਅਵਸਰ ਤੇ | ੧੦੦-੦੦ |
| ਠੇਕੇਦਾਰ ਗੁਰਬਚਨ ਸਿੰਘ ਰਾਜੋਰੀ ਗਾਰਡਨ ਦਿਲੀ ਨਮਿਤ ਭੋਗ ਸ਼ਰਧਾਂਜਲੀ ਸਮਾਗਮ ਸਮੇਂ ਪਰਿਵਾਰ ਵਲੋਂ | ੧੦੦੦-੦੦ |
| ਸ. ਬਚਨ ਸਿੰਘ ਟਿੱਬਰ ਮਰਚੈਂਟ ਅਕੋਹਰੀ ਪੁਲੀ ਰੋਡ ਵਲੋਂ ਅਜੀਤ ਨਗਰ ਵਰਕਸ਼ਾਪ ਵਿਖੇ ਪਾਠ ਦੇ ਭੋਗ, ਵਾਰ ਕੀਰਤਣ ਅਤੇ ਲੰਗਰ ਸਮੇਂ। | ੪੦੦-੦੦ |


Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

# GUNS

# MODERN GUN WORKS

**OPP. : INDUSTRIAL ESATE,**

**JAMMU CANTT.**


Namdhari Elibrary NamdhariElibrary@gmail.com

# ਕੁਝ ਤਾਜ਼ੀਆਂ ਪੜ੍ਹੀਆਂ ਪੁਸਤਕਾਂ

*—ਪਿਆਰਾ ਸਿੰਘ ਭੋਗਲ*

## ਉਰਮਿਲਾ ਆਨੰਦ ਦੀ ਪੁਸਤਕ "ਪ੍ਰੀਤਨਗਰ"

ਇਹ ਪੁਸਤਕ ਉਰਮਿਲਾ ਆਨੰਦ ਦੀ ਸ੍ਵੈਜੀਵਨੀ ਦਾ ਇੱਕ ਹੱਸਾ ਵੀ ਹੈ, ਤੇ ਨਾਲ-ਨਾਲ " ਪ੍ਰੀਤਨਗਰ" ਪਿੰਡ ਦਾ ਇਤਿਹਾਸ ਵੀ। "ਪ੍ਰੀਤਲੜੀ" ਮਾਸਕ ਪੱਤਰ ੧੯੩੩ ਈ. ਵਿੱਚ ਨਿਕਲਿਆ ਸੀ, ਤੇ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ੧੯੩੮ ਈ: ਜ਼ਿਲ੍ਹਾ ਅੰਮ੍ਰਿਤਸਰ ਵਿੱਚ ਲੋਪੋਕੀ ਨੇੜੇ ਨਵੀਂ ਪ੍ਰਕਾਰ ਦਾ ਨਗਰ ਵਸਾਇਆ ਸੀ। ਇਹ ਦੋਵੇਂ ਘਟਨਾਵਾਂ ਪੰਜਾਬੀ ਸਭਿਆਚਾਰ ਦੇ ਇਤਿਹਾਸ ਵਿੱਚ ਮੀਲ-ਪੱਥਰ ਸਾਬਤ ਹੋਈਆਂ। ਕਾਰਨ ਇਹ ਸੀ ਕਿ ਇਨ੍ਹਾਂ ਦੋਨਾਂ ਘਟਨਾਵਾਂ ਨੇ ਪੰਜਾਬੀ ਸਭਿਆਚਾਰ ਨੂੰ ਬਦਲਣ ਵਿੱਚ ਮਹੱਤਵਸ਼ੀਲ ਹਿੱਸਾ ਪਾਇਆ। ਪੁਰਾਣਾ ਪੰਜਾਬੀ ਸਮਾਜ ਮਨਾਹੀਆਂ ਵਾਲਾ ਸਮਾਜ ਸੀ। ਉਂਜ ਵੀ ਮਨੁੱਖ ਕੁਦਰਤ ਦੇ ਰੱਹਸ ਤੋਂ ਡਰਦਾ ਸੀ। ਪਰ ਵੀਹਵੀਂ ਸਦੀ ਵਿਚ ਭਾਵੇਂ ਭਾਰਤ ਗ਼ੁਲਾਮ ਸੀ, ਤਾਂ ਵੀ ਵਿਗਿਆਨ ਦੀਆਂ ਲੱਭਤਾਂ ਅਤੇ ਕਾਢਾਂ ਦੇ ਕਾਰਨ ਮਨੁੱਖ ਦੀ ਤਰੱਕੀ ਲਈ ਨਵੇਂ ਮੌਕੇ ਪੈਦਾ ਹੋ ਰਹੇ ਸਨ, ਤੇ ਉਹ ਮਨਾਹੀਆਂ ਤੋੜ ਕੇ ਜੀਵਨ ਦੇ ਰਸ ਮਾਨਣ ਲਈ ਉਤਾਵਲਾ ਹੋ ਰਿਹਾ ਸੀ। ਗੁਰਬਖਸ਼ ਸਿੰਘ ਨੇ ਜਦੋਂ ਮੈਟਰਿਕ ਕਰਨ ਤੋਂ ਬਾਅਦ ਓਵਰਸੀਅਰ ਦੀ ਪੜ੍ਹਾਈ ਕੀਤੀ ਤਾਂ ਉਸ ਦੇ ਪਿਤਾ ਜੀ ਪੂਰੇ ਹੋ ਚੁੱਕੇ ਸਨ। ਪਰਿਵਾਰ ਪਾਸ ਆਮਦਨ ਦਾ ਕੋਈ ਵਸੀਲਾ ਨਹੀਂ ਸੀ। ਤਾਂ ਵੀ ਗੁਰਬਖਸ਼ ਸਿੰਘ ਨੇ ਨੌਕਰੀ ਕਰ ਕੇ ਮਾਤਾ-ਪਿਤਾ ਦਾ ਪਰਿਵਾਰ ਪਾਲਿਆ। ਆਪ ਉੱਦਮ ਕਰ ਕੇ ਅਮਰੀਕਾ ਪਹੁੰਚਿਆ। ਇੰਜਨੀਅਰਿੰਗ ਦੀ ਪੜ੍ਹਾਈ ਕੀਤੀ। ਪੜ੍ਹਦਿਆਂ ਪੈਸੇ ਵੀ ਕਮਾਏ। ਆਪਣਾ ਖਰਚ ਵੀ ਤੋਰਿਆ , ਤੇ ਪਿੱਛੇ ਮਾਂ ਭਰਾਵਾਂ ਤੇ ਭੈਣ ਦੀ ਪੜ੍ਹਾਈ ਅਤੇ ਪਾਲਣਾ ਲਈ ਵੀ ਪੈਸੇ ਭੇਜੇ। ਸੋ, ਗੁਰਬਖਸ਼ ਸਿੰਘ ਦਾ ਵਿਸ਼ਵਾਸ਼ ਸੀ, ਮਨੁੱਖ ਆਪਣੀ ਤਕਦੀਰ ਆਪ ਬਣਾ ਸਕਦਾ ਹੈ। ਜੀਵਨ ਦੁੱਖਾਂ ਦਾ ਘਰ ਨਹੀਂ। ਮਨੁੱਖ ਨੂੰ ਜੀਵਨ ਦੇ ਸਭ ਸੁੱਖ ਮਾਨਣੇ ਚਾਹੀਦੇ ਹਨ। ਮਨੁੱਖ ਸੁਖਾਵੀਂ ਸੁਧਰੀ ਜ਼ਿੰਦਗੀ ਅਤੇ ਪ੍ਰਸੰਨ ਲੰਮੀ ਉਮਰ ਭੋਗ ਸਕਦਾ ਹੈ।

ਗੁਰਬਖਸ਼ ਸਿੰਘ ਦੇ ਇਹ ਵਿਸ਼ਵਾਸ ਅਤੇ ਵਿਚਾਰ ਪੰਜਾਬੀ ਪਾਠਕਾਂ ਲਈ ਬਿਲਕੁਲ ਨਵੇਂ ਸਨ। ਇਸੇ ਕਰਕੇ "ਪ੍ਰੀਤ ਲੜੀ" ਮਾਸਕ ਪੱਤਰ ਦੇ ਪਾਠਕ ਬਹੁਤ ਤੇਜ਼ੀ ਨਾਲ ਵਧੇ। ਇਹ ਪੰਜਾਬੀ ਦਾ ਸਭ ਤੋਂ ਵੱਧ ਛੱਪਣ ਵਾਲਾ ਮਾਸਕ ਪੱਤਰ ਬਣ ਗਿਆ ਸੀ। ਪ੍ਰੀਤਲੜੀ ਦੇ ਪ੍ਰਭਾਵ ਨਾਲ ਹੀ "ਪ੍ਰੀਤ ਨਗਰ" ਪਿੰਡ ਵੀ ਤੇਜ਼ੀ ਨਾਲ ਵਸਿਆ ਅਤੇ ਬਹੁਤ ਸਾਰੇ ਰੌਸ਼ਨ ਖਿਆਲ ਪੰਜਾਬੀ ਪ੍ਰੀਤ ਨਗਰ ਜਾ ਵੱਸੇ। ਇਨ੍ਹਾਂ ਵਿੱਚ ਸੋਭਾ ਸਿੰਘ ਚਿਤ੍ਰਕਾਰ ਅਤੇ ਨਾਨਕ ਸਿੰਘ ਨਾਵਲਕਾਰ ਵੀ ਸ਼ਾਮਲ ਸਨ।

ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਪੁੱਤਰ ਧੀਆਂ ਵੀ ਨਵੀਆਂ ਲੀਹਾਂ ਉੱਤੇ ਤੁਰੇ। ਉਨ੍ਹਾਂ ਦੀਆਂ ਚਾਰ ਬੇਟੀਆਂ ਵਿਚੋਂ ਇੱਕ ਬੇਟੀ ਉਰਮਿਲਾ ਨੇ ਉਸ ਸਮੇਂ ਦੇ ਨੌਜਵਾਨ ਕਮਿਊਨਿਸਟ ਆਗੂ ਜਗਜੀਤ ਸਿੰਘ ਆਨੰਦ ਨਾਲ ਪ੍ਰੀਤ ਵਿਆਹ ਕਰਵਾਇਆ। ਵਿਆਹ ਤੋਂ ਪਹਿਲਾਂ ਉਨ੍ਹਾਂ ਦੀ ਮੁਹੱਬਤ ਅੱਠ ਸਾਲ ਜਾਰੀ ਰਹੀ। ਆਨੰਦ ਸਾਹਿਬ ਕਈ ਸਾਲ ਜੇਲ੍ਹਾਂ ਵਿੱਚ ਰਹੇ। ਉਰਮਿਲਾ ਜੇਲ੍ਹਾਂ ਵਿਚ ਜਾ ਕੇ ਆਪਣੇ ਪ੍ਰੇਮੀ ਨੂੰ ਮਿਲਦੀ ਰਹੀ। ਇਸ ਜੋੜੀ ਦਾ ਪਿਆਰ ਅਤੇ ਵਿਆਹ ਸਮਾਜ ਵਿੱਚ ਆ ਰਹੀ ਖੁੱਲ੍ਹ ਦਾ ਇੱਕ ਪ੍ਰਸਿੱਧ ਪ੍ਰਮਾਣ ਬਣਿਆ ਸੀ।

ਉਰਮਿਲਾ ਆਪਣੀ ਪੁਸਤਕ ਵਿੱਚ ਆਪਣੇ ਬਣਨ ਵਾਲੇ ਪਤੀ ਦੇ ਸੁਭਾਅ ਬਾਰੇ ਦਿਲਚਸਪ ਸੂਚਨਾ ਦਿੰਦੀ ਹੈ। ਜਗਜੀਤ ਜੀ ਜਦ ਵੀ ਘਰ ਆਉਂਦੇ, ਆ ਕੇ ਖਾਂਦੇ ਪੀਂਦੇ ਰਹਿੰਦੇ ਜਾਂ ਸੁੱਤੇ ਰਹਿੰਦੇ ਇੰਜ ਲਗਦਾ ਸੀ, ਜਿਵੇਂ ਵਰਿਆਂ ਦੀ ਭੁੱਖ ਤੇ ਥਕਾਵਟ ਸਾਡੇ ਘਰ ਹੀ ਲਾਹੁਣ ਆਉਂਦੇ ਹੋਣ।" (ਸਫ਼ਾ ੪੯)

"ਜਦੋਂ ਸਾਡਾ ਵਿਆਹ ਹੋਇਆ, ਅਸੀਂ ਦੋਹਾਂ ਨੇ ਬਰਾਬਰ ਤੁਰ ਕੇ ਲਾਵਾਂ ਲਈਆਂ ਸਨ। ਪਰ ਲਾਵਾਂ ਤੇ ਬੈਠੇ ਬੈਠੇ ਮੈਂ ਮਹਿਸੂਸ ਕੀਤਾ ਕਿ ਇਨ੍ਹਾਂ ਦੇ ਪਿਤਾ ਜੀ ਤੇ ਇਹ ਵੀ ਆਪਣੀਆਂ ਅੱਖੀਆਂ ਵਿਚੋਂ ਅਥਰੂ ਕੇਰ ਰਹੇ ਸਨ। ਮੈਂ ਆਪਣੇ ਕੋਲ ਬੈਠੇ ਭੂਆ ਜੀ ਨੂੰ ਆਪਣਾ ਰੁਮਾਲ ਦਿੱਤਾ ਤੇ ਕਿਹਾ ਕਿ ਇਹ ਇਨ੍ਹਾਂ ਨੂੰ ਦੇ ਦਿਉ ਤੇ ਪੁੱਛੋ, ਜੇ ਇਨ੍ਹਾਂ ਨੂੰ ਕੋਈ ਚਿੰਤਾ ਹੈ, ਤਾਂ ਮੈਂ ਹੁਣ ਵੀ ਨਾਲ ਨਹੀਂ ਜਾਂਦੀ, ਤੇ ਲਾਵਾਂ ਤੋਂ ਉੱਠ ਖਲੋਂਦੀ ਹਾਂ। ਬਾਅਦ ਵਿੱਚ ਮੈਨੂੰ ਇਨ੍ਹਾਂ ਦੱਸਿਆ, ਸਾਨੂੰ ਫਿਕਰ ਸੀ ਕਿ ਅਜਿਹੇ ਸੁਖ ਰਹਿਣੇ ਘਰ ਵਿੱਚੋਂ ਕੁੜੀ ਲਿਜਾ ਕੇ ਜੇ ਸੁਖੀ ਨਾ ਰੱਖ ਸਕੀਏ , ਤਾਂ ਅਸੀਂ ਕੀ ਕਰਾਂਗੇ। (ਸਫ਼ਾ ੫੧)

ਉਰਮਿਲਾ ਆਪਣੀ ਪੁਸਤਕ ਵਿੱਚ ਗੁਰਬਖਸ਼ ਸਿੰਘ ਦੇ "ਪ੍ਰੀਤ ਨਗਰ" ਦੇ ਸੰਕਲਪ ਦੀ ਪੂਰੀ ਵਿਆਖਿਆ ਨਹੀਂ ਕਰਦੀ। ਅਸਲ ਵਿੱਚ ਲੇਖਕ ਦਾ ਸੁਪਨਾ ਇਹ ਸੀ ਕਿ ਸਾਰੇ ਪ੍ਰੀਤ-ਸੈਨਕ ਸਾਂਝੀ ਕਿਰਤ ਕਰਨ ਆਮਦਨੀ ਸਾਂਝੀ ਹੋਵੇ, ਤੇ ਖਰਚ ਵੀ ਸਾਂਝਾ ਹੋਵੇ। ਉਚ-ਨੀਚ ਅਤੇ ਗਰੀਬ-ਅਮੀਰ



Namdhari Elibrary NamdhariElibrary@gmail.com

ਦਾ ਫ਼ਰਕ ਨਾ ਹੋਵੇ। ਇਸ ਕਰ ਕੇ ਹਰ ਘਰ ਵਿੱਚ ਰੋਟੀ ਨਹੀਂ ਬਣਦੀ ਸੀ। ਇਕੋ ਸਾਂਝਾ ਲੰਗਰ ਸੀ। ਇਸ ਕਰ ਕੇ ਉਰਮਿਲਾ ਦਸਦੀ ਹੈ ਕਿ ਵਿਆਹ ਤੋਂ ਬਾਅਦ ਵੀ ਮੈਨੂੰ ਰੋਟੀ ਬਣਾਉਣੀ ਨਹੀਂ ਆਉਂਦੀ ਸੀ।

ਪਰ ਇਹ ਸਾਂਝੀਵਾਲਤਾ ਦਾ ਚੰਗਾ ਆਦਰਸ਼ ਸਿਰੇ ਨਾ ਚੜ੍ਹਿਆ। ਕਾਰਨ ਇਹ ਸੀ ਕਿ ਪ੍ਰੀਤ-ਸੈਨਕਾਂ ਦੇ ਕੰਮ-ਕਾਜ ਲਈ ਸ਼ੁਰੂ ਕੀਤੀਆਂ ਲੱਗ ਪੱਗ ਸੱਭ ਸਕੀਮਾਂ ਫੇਲ੍ਹ ਹੋ ਗਈਆਂ। ਉਂਜ ਵੀ ਸੱਭ ਸੈਨਕਾਂ ਦੇ ਸੁਭਾਅ ਨਹੀਂ ਰਲਦੇ ਸਨ। ਪਿੱਛੋਂ ਪੰਜਾਬ ਦੀ ਵੰਡ ਨੇ ਵੀ ਭਿਆਨਕ ਸੱਟ ਮਾਰੀ।

ਤਾਂ ਵੀ ਗੁਰਬਖਸ਼ ਸਿੰਘ ਪ੍ਰੀਤਲੜੀ ਬਹੁਤ ਵੱਡਾ ਸੁਪਨੇ ਸਾਜ਼ ਸੀ। ਉਹ ਪੰਜਾਬੀ ਸਮਾਜ ਅਤੇ ਪੰਜਾਬੀ ਬੰਦੇ ਨੂੰ ਬਦਲਣਾ ਚਾਹੁੰਦਾ ਸੀ। ਬਹੁਤ ਕੁਝ ਬਦਲਿਆ ਵੀ। ਉਰਮਿਲਾ ਦੀ ਇਹ ਪੁਸਤਕ ਪੜ੍ਹਨ-ਯੋਗ ਹੈ।

## ਗਿਆਨੀ ਭਜਨ ਸਿੰਘ ਦੀ 'ਯਾਦਾਂ ਦੀ ਪਟਾਰੀ'

ਗਿਆਨੀ ਭਜਨ ਸਿੰਘ ਨੇ ਪੱਤਰਕਾਰ ਅਤੇ ਲੇਖਕ ਦੇ ਤੌਰ ਤੇ ਬਹੁਤ ਸੰਘਰਸ਼-ਭਰਿਆ ਜੀਵਨ ਜੀਵਿਆ ਹੈ। ਅਜੇ ਅੱਠਵੀਂ ਪਾਸ ਹੀ ਕੀਤੀ ਸੀ ਕਿ ਪੰਜਾਬ ਦੀ ਵੰਡ ਹੋ ਗਈ। ਲਾਇਲਪੁਰ ਤੋਂ ਆਏ ਵੱਡੇ ਕਾਫ਼ਲੇ ਨਾਲ ਰਲਕੇ ਪੂਰਬੀ ਪੰਜਾਬ ਪਹੁੰਚੇ। ਅੰਮ੍ਰਿਤਸਰ, ਅੰਬਾਲੇ ਤੇ ਲੁਧਿਆਣੇ ਹੁੰਦੇ ਹੋਏ ਜਲੰਧਰ ਆਬਾਦ ਹੋਏ। ਉਦੋਂ ਤੱਕ ਮੈਟਰਿਕ ਤੇ ਗਿਆਨੀ ਦੇ ਇਮਤਿਹਾਨ ਪਾਸ ਕਰ ਲਏ ਸਨ। ਮਾਸਟਰ ਤਾਰਾ ਸਿੰਘ ਦੇ ਅਖ਼ਬਾਰ "ਪੰਥ ਸੇਵਕ", "ਅਕਾਲੀ" ਅਤੇ "ਜਥੇਦਾਰ" ਵਿੱਚ ਲਗਾਤਾਰ ਅਠਾਰਾਂ ਸਾਲ ਸੰਪਾਦਕ ਦਾ ਕੰਮ ਕੀਤਾ। ਜਦੋਂ ਮਾਸਟਰ ਤਾਰਾ ਸਿੰਘ ਦੀ ਰਾਜਨੀਤੀ ਮੱਧਮ ਪੈ ਗਈ ਤੇ ਸੰਤ ਫ਼ਤਹ ਸਿੰਘ ਮੁੱਖ ਅਕਾਲੀ ਆਗੂ ਬਣ ਗਏ, ਤਾਂ ਫਤਹ ਸਿੰਘ ਨੇ ਗਿਆਨੀ ਜੀ ਨੂੰ ਆਪਣੇ ਅਖ਼ਬਾਰ ਵਿੱਚ ਆਉਣ ਦਾ ਸੱਦਾ ਦਿੱਤਾ। ਪਰ ਗਿਆਨੀ ਜੀ ਦੀ ਪੱਤਰਕਾਰੀ ਦੀ ਯੋਗਤਾ ਦਾ ਇੱਕ ਹੋਰ ਪ੍ਰਸੰਸਕ ਜਥੇਦਾਰ ਸੰਤੋਖ ਸਿੰਘ, ਗਿਆਨੀ ਜੀ ਦੀਆਂ ਸੇਵਾਵਾਂ ਲੈਣ ਲਈ ਕਾਹਲਾ ਸੀ। ਗਿਆਨੀ ਦੀ ਦਿੱਲੀ ਚਲੇ ਗਏ। ਦਿੱਲੀ ਵਿੱਚ ਵੀ ਪੱਤਰਕਾਰੀ ਕੀਤੀ।

ਪਰ ਗਿਆਨੀ ਜੀ ਨੇ, ਪੱਤਰਕਾਰੀ ਨਾਲ ਵਫ਼ਾ ਨਿਭਾਉਂਦਿਆਂ , ਦੋ ਹੋਰ ਵੱਡੀਆਂ ਪ੍ਰਾਪਤੀਆਂ ਕੀਤੀਆਂ। ਪ੍ਰਾਈਵੇਟ ਤੌਰ ਤੇ ਪਹਿਲਾ ਬੀ. ਏ. ਕੀਤੀ, ਫੇਰ ਐਮ.ਏ. ਪੰਜਾਬੀ ਤੇ ਅਖੀਰ ਪੀ ਐਚ. ਡੀ. ਦੀ ਡਿਗਰੀ ਲਈ। ਪੱਤਰਕਾਰੀ ਦੇ ਆਰੰਭ ਵਿੱਚ ਹੀ ਗਿਆਨੀ ਜੀ ਨੂੰ ਨਾਵਲ ਲਿਖਣ ਦਾ ਸ਼ੌਕ ਪੈ ਗਿਆ ਸੀ। ਸਿੱਖ ਇਤਿਹਾਸ ਨੂੰ ਆਧਾਰ ਬਣਾ ਕੇ ਪੱਚੀ ਨਾਵਲ ਲਿਖੇ। ਇਕ ਨਾਵਲ "ਗਗਨ ਦਮਾਮਾ ਬਾਜਿਓ" ਮੈਟਰਿਕ ਵਿੱਚ ਪਾਠ ਪੁਸਤਕ ਲੱਗਾ ਰਿਹਾ। ਇਸ ਨਾਵਲ ਨੂੰ ਆਧਾਰ ਬਣਾ ਕੇ ਦਾਰਾ ਸਿੰਘ ਨੇ "ਸਵਾ ਲਾਖ ਸੇ ਏਕ ਲੜਾਊਂ" ਫਿਲਮ ਵੀ ਬਣਾਈ।

ਗਿਆਨੀ ਜੀ ਦੀ ਸਿਹਤ ਕਈ ਸਾਲਾਂ ਤੋਂ ਚੰਗੀ ਨਹੀਂ ਰਹਿੰਦੀ। ਕਈ ਗੰਭੀਰ ਰੋਗ ਸਰੀਰ ਨੂੰ ਚੰਬੜ ਗਏ ਹਨ। ਤਾਂ ਵੀ ਗਿਆਨੀ ਜੀ ਨੇ ਸ੍ਵੈਜੀਵਨੀ "ਯਾਦਾਂ ਦੀ ਪਟਾਰੀ" ਲਿਖਣ ਦੀ ਹਿੰਮਤ ਕੀਤੀ ਹੈ। ਇਹ ਪੁਸਤਕ ਕਈ ਇਤਿਹਾਸਕ-ਤੱਥ ਸੰਭਾਲੀ ਬੈਠੀ ਹੈ। ਅਸੀ. ਗਿਆਨੀ ਭਜਨ ਸਿੰਘ ਦੀ ਚੰਗੀ ਸਿਹਤ ਦੀ ਕਾਮਨਾ ਕਰਦੇ ਹਾਂ।

## ਕੁਲਵੰਤ ਜਗਰਾਉਂ ਦਾ "ਸੂਹਾ ਗੁਲਾਬ"

"ਸੂਹਾ ਗੁਲਾਬ" ਗੁਲਾਬ ਦੇ ਲਾਲ ਫੁੱਲ ਵਰਗੀ ਖ਼ੂਬਸੂਰਤ ਛਪੀ ਹੋਈ ਵੱਡ-ਆਕਾਰੀ ਪੁਸਤਕ ਹੈ। ਇਹ ਪੁਸਤਕ ਕੁਲਵੰਤ ਜਗਰਾਉਂ ਦੀਆਂ ਨਜ਼ਮਾਂ, ਗੀਤਾਂ ਅਤੇ ਗ਼ਜ਼ਲਾਂ ਦਾ ਭਰਪੂਰ ਪਰਾਗਾ ਪੇਸ਼ ਕਰਦੀ ਹੈ। ਕੁਲਵੰਤ ਜਗਰਾਉਂ ਪਿਛਲੇ ਚਾਲੀ ਸਾਲ ਤੋਂ ਕਾਵਿ-ਰਚਨਾ ਕਰ ਰਿਹਾ ਹੈ। ਸੱਤ ਕਾਵਿ-ਸੰਗ੍ਰਹਿ ਪ੍ਰਕਾਸ਼ਤ ਕਰਾ ਚੁੱਕਾ ਹੈ। "ਸੂਹਾ ਗੁਲਾਬ" ਵਿਚ ਉਸ ਨੇ ਆਪਣੀਆਂ ਛਪ ਚੁੱਕੀਆਂ ਸੱਤ ਕਾਵਿ-ਪੁਸਤਕਾਂ ਵਿਚੋਂ ਤਿੰਨ ਪੁਸਤਕਾਂ ਮੁੜ ਪ੍ਰਕਾਸ਼ਤ ਕਰਾਈਆਂ ਹਨ। ਇਨ੍ਹਾਂ ਤਿੰਨ ਪੁਸਤਕਾਂ ਦੇ ਨਾਮ ਹਨ– ਹਰਫ਼ਾਂ ਦੇ ਸ਼ੀਸ਼ੇ, ਮੁਹੱਬਤ ਦੀ ਖ਼ੁਸ਼ਬੋ ਅਤੇ ਚੇਤਨਾ ਦੀ ਮਸ਼ਾਲ। "ਹਰਫ਼ਾਂ ਦੇ ਸ਼ੀਸ਼ੇ" ਉਦੋਂ ਲਿਖੀ, ਜਦੋਂ ਪੰਜਾਬ ਦੇ ਹਾਲਾਤ ਖਰਾਬ ਸਨ। ਇਸ ਕਰਕੇ ਪੰਜਾਬ ਦੇ ਸੰਤਾਪ ਦੇ ਦਿਨਾਂ ਦੀਆਂ ਸੋਚਾਂ ਤੇ ਭਾਵਨਾਵਾਂ ਨੂੰ ਪ੍ਰਗਟਾਉਣ ਵਾਲੀਆਂ ਬਹੁਤ ਸਾਰੀਆਂ ਗ਼ਜ਼ਲਾਂ ਇਸ ਸੰਗ੍ਰਹਿ ਵਿਚ ਸ਼ਾਮਿਲ ਸਨ, ਜੋ ਹੁਣ "ਸੂਹਾ ਗੁਲਾਬ" ਵਿਚ ਵੀ ਪੜ੍ਹੀਆਂ ਜਾ ਸਕਦੀਆਂ ਹਨ। ਦੂਜੀ ਪੁਸਤਕ "ਮੁਹੱਬਤ ਦੀ ਖ਼ੁਸ਼ਬੋ" ਪਿਆਰ ਦੇ ਮਨੋਭਾਵਾਂ ਨਾਲ ਛਲਕਦੀ ਹੈ। ਇਉਂ ਜਾਪਦਾ ਹੈ, ਇਹ ਪੁਸਤਕ ਲਿਖਦਿਆਂ ਕਵੀ ਨਿੱਜੀ ਤੌਰ 'ਤੇ ਪਿਆਰ ਦੇ ਤਿੱਖੇ ਅਨੁਭਵ ਵਿਚੋਂ ਲੰਘ ਰਿਹਾ ਸੀ। ਤੀਜੀ ਪੁਸਤਕ "ਚੇਤਨਾ ਦੀ ਮਸ਼ਾਲ" ਦਾ ਸਿਰਲੇਖ ਹੀ ਦੱਸਦਾ ਹੈ, ਕਵੀ ਇਹ ਪੁਸਤਕ ਰਚਦਿਆਂ ਚੇਤੰਨ ਹੋ ਕੇ ਜੀਵਨ, ਸਮਾਜ ਅਤੇ ਸੰਸਾਰ ਨੂੰ ਦੇਖ ਰਿਹਾ ਸੀ ਤੇ ਮਨੁੱਖ ਦੀ ਹੋਣੀ ਬਾਰੇ ਚਿੰਤਾ ਕਰ ਰਿਹਾ ਸੀ। ਕਵੀ ਠੀਕ ਹੀ ਲਿਖਦਾ ਹੈ–

ਲੱਖਾਂ ਕਾਢਾਂ ਕੱਢੀਆਂ, ਖੋਜ ਰਿਹਾ ਬ੍ਰਹਿਮੰਡ,
ਬੰਦਾ ਆਪਣੇ ਆਪ ਨੂੰ ਪਰ ਨਾ ਸਕਿਆ ਜਾਣ।

ਅਸੀਂ ਕੁਲਵੰਤ ਜਗਰਾਉਂ ਦੀ ਇਸ ਵਡਮੁੱਲੀ ਸਾਹਿਤਕ-ਸੁਗ਼ਾਤ ਦਾ ਸਵਾਗਤ ਕਰਦੇ ਹਾਂ, ਤੇ ਚਾਹੁੰਦੇ ਹਾਂ ਕਿ ਪਾਠਕ ਇਹ ਰਚਨਾ ਪੜ੍ਹ ਕੇ ਇਸ ਦਾ ਆਨੰਦ ਲੈਣ।

***



Namdhari Elibrary NamdhariElibrary@gmail.com

# ਖ਼ਬਰਨਾਮਾ

## ਭਾਰਤ ਸਰਕਾਰ ਨੇ ਕੂਕਾ ਲਹਿਰ ਤੇ ਕਾਮਾ ਗਾਟਾਮਾਰੂ ਦੀ ਘਟਨਾ ਨੂੰ ਜੰਗੇ-ਆਜ਼ਾਦੀ ਦਾ ਹਿੱਸਾ ਮੰਨਿਆ—

### ਕੌਮੀ ਘੱਟ ਗਿਣਤੀ ਕਮਿਸ਼ਨ ਦੀ ਇਕ ਹੋਰ ਪ੍ਰਾਪਤੀ

ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਨੇ ਸਰਕਾਰੀ ਪੱਧਰ 'ਤੇ ਨਾਮਧਾਰੀਆਂ ਵੱਲੋਂ ਅੰਗਰੇਜ਼ ਸਰਕਾਰ ਵਿਰੁੱਧ ਚਲਾਈ ਗਈ ਲਹਿਰ ਨੂੰ ਜੰਗੇ-ਆਜ਼ਾਦੀ ਦਾ ਹਿੱਸਾ ਮੰਨਣ ਤੋਂ ਇਨਕਾਰ ਕਰ ਰੱਖਿਆ ਸੀ। ਭਾਰਤ ਸਰਕਾਰ ਨੇ ਕਾਮਾ ਗਾਟਾ ਮਾਰੂ ਜਹਾਜ਼ ਦੇ ਉਸ ਵਾਕਿਆ ਨੂੰ ਵੀ ਨਹੀਂ ਮੰਨਿਆ ਸੀ ਜਿਸ ਰਾਹੀਂ ਇਸ ਜਹਾਜ਼ ਦੇ ਯਾਤਰੀਆਂ ਤੇ "ਬੱਜ ਬੱਜ ਘਾਟ" ਕਲਕੱਤਾ ਵਿਚ ਗੋਲੀ ਚਲਾਈ ਗਈ ਸੀ। ਪਿਛਲੇ ਸਾਲ ਪੰਜਾਬ ਹਾਈ ਕੋਰਟ ਵਿਚ ਚਲ ਰਹੇ ਇਕ ਮੁਕੱਦਮੇ ਵਿਚ ਭਾਰਤ ਸਰਕਾਰ ਵੱਲੋਂ ਇਹ ਹਲਫਨਾਮਾ ਦਾਇਰ ਕੀਤਾ ਗਿਆ ਸੀ ਕਿ ਇਹ ਦੋਨੋਂ ਸਾਕੇ ਆਜ਼ਾਦੀ ਲਹਿਰ ਦੇ ਹਿੱਸੇ ਨਹੀਂ ਸਨ।

ਸ. ਤਰਲੋਚਨ ਸਿੰਘ ਚੇਅਰਮੈਨ ਕੌਮੀ ਘੱਟ ਗਿਣਤੀ ਕਮਿਸ਼ਨ ਨੇ ਉਸ ਵਕਤ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਜੋ ਉਪ-ਪ੍ਰਧਾਨ ਮੰਤਰੀ ਵੀ ਸਨ ੨੫ ਮਾਰਚ, ੨੦੦੪ ਨੂੰ ਚਿਠੀ ਲਿਖ ਕੇ ਸਾਰੇ ਵਾਕਿਆ ਦੀ ਜਾਣਕਾਰੀ ਭੇਜੀ ਤੇ ਮੰਗ ਕੀਤੀ ਕਿ ਗ੍ਰਹਿ ਮੰਤਰਾਲਾ ਆਪਣੇ ਫ਼ੈਸਲੇ ਤੇ ਦੁਬਾਰਾ ਗੌਰ ਕਰ ਕੇ ਅਤੇ ਇਨ੍ਹਾਂ ਲਹਿਰਾਂ ਨੂੰ ਮਾਨਤਾ ਦੇਵੇ।

ਸ੍ਰੀ ਮਾਨਕ ਰਾਉ ਗਾਵਿਟ ਗ੍ਰਹਿ ਰਾਜ ਮੰਤਰੀ ਭਾਰਤ ਸਰਕਾਰ ਨੇ ੧੭ ਜੂਨ ੨੦੦੫ ਨੂੰ ਸ: ਤਰਲੋਚਨ ਸਿੰਘ ਮੈਂਬਰ ਪਾਰਲੀਮੈਂਟ ਅਤੇ ਚੇਅਰਮੈਨ, ਕੌਮੀ ਘੱਟ ਗਿਣਤੀ ਕਮਿਸ਼ਨ ਨੂੰ ਇਕ ਚਿੱਠੀ ਲਿਖੀ ਹੈ ਜਿਸ ਵਿਚ ਉਨ੍ਹਾਂ ਨੇ ਇਹ ਲਿਖਿਆ ਹੈ ਕਿ ਸਰਕਾਰ ਨੇ ਆਪਣਾ ਪਹਿਲਾ ਫ਼ੈਸਲਾ, ਜਿਸ ਬਾਰੇ ਸ: ਤਰਲੋਚਨ ਸਿੰਘ ਨੇ ਚਿੱਠੀ ਲਿਖੀ ਸੀ, ਪੂਰੀ ਤਰ੍ਹਾਂ ਵਿਚਾਰਿਆ ਹੈ ਅਤੇ ਇਹ ਫ਼ੈਸਲਾ ਕੀਤਾ ਹੈ ਕਿ ਭਾਰਤ ਸਰਕਾਰ ਨੂੰ ਇਹ ਹਲਫਨਾਮਾ ਦਾਇਰ ਨਹੀਂ ਸੀ ਕਰਨਾ ਚਾਹੀਦਾ। ਗ੍ਰਹਿ ਰਾਜ ਮੰਤਰੀ ਨੇ ਇਹ ਵੀ ਲਿਖਿਆ ਹੈ ਕਿ ਭਾਰਤ ਸਰਕਾਰ ਵੱਲੋਂ ਪੰਜਾਬ ਹਾਈ ਕੋਰਟ ਵਿਚ ਇਕ ਨਵਾਂ ਹਲਫਨਾਮਾ ਭੇਜ ਦਿੱਤਾ ਹੈ ਜਿਸ ਵਿਚ ਇਸ ਮੰਗ ਨੂੰ ਕਿ ਕਾਮਾਗਾਟਾਮਾਰੂ ਅਤੇ ਕੂਕਾ ਲਹਿਰ ਆਜ਼ਾਦੀ ਦੀ ਲਹਿਰ ਦੇ ਹਿੱਸੇ ਹਨ, ਭਾਰਤ ਸਰਕਾਰ ਇਸ ਤੱਥ ਤੇ ਕੋਈ ਵੀ ਇਤਰਾਜ਼ ਨਹੀਂ ਕਰਦੀ।

ਸ: ਤਰਲੋਚਨ ਸਿੰਘ ਨੇ ਇਕ ਬਿਆਨ ਵਿਚ ਕਿਹਾ ਹੈ ਕਿ ੫੦ ਸਾਲ ਪਿੱਛੋਂ ਇਸ ਹੱਕੀ ਮੰਗ ਦੀ ਪੂਰਤੀ ਸਚਾਈ ਨੂੰ ਉਜਾਗਰ ਕਰਦੀ ਹੈ।

## ਪ੍ਰਿੰਸੀਪਲ ਅਜੀਤ ਸਿੰਘ ਚੀਮਾ ਦੀ ਯਾਦ ਵਿਚ

ਪ੍ਰਿੰਸੀਪਲ (ਮਾਸਟਰ) ਅਜੀਤ ਸਿੰਘ ਚੀਮਾ ਆਪਣੀ ਸੰਸਾਰ ਯਾਤਰਾ ਆਪਣੇ ਪਿੰਡ ਬੂਸੋਵਾਲ ਨੇੜੇ ਸੁਲਤਾਨਪੁਰ ਲੋਧੀ ਵਿਖੇ ੫ ਜੂਨ ੨੦੦੫ ਨੂੰ ਪੂਰੀ ਕਰ ਗਏ ਹਨ। ਆਪਣੇ ਜੀਵਨ ਵਿਚ ਉਨ੍ਹਾਂ ਵੱਡੀਆਂ ਪ੍ਰਾਪਤੀਆਂ ਕੀਤੀਆਂ। ਉਨ੍ਹਾਂ ਸਕੂਲ ਦੇ ਬਹੁਤ ਸਫਲ ਅਧਿਆਪਕ ਵਜੋਂ ਕੁਲ ਹਿੰਦ ਪੱਧਰ ਤੇ ਸਫਲ ਕਾਰਗੁਜ਼ਾਰੀ ਵਜੋਂ ਰਾਸ਼ਟਰਪਤੀ ਤੋਂ ਐਵਾਰਡ ਪ੍ਰਾਪਤ ਕੀਤਾ। ਨਾਮਧਾਰੀ ਸਮਾਜ ਵਿਚ ਉਨ੍ਹਾਂ ਬਹੁਤ ਮਾਨ ਸਤਿਕਾਰ ਪ੍ਰਾਪਤ ਕੀਤੇ ਅਤੇ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਦੇ ਉਹ ਪ੍ਰਿੰਸੀਪਲ ਰਹੇ। ਉਹ ਨਾਮਧਾਰੀ ਨੌਜਵਾਨਾਂ ਦੀ ਜਥੇਬੰਦੀ ਨਾਮਧਾਰੀ ਵਿਦਿਅਕ ਜਥਾ ਦੇ ਕੁਲ ਹਿੰਦ ਪੱਧਰ ਦੇ ਪ੍ਰਧਾਨ ਰਹੇ। ਉਨ੍ਹਾਂ ਪੰਜ ਪੁਸਤਕਾਂ ਵੀ ਵੱਖ-ਵੱਖ ਵਿਸ਼ਿਆਂ 'ਤੇ ਲਿਖੀਆਂ। ਉਹ ਬਹੁਤ ਵਧੀਆ ਬੁਲਾਰੇ (ਭਾਸ਼ਣਕਾਰ) ਵੀ ਸਨ ਅਤੇ ਮੌਲਿਕ ਕਵੀ ਵੀ। ਉਨ੍ਹਾਂ ਬਾਕਾਇਦਾ ਸ਼ਾਸਤਰੀ ਸੰਗੀਤ ਦੀ ਤਾਲੀਮ ਵੀ ਪ੍ਰਾਪਤ ਕੀਤੀ ਸੀ। ਉਨ੍ਹਾਂ ਵੱਡੇ-ਵੱਡੇ ਕਵੀ ਦਰਬਾਰਾਂ ਦਾ ਆਯੋਜਨ ਵੀ ਕੀਤਾ ਅਤੇ ਬਤੌਰ ਸਟੇਜ ਸੰਚਾਲਕ ਅਤੇ ਸਟੇਜ ਦੇ ਪ੍ਰਭਾਵਸ਼ਾਲੀ ਕਵੀ ਵਜੋਂ ਵੀ ਨਾਮਣਾ ਖੱਟਿਆ। ਉਨ੍ਹਾਂ ਦੀਆਂ ਲਿਖੀਆਂ ਕਾਵਿ ਟੁਕੜੀਆਂ ਆਮ ਤੌਰ 'ਤੇ ਪ੍ਰਚਾਰਕ ਦੀਵਾਨਾਂ ਵਿਚ ਗਾ ਕੇ ਸੁਣਾਉਂਦੇ।

ਪਾਕਿਸਤਾਨ ਬਣਨ ਤੋਂ ਪਹਿਲਾਂ ਜ਼ਿਲ੍ਹਾ ਸਿਆਲਕੋਟ ਦੀ ਡਸਕਾ ਤਹਿਸੀਲ ਵਿਚ ਇਕ ਪ੍ਰਸਿੱਧ ਪਿੰਡ ਜਾਮਕੇ ਚੀਮੇ ਵਿਚ ਪ੍ਰਸਿੱਧ ਨਾਮਧਾਰੀ, ਸੂਬਾ ਸੋਹਣ ਸਿੰਘ ਅਤੇ ਬੀਬੀ ਵੀਰ ਕੌਰ ਕੇ ਘਰ ੧੯੨੭ ਈ. ਉਨ੍ਹਾਂ ਦਾ ਜਨਮ ਹੋਇਆ। ਗੁਰਬਾਣੀ, ਪਾਠ, ਨਾਮਸਿਮਰਨ ਅਤੇ ਗੁਰੂ ਭਗਤੀ ਉਨ੍ਹਾਂ ਨੂੰ ਵਿਰਸੇ ਵਿਚ ਮਿਲੀ ਸੀ। ਆਪਣੇ ਭਾਸ਼ਨਾਂ ਵਿਚ ਉਹ ਅਕਸਰ ਉਰਦੂ ਫਾਰਸੀ ਦੇ ਸ਼ੇਅਰ ਵਰਤਦੇ ਹੁੰਦੇ ਹਨ।

ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਵਰਤਮਾਨ ਸਮੇਂ ਵਿਚ ਉਨ੍ਹਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਨੇੜਤਾ ਅਤੇ ਆਸ਼ੀਰਵਾਦ ਪ੍ਰਾਪਤ ਰਹੀ ਸੀ। ਉਹਨਾਂ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਆਸ਼ੀਰਵਾਦ ਪੁਰਸਕਾਰ ਵੀ ਪ੍ਰਾਪਤ ਕੀਤਾ।

ਉਹ ਪਹਿਲਾਂ ਦੁਆਬੇ ਦੇ ਪਿੰਡ ਮਹੇੜੂ (ਨਜ਼ਦੀਕ ਚਹੇੜੂ) ਦੇ ਸਕੂਲ ਵਿਚ ਅਧਿਆਪਕ ਰਹੇ। ਇਥੇ ਹੀ ਉਨ੍ਹਾਂ ਆਪਣੇ ਛੋਟੇ ਭਰਾ ਸ: ਗੁਰਮੇਲ ਸਿੰਘ ਨੂੰ ਤਾਲੀਮ ਦੇ ਕੇ ਕਾਲਜ ਵਿਚੋਂ ਗਰੈਜੂਏਸ਼ਨ ਕਰਾਈ। ਸ. ਗੁਰਮੇਲ ਸਿੰਘ ਚੀਮਾ ਬਾਦ



Namdhari Elibrary NamdhariElibrary@gmail.com

ਵਿਚ ਐਮ. ਐਲ. ਏ ਅਤੇ ਪੰਜਾਬ ਦੇ ਮੰਤਰੀ ਰਹੇ। ਅੱਜਕਲ੍ਹ ਗੁਰਮੇਲ ਸਿੰਘ ਦੇ ਸਪੁੱਤਰ ਅਤੇ ਮਾਸਟਰ ਅਜੀਤ ਸਿੰਘ ਚੀਮਾ ਦੇ ਭਤੀਜੇ ਸ. ਨਵਤੇਜ ਸਿੰਘ ਚੀਮਾ ਕਪੂਰਥਲਾ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਹਨ। ਆਪ ਦੇ ਦੂਜੇ ਭਤੀਜੇ ਹਰਕੰਵਲਜੀਤ ਸਿੰਘ ਵੀ ਆਪ ਨੂੰ ਪੁੱਤਰਾਂ ਦਾ ਪਿਆਰ ਦਿੰਦੇ ਰਹੇ ਹਨ। ਮਾਸਟਰ ਅਜੀਤ ਸਿੰਘ ਜੀ ਦੇ ਤੀਜੇ ਭਰਾ ਅਮਰੀਕ ਸਿੰਘ ਪੰਜਾਬ ਰੋਡਵੇਜ਼ ਵਿਚ ਮੁਲਾਜ਼ਮਤ ਬਾਅਦ ਰਿਟਾਇਰ ਹੋਏ ਹਨ।

ਮਾਸਟਰ ਅਜੀਤ ਸਿੰਘ ਚੀਮਾ ਹਰ ਵਰਗ ਵਿਚ ਆਪਣੇ ਮਿਲਾਪੜੇ ਸੁਭਾਅ ਕਰਕੇ ਸਤਿਕਾਰੇ ਜਾਂਦੇ ਰਹੇ ਹਨ।

ਪ੍ਰਿੰਸੀਪਲ ਅਜੀਤ ਸਿੰਘ ਚੀਮਾ ਨਮਿਤ ਪਾਠ ਦਾ ਭੋਗ ੧੫ ਜੂਨ ੨੦੦੫ ਬੁੱਧਵਾਰ ਨੂੰ ਪਿਆ ਅਤੇ ਇਸ ਸਮੇਂ ਭਾਰੀ ਸ਼ਰਧਾਂਜਲੀ ਮੇਲਾ ਹੋਇਆ ਜਿਸ ਵਿਚ ਨਾਮਧਾਰੀ ਸੰਗਤਾਂ ਅਤੇ ਇਲਾਕਾ ਨਿਵਾਸੀ ਲੋਗ ਅਤੇ ਰਾਜਸੀ ਨੇਤਾ ਭਾਰੀ ਗਿਣਤੀ ਵਿਚ ਸ਼ਾਮਿਲ ਹੋਏ। ਚੀਮਾ ਜੀ ਦੇ ਨਿਵਾਸ ਅਸਥਾਨ ਪਿੰਡ ਖ਼ੁਸੋਵਾਲ, ਨਜ਼ਦੀਕ ਸੁਲਤਾਨਪੁਰ ਲੋਧੀ ਦੇ ਬਾਹਰ ਖੇਤਾਂ ਵਿਚ ਵਿਸ਼ਾਲ ਪੰਡਾਲ ਵਿਚ ਦੀਵਾਨ ਸਜਾਇਆ ਗਿਆ।

ਸਭ ਤੋਂ ਪਹਿਲਾਂ ਇਲਾਕਾ ਨਿਵਾਸੀ ਰਾਗੀ ਜਥਾ ਸੰਤ ਮੁਣਸ਼ਾ ਸਿੰਘ ਨੇ ਗੁਰਬਾਣੀ ਕੀਰਤਨ ਕੀਤਾ। ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਆਏ ਪ੍ਰਸਿੱਧ ਜਥੇਦਾਰ ਇਕਬਾਲ ਸਿੰਘ ਜੀ ਨੇ ਹੱਲੇ ਦਾ ਦੀਵਾਨ ਸਜਾਇਆ ਅਤੇ ਚੀਮਾ ਜੀ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਉਪਰੰਤ ਜਥੇਦਾਰ ਗੁਰਦੀਪ ਸਿੰਘ ਜੀ ਨੇ ਦੀਵਾਨ ਸਜਾਇਆ। ਹੱਲੇ ਦੇ ਦੀਵਾਨਾਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁਲਾ, ਸੰਤ ਗੁਰਲਾਲ ਸਿੰਘ, ਸੰਤ ਅਜੈਪਾਲ ਸਿੰਘ ਦੇ ਰਾਗੀ ਜਥੇ ਦਾ ਵੈਰਾਗਮਈ ਅਤੇ ਰਸਭਿੰਨਾ ਕੀਰਤਨ ਹੋਇਆ।

ਰਾਗੀ ਜਥੇ ਦੇ ਕੀਰਤਨ ਉਪਰੰਤ ਸ਼ਰਧਾਂਜਲੀ ਸਮਾਗਮ ਹੋਇਆ। ਇਸ ਸਮੇਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸ: ਹਰਵਿੰਦਰ ਸਿੰਘ ਹੰਸਪਾਲ ਅਤੇ ਹੋਰ ਰਾਜਸੀ ਨੇਤਾ ਭਾਰੀ ਗਿਣਤੀ ਵਿਚ ਪੰਡਾਲ ਵਿਚ ਪਧਾਰ ਚੁਕੇ ਸਨ। ਸ੍ਰੀ ਭੈਣੀ ਸਾਹਿਬ ਤੋਂ ਆਏ ਸ੍ਰੀ ਸਤਿਗੁਰੂ ਜੀ ਦੇ ਨਿੱਜੀ ਸੇਵਕ ਸੰਤ ਹਰਪਾਲ ਸਿੰਘ, ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਅਤੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੇ ਸਰਪ੍ਰਸਤ ਮਾਸਟਰ ਅਮਰੀਕ ਸਿੰਘ ਜੀ ਨੇ ਪ੍ਰਿ: ਅਜੀਤ ਸਿੰਘ ਜੀ ਦੇ ਜੀਵਨ ਕਾਰਨਾਮਿਆਂ ਨੂੰ ਯਾਦ ਕਰਦਿਆਂ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ। ਨਾਮਧਾਰੀ ਦਰਬਾਰ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸ: ਹਰਵਿੰਦਰ ਸਿੰਘ ਹੰਸਪਾਲ ਜੀ ਨੇ ਚੀਮਾ ਜੀ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਜਾਣ ਨਾਲ ਇਕ ਮਜ਼ਬੂਤ ਕੜੀ ਪਰਿਵਾਰ ਦੀ ਟੁੱਟ ਗਈ ਹੈ। ਉਨ੍ਹਾਂ ਦੱਸਿਆ ਕਿ ਪਰਿਵਾਰ ਵਿਚ ਚੀਮਾ ਜੀ ਦੇ ਛੋਟੇ ਭਾਈ ਸ. ਗੁਰਮੇਲ ਸਿੰਘ ਚੀਮਾ ਰਾਜਸੀ ਜੀਵਨ ਵਿਚ ਸਰਗਰਮ ਸਨ, ਪਰ ਇਨ੍ਹਾਂ ਦੀ ਗੁਰੂ ਘਰ ਨਾਲ ਜੋੜਨ ਵਾਲੀ ਕੜੀ ਮਾਸਟਰ ਅਜੀਤ ਸਿੰਘ ਜੀ ਸਨ। ਹੰਸਪਾਲ ਜੀ ਨੇ ਉਦਾਹਰਣ ਦਿੱਤੀ ਕਿ ਮਾਸਟਰ ਅਜੀਤ ਸਿੰਘ ਹੋਰਾਂ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਗੁਰਮੇਲ ਸਿੰਘ ਨੂੰ ਟਿਕਟ ਵੀ ਮਿਲੇ ਅਤੇ ਮਨਿਸਟਰੀ ਵੀ, ਤਾਂ ਇਹ ਇੰਦਾਂ ਹੀ ਹੋਇਆ। ਪਹਿਲੀ ਵਾਰ ਗੁਰਮੇਲ ਸਿੰਘ ਨੇ ਆਪ ਟਿਕਟ ਦਾ ਵਰ ਮੰਗਿਆ ਸੀ, ਪਰ ਕਾਮਯਾਬੀ ਦਾ ਨਹੀਂ ਸੀ ਮੰਗਿਆ। ਮਾਸਟਰ (ਪ੍ਰਿੰਸੀਪਲ) ਅਜੀਤ ਸਿੰਘ ਜੀ ਦੇ ਅਨੇਕ ਗੁਣਾਂ ਨੂੰ ਛੋਹੰਦਾ ਹੰਸਪਾਲ ਜੀ ਦਾ ਭਾਸ਼ਨ ਇਸ ਅਪੀਲ ਅਤੇ ਤਾਕੀਦ ਨਾਲ ਸਮਾਪਤ ਹੋਇਆ ਕਿ ਚੀਮਾ ਪਰਿਵਾਰ ਦੇ ਨੌਜਵਾਨਾਂ ਨੂੰ ਸਤਿਗੁਰੂ ਜੀ ਦਾ ਦਰਸਾਇਆ ਉਹ ਮਾਰਗ ਅਪਣਾਉਣ ਚਾਹੀਦਾ ਹੈ ਜੋ ਇਨ੍ਹਾਂ ਦੇ ਵਡੇਰੇ ਬਜ਼ੁਰਗਾਂ ਨੇ ਅਪਣਾਇਆ ਸੀ।

ਸਮਾਗਮ ਵਿਚ ਫਗਵਾੜਾ ਦੇ ਵਿਧਾਇਕ ਸ. ਜਗਿੰਦਰ ਸਿੰਘ ਮਾਨ ਚੇਅਰਮੈਨ ਐਗਰੋਫੂਡਜ਼, ਸ. ਗੁਰਬਿੰਦਰ ਸਿੰਘ ਅਟਵਾਲ ਵਿਧਾਇਕ ਨੂਰਮਹਿਲ, ਸ. ਬ੍ਰਿਜ ਭੁਪਿੰਦਰ ਸਿੰਘ ਕੰਗ ਸਾਬਕਾ ਮੰਤਰੀ, ਸ. ਸੁਖਵਿੰਦਰ ਸਿੰਘ ਸੁੱਖ ਸਾਬਕਾ ਚੇਅਰਮੈਨ ਸੁਲਤਾਨਪੁਰ,ਬਲਾਕ ਸੰਮਤੀ ਨੇ ਵੀ ਸ਼ਰਧਾਂਜਲੀਆਂ ਅਰਪਿਤ ਕੀਤੀਆਂ।

ਸ. ਲਖਵਿੰਦਰ ਸਿੰਘ ਭਿੰਡਰ ਜਨਰਲ ਸਕੱਤਰ ਕਾਂਗਰਸ, ਸ. ਨਿਰਮਲ ਸਿੰਘ ਕੂਹੇ ਰਵਾਂ ਪੰਜਾਬ ਕਾਂਗਰਸ, ਸ: ਤੇਜਿੰਦਰ ਸਿੰਘ ਬਿੱਟੂ ਚੇਅਰਮੈਨ ਇੰਪਰੂਵਮੈਂਟ ਟਰੱਸਟ ਅਤੇ ਪ੍ਰਧਾਨ ਕਾਂਗਰਸ ਜਲੰਧਰ, ਸ. ਹਰਭਜਨ ਸਿੰਘ ਭੁਲਾਰਾਈ, ਸ: ਅਮਰੀਕ ਸਿੰਘ ਖ਼ੁੱਟਰ ਅਤੇ ਕੈਪਟਨ ਬਲਬੀਰ ਸਿੰਘ, ਰਾਣਾ ਗੁਰਜੀਤ ਸਿੰਘ ਐਮ.ਪੀ. ਦੇ. ਪੀ. ਏ. ਵੀ ਸ਼ਰਧਾਂਜਲੀ ਸਮਾਗਮ ਵਿਚ ਹਾਜ਼ਰ ਸਨ। ਇਸ ਮੌਕੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ, ਰੈਵਿਨਿਊ ਕਾਨੂੰਗੋ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਸ. ਗੁਰਦੀਪ ਸਿੰਘ ਅਤੇ ਫਗਵਾੜਾ ਤਹਿਸੀਲ ਦੇ ਅਧਿਆਪਕਾਂ ਵੱਲੋਂ ਆਪਣੀ ਆਪਣੀ ਜਥੇਬੰਦੀ ਵੱਲੋਂ ਪਾਸ ਕੀਤੇ ਸ਼ੋਕ ਮਤੇ ਵੀ ਪੇਸ਼ ਕੀਤੇ ਗਏ। ਸੂਬਾ ਸੁਖਵਿੰਦਰ ਸਿੰਘ ਕਰਤਾਰਪੁਰ, ਸੰਤ ਕਸ਼ਮੀਰ ਸਿੰਘ ਸ੍ਰੀ ਭੈਣੀ ਸਾਹਿਬ, ਜਲੰਧਰ, ਕਪੂਰਥਲਾ, ਸ੍ਰੀ ਜੀਵਨ ਨਗਰ ਅਤੇ ਹੋਰ



Namdhari Elibrary NamdhariElibrary@gmail.com

ਇਲਾਕਿਆਂ ਤੋਂ ਸੰਗਤਾਂ ਅਤੇ ਪਰਿਵਾਰ ਦੇ ਸਬੰਧੀ ਹਾਜ਼ਰ ਸਨ। ਕਾਂਗਰਸੀ ਆਗੂ ਸ: ਸੁਖਪਾਲ ਸਿੰਘ ਖਹਿਰਾ, ਬਾਬਾ ਰਾਜਿੰਦਰ ਸਿੰਘ ਜੌਹਲ ਪ੍ਰਧਾਨ ਜਲੰਧਰ ਦਿਹਾਤੀ ਕਾਂਗਰਸ, ਅਤੇ ਬਹੁਤ ਸਾਰੇ ਪਿੰਡਾਂ ਦੇ ਪੰਚ ਸਰਪੰਚ ਹਾਜ਼ਰ ਸਨ।

ਸਮਾਗਮ ਦੇ ਅੰਤ ਉਤੇ ਧੰਨਵਾਦ ਦੇ ਸ਼ਬਦ ਮਸ਼ਹੂਰ ਕਾਂਗਰਸੀ ਲੀਡਰ ਪ੍ਰੋ. ਚਰਨ ਸਿੰਘ ਅਤੇ ਚੀਮਾ ਜੀ ਦੇ ਭਤੀਜੇ ਸ. ਨਵਤੇਜ ਸਿੰਘ ਚੀਮਾ ਪ੍ਰਧਾਨ ਕਪੂਰਥਲਾ ਜ਼ਿਲ੍ਹਾ ਕਾਂਗਰਸ ਕਮੇਟੀ ਨੇ ਕਹੇ ਅਤੇ ਸਮਾਗਮ ਦਾ ਸੰਚਾਲਨ ਦਾਸ ਜਗਦੀਸ਼ ਸਿੰਘ ਵਰਿਆਮ ਨੇ ਯਥਾ ਯੋਗ ਕੀਤਾ। ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਜੀ ਵੱਲੋਂ ਭੇਜਿਆ ਸਿਰੋਪਾ ਮਾਸਟਰ ਅਜੀਤ ਸਿੰਘ ਜੀ ਦੇ ਦਾਮਾਦ ਸ. ਬਲਜਿੰਦਰ ਸਿੰਘ ਸੰਧੂ ਨੂੰ ਸੇਵਕ ਹਰਪਾਲ ਸਿੰਘ ਹੋਰਾਂ ਬਖਸ਼ਿਸ਼ ਕੀਤਾ। ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਲੰਗਰ ਰਾਹੀਂ ਸੰਗਤਾਂ ਦੀ ਸੇਵਾ ਕੀਤੀ ਗਈ।

—ਜਗਦੀਸ਼ ਸਿੰਘ ਵਰਿਆਮ

ਸਵ. ਪ੍ਰਿੰਸੀਪਲ ਅਜੀਤ ਸਿੰਘ ਚੀਮਾ ਜੀ ਦੇ ਸੁਰਗਵਾਸ ਤੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਵੱਲੋਂ ਪਾਸ ਕੀਤਾ ਗਿਆ।

## ਸ਼ੋਕ ਮਤਾ

ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੀ ਅੱਜ ੧੦-੬-੨੦੦੫ ਨੂੰ ਆਪਾਤ ਮੀਟਿੰਗ ਹੋਈ ਜਿਸ ਵਿਚ ਪ੍ਰਿੰਸੀਪਲ ਅਜੀਤ ਸਿੰਘ ਚੀਮਾ ਜੀ ਦੇ ਚਲਾਣਾਂ ਕਰ ਜਾਣ ਤੇ ਡੂੰਘਾ ਅਫਸੋਸ਼ ਪਰਗਟ ਕੀਤਾ ਗਿਆ। ਓਹਨਾਂ ਦੀਆਂ ਪੰਥ ਪ੍ਰਤੀ ਤੇ ਵਿਦਿਆ ਪ੍ਰਤੀ ਕੀਤੀਆਂ ਘਾਲਾਂ ਨੂੰ ਯਾਦ ਕੀਤਾ ਗਿਆ। ਏਸ ਸਭਾ ਨਾਲ ਉਹਨਾਂ ਦੇ ਹਾਰਦਿਕ ਪਿਆਰ ਦਾ ਸਮਰਨ ਕਰ ਕੇ ਸੱਭ ਮੈਂਬਰਾਂ ਨੇ ਸਜੱਲ ਅੱਖਾਂ ਨਾਲ ਸ੍ਰੀ ਸਤਿਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਉਹਨਾਂ ਨੂੰ ਹਮੇਸ਼ਾ ਲਈ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਿੱਛੇ ਸਮੁੱਚੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ

## ਮਾਸਟਰ ਨਿਹਾਲ ਸਿੰਘ ਯਾਦਗਾਰੀ ਸਨਮਾਨ ਨਾਲ ਮਾਸਟਰ ਦਰਸ਼ਨ ਸਿੰਘ ਸਨਮਾਨਿਤ

ਬਜ਼ੁਰਗ ਵਿਦਵਾਨ, ਲੇਖਕ, ਅਧਿਆਪਕ ਅਤੇ ਸੱਚੇ-ਸੁੱਚੇ ਗੁਰਮੁਖ ਸਿੰਘ, ਸਤਿਕਾਰਯੋਗ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਦੀ ਯਾਦ ਵਿਚ ਪੁਰਸਕਾਰ ਇਸ ਵਾਰ ਗਹਿਰ ਗੰਭੀਰ ਨਿਮਰ, ਆਦਿ ਅਤੇ ਦਸਮ ਗ੍ਰੰਥ ਦੇ ਸਨਮਾਨਿਤ ਸ਼ੁਧ ਪਾਠੀ ਅਤੇ ਗੁਰਬਾਣੀ ਵਿਆਕਰਨ ਦੇ ਮਾਹਿਰ ਅਧਿਆਪਕ ਮਾਸਟਰ ਦਰਸ਼ਨ ਸਿੰਘ ਨੂੰ ਦਿੱਤਾ ਗਿਆ ਹੈ।

੧੦ ਅਪ੍ਰੈਲ ੨੦੦੫ ਨੂੰ ਦਿੱਲੀ ਦੇ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਚ ਹੋਏ ਇਸ ਸਮਾਗਮ ਵਿਚ ਨਾਮਧਾਰੀ ਸੰਗਤ ਵੱਲੋਂ ਇਹ ਸਨਮਾਨ ਮਹਾਨ ਵਿਦਵਾਨ ਜਥੇਦਾਰ ਸੇਵਾ ਸਿੰਘ ਅਤੇ ਸੂਬਾ ਸੁਖਦੇਵ ਸਿੰਘ ਜੀ ਦੇ ਹੱਥੀਂ ਦਿੱਤਾ ਗਿਆ। ਸਨਮਾਨ ਸਮਗੱਰੀ ਵਿਚ ਸਨਮਾਨ ਚਿੰਨ੍ਹ, ਸ਼ਾਲ, ਮਾਲਾ ਅਤੇ ਮਾਇਆ ਆਦਿਕ ਸ਼ਾਮਿਲ ਸੀ।

ਸਮਾਗਮ ਦਾ ਆਰੰਭ ਤਾਂ ਅੰਮ੍ਰਿਤ ਵੇਲੇ ਹੀ ਹੋ ਗਿਆ। ਰਾਗੀ ਤਰਲੋਚਨ ਸਿੰਘ ਜਰਨੈਲ ਸਿੰਘ ਦੇ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਜਥੇਦਾਰ ਤਾਰਾ ਸਿੰਘ ਅਤੇ ਜਥੇਦਾਰ ਮਨਜੀਤ ਸਿੰਘ ਨੇ ਦੀਵਾਨ ਸਜਾਏ। ਸੰਤ ਨਿਸ਼ਾਨ ਸਿੰਘ ਨੇ ਕਥਾ ਕੀਤੀ। ਜਥੇਦਾਰ ਬਲਬੀਰ ਸਿੰਘ ਯੂ. ਪੀ. ਨੇ ਦੀਵਾਨ ਸਜਾਇਆ। ਜਥੇਦਾਰ ਸੇਵਾ ਸਿੰਘ ਜੀ ਨੇ "ਗੁਰ ਪ੍ਰਸਾਦੀ ਵਿਦਿਆ ਵਿਚਾਰ ਪੜ੍ਹ-ਪੜ੍ਹ ਪਾਵੈ ਮਾਨ" ਦੇ ਆਧਾਰ 'ਤੇ ਮਾਸਟਰ ਨਿਹਾਲ ਸਿੰਘ ਜੀ ਦੇ ਜੀਵਨ ਤੇ ਪ੍ਰਕਾਸ਼ ਪਾਇਆ। ਗੁਰਮੁਖ ਸਿੰਘ ਰਤਨ ਨੇ ਕਵਿਤਾ ਪੜ੍ਹੀ ਅਤੇ ਹਰੀਸ਼ ਅਰੋੜਾ ਨੇ ਭਾਸ਼ਣ ਦਿੱਤਾ। ਪ੍ਰੋ. ਤਾਰਾ ਸਿੰਘ ਅਨਜਾਣ ਨੇ ਅੱਜ ਦੇ ਸਮਾਗਮ ਦੀ ਮੂਲ ਹਸਤੀ ਸਵ ਮਾਸਟਰ ਨਿਹਾਲ ਸਿੰਘ ਅਤੇ ਉਨ੍ਹਾਂ ਦੇ ਨਾਂਅ ਤੇ ਸਨਮਾਨ ਪ੍ਰਾਪਤ ਕਰਨ ਵਾਲੇ ਮਾਸਟਰ ਦਰਸ਼ਨ ਸਿੰਘ ਦੇ ਸਾਂਝੇ ਗੁਣਾਂ, ਨਿਮਰਤਾ, ਵਿਦਵਤਾ ਅਤੇ ਸਤਿਗੁਰੂ ਜੀ ਪ੍ਰਤੀ ਸਮਰਪਣ ਦੀ ਭਾਵਨਾ ਅਤੇ ਸੇਵਾ ਕਰਦੇ ਰਹਿਣ ਦੇ ਗੁਣਾਂ ਦਾ ਬਖਾਨ ਕੀਤਾ। ਸ. ਗੁਰਭੇਜ ਸਿੰਘ ਗੁਰਾਇਆ ਪਬਲਿਕ ਪਰਾਸੀਕਿਊਟਰ ਨੇ ਆਪਣੇ ਸਕੂਲ ਦੇ ਦਿਨਾਂ ਦੇ ਅਧਿਆਪਕ ਮਾਸਟਰ ਦਰਸ਼ਨ ਸਿੰਘ ਨੂੰ ਸਨਮਾਨ ਮਿਲਣ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਉਨ੍ਹਾਂ ਦੇ ਇਕ ਹੋਰ ਗੁਣ ਆਸਾ ਦੀ ਵਾਰ ਦੇ ਕੀਰਤਨ ਦੀ ਮੁਹਾਰਤ ਦਾ ਉਲੇਖ ਕੀਤਾ।

ਮਾਸਟਰ ਦਰਸ਼ਨ ਸਿੰਘ ਨੇ ਆਪਣੀ ਰਵਾਇਤੀ ਹਲੀਮੀ ਅਤੇ ਧੀਮੇ ਬੋਲਾਂ ਵਿਚ ਕਿਹਾ ਕਿ "ਮੈਂ ਬਹੁਤ ਸਾਧਾਰਨ ਵਿਅਕਤੀ ਹਾਂ, ਮੇਰੇ ਵਿਚ ਜੋ ਗੁਣ ਹੈ ਉਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਣ ਹੈ।... ਮੇਰੇ ਦਾਦਾ ਸੰਤ ਕੇਸਰ ਸਿੰਘ ਜੀ ਅਤੇ ਦਾਦੀ ਜੀ ਨੂੰ ਗੁਰਬਾਣੀ ਯਾਦ ਸੀ। ਉਨ੍ਹਾਂ ਤੋਂ ਮੈਨੂੰ ਲਗਨ ਲੱਗੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਿਆਰ ਮੁਹੱਬਤ ਅਤੇ ਪ੍ਰੇਰਨਾ ਦੇਕੇ ਕਿਰਪਾ ਨਾਲ ਆਪਣੇ ਲੜ ਲਾ ਲਿਆ।

ਮਾਸਟਰ ਨਿਹਾਲ ਸਿੰਘ ਜੀ ਦੀ ਯਾਦ ਵਿਚ ਦਿੱਤਾ ਜਾਂਦਾ ਇਹ ਸਾਲਾਨਾ ਸਨਮਾਨ ਪਿਛਲੇ ਸਾਲਾਂ ਵਿਚ ਬੀਬੀ ਸਤਵੰਤ ਕੌਰ, ਪ੍ਰੋ: ਤਾਰਾ ਸਿੰਘ ਅਨਜਾਣ ਅਤੇ ਮਾਸਟਰ ਅਮਰੀਕ ਸਿੰਘ ਨੂੰ ਦਿੱਤਾ ਜਾ ਚੁੱਕਾ ਹੈ। ਇਸ ਵਾਰ ਮਾਸਟਰ


Namdhari Elibrary NamdhariElibrary@gmail.com

ਦਰਸ਼ਨ ਸਿੰਘ ਜੀ ਨੂੰ ਦਿੱਤਾ ਗਿਆ। ਇਹ ਪੁਰਸਕਾਰ ਪ੍ਰਾਪਤ ਕਰਨ ਵਾਲੇ ਸਾਰੇ ਹੀ ਵਿਸ਼ੇਸ਼ ਵਿਅਕਤੀ ਹਨ ਅਤੇ ਅਧਿਆਪਨ ਦੇ ਕਿੱਤੇ ਨਾਲ ਜੁੜੇ ਰਹੇ ਹਨ।

ਸਮਾਗਮ ਦੇ ਅੰਤ ਤੇ ਮਾਸਟਰ ਨਿਹਾਲ ਸਿੰਘ ਜੀ ਦੇ ਵੱਡੇ ਸਪੁੱਤਰ ਸ. ਮਨਮੋਹਨ ਸਿੰਘ ਜੀ ਨੇ ਆਪਣੇ ਭਾਈ ਚਰਨਜੀਤ ਸਿੰਘ ਅਤੇ ਸਮੂਹ ਪਰਿਵਾਰ ਵੱਲੋਂ ਆਈ ਸੰਗਤ ਦਾ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਸੰਤ ਜਸਬੀਰ ਸਿੰਘ ਨੇ ਨਿਭਾਈ।

## ਵਾਤਾਵਰਣ ਦਿਵਸ ਤੇ 'ਤਿੜਕੀ ਧਰਤੀ ਵਿਹੁਲਾ ਪਾਣੀ' ਅਤੇ 'ਚਿੜੀ ਵਿਚਾਰੀ ਕੀ ਕਰੇ' ਤੇ ਵਿਚਾਰ ਚਰਚਾ

ਕਾਦਰ ਦੀ ਕੁਦਰਤ ਵਿੱਚ ਮਨੁੱਖ ਦੁਆਰਾ ਕੱਢੀਆਂ ਕਾਢਾਂ ਤੇ ਇਨ੍ਹਾਂ ਦੀ ਦੁਰਵਰਤੋਂ ਨਾਲ ਧਰਤੀ ਤੇ ਆ ਰਹੇ ਬਦਲਾਅ ਦੇ ਸਬੰਧ ਵਿੱਚ ਵਿਚਾਰ ਇੱਕਤਰ ਕਰਨ ਲਈ ਪੰਜਾਬੀ ਸੱਥ ਵੱਲੋਂ ਦੋ ਪੁਸਤਕਾਂ 'ਤਿੜਕੀ ਧਰਤੀ ਵਿਹੁਲਾ ਪਾਣੀ' ਅਤੇ ਚਿੜੀ ਵਿਚਾਰੀ ਕੀ ਕਰੇ' ਸੰਪਾਦਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ੩੩੮ ਲਿਖਾਰੀਆਂ ਦੇ ਵਿਚਾਰ ਵੱਖ-ਵੱਖ ਰੂਪਾਂ ਵਿੱਚ ਦਰਜ ਕੀ ਗਏ ਹਨ। ਇਨ੍ਹਾਂ ਵਿਚਾਰਾਂ 'ਤੇ ਵਿਚਾਰ ਕਰਨ ਲਈ ਪੰਜਾਬੀ ਸੱਥ, ਧਰਤਿ ਸੁਹਾਵੀ, ਚੌਗਿਰਦਾ ਬਚਾਓ ਕਮੇਟੀ, ਨਿਰਮਲ ਦੇਹੀ ਤੇ ਅਦਾਰਾ ਦੇਸ ਪੰਜਾਬ ਦਾ ਇਕੱਠ ਖਾਲਸਾ ਸਕੂਲ ਲਾਂਬੜਾ ਵਿਚ ਕੀਤਾ ਗਿਆ।

ਇਸ ਸਮਾਗਮ ਦੀ ਸ਼ੁਰੂਆਤ ਨਵਦੀਪ ਕੌਰ ਸ਼ਹੀਦ ਬਾਬਾ ਖੁਸ਼ਹਾਲ ਸਿੰਘ ਖਾਲਸਾ ਸਕੂਲ ਵੱਲੋਂ ਪੇਸ਼ ਕੀਤੀ ਕਵਿਤਾ ਗਗਨ ਮੈ ਥਾਲ ਨਾਲ ਹੋਈ। ਬਹਾਦਰ ਸਿੰਘ ਸੰਧੂ ਨੇ ਤਿੜਕੀ ਧਰਤੀ ਵਿਹੁਲਾ ਪਾਣੀ ਅਤੇ ਚਿੜੀ ਵਿਚਾਰੀ ਕੀ ਕਰੇ ਪੁਸਤਕਾਂ ਬਾਰੇ ਆਪਣੇ ਵਿਚਾਰ ਪਰਗਟ ਕਰਦਿਆਂ ਕਿਹਾ ਕਿ ਇਨ੍ਹਾਂ ਪੁਸਤਕਾਂ ਵਿੱਚ ਕਵਿਤਾ, ਕਹਾਣੀ, ਲੇਖ, ਵਿਅੰਗ, ਚਿੱਠੀ, ਰਿਪੋਰਟ, ਬਾਣੀ ਤੇ ਲੋਕ ਗੀਤਾਂ ਨੂੰ ਇਕੱਤਰ ਕਰ ਕੇ ਹਰ ਪ੍ਰਕਾਰ ਦੀ ਪਾਣੀ, ਹਵਾ, ਧਰਤੀ, ਸਭਿਆਚਾਰ, ਧਰਮ, ਬੋਲੀ ਰਾਜਨੀਤਿਕ ਪਲੀਤੀ ਦਾ ਜ਼ਿਕਰ ਹੋਇਆ ਹੈ ਜੋ ਚਿੰਤਕਾਂ, ਬੁੱਧੀਜੀਵੀਆਂ ਤੇ ਵਿਦਿਆਰਥੀਆਂ ਲਈ ਲਾਭਦਾਇਕ ਹੋਵੇਗਾ।

ਸ. ਨਿਰੰਜਨ ਸਿੰਘ ਢੇਸੀ ਡਾਇਰੈਕਟਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਖਾਲਸਾ ਕਾਲਿਜ ਤੇ ਪ੍ਰੋ. ਨਿਮਰਤਦੀਪ ਕੌਰ ਖਹਿਰਾ ਨੇ ਕਿਹਾ ਕਿ ਸਾਨੂੰ ਗੁਰਬਾਣੀ ਤੋਂ ਸੇਧ ਲੈ ਕੇ ਹੀ ਵਾਤਾਵਰਣ ਸੁਰੱਖਿਅਤ ਰੱਖਣ ਦੇ ਯਤਨ ਕਰਨੇ ਚਾਹੀਦੇ ਹਨ। ਡਾ. ਨਿਰਮਲ ਸਿੰਘ ਮਾਲਵਾ ਹੋਰਾਂ ਕਿਹਾ ਕਿ ਸਾਡਾ ਯਤਨ ਹੈ ਮਨੁੱਖ ਨੂੰ ਕੁਰਾਹੇ ਪਏ ਹੋਏ ਨੂੰ ਦੱਸੀਏ ਕਿ ਇਹ ਰਸਤਾ ਨਰਕ ਵੱਲ ਜਾਂਦਾ ਹੈ। ਉਨ੍ਹਾਂ ਸਹਿਜ ਜੀਵਨ ਜੀਉਣ ਲਈ ਤੇ ਆਪਣੇ ਕਾਜ ਆਪ ਸਵਾਰਨ ਲਈ ਕਿਹਾ। ਸੰਤ ਸੰਧੂ ਨੇ ਆਪਣੀ ਕਵਿਤਾ ਸਾਈਕਲ ਰਾਹੀਂ ਵਾਤਾਵਰਣ ਬਚਾਉਣ ਦਾ ਸੁਨੇਹਾ ਦਿੱਤਾ ਤੇ ਸ. ਆਤਮਾ ਸਿੰਘ ਚਿੱਟੀ ਹੋਰਾਂ ਸਭਿਆਚਾਰਕ ਪ੍ਰਦੂਸ਼ਣ ਬਾਰੇ ਕਵਿਤਾ ਪੇਸ਼ ਕੀਤੀ। ਬਲਵੀਰ ਸਿੰਘ ਵਾਸੀ ਹੋਰਾਂ ਸ਼ਾਇਰੀ ਪੇਸ਼ ਕੀਤੀ ਤੇ ਗੁਰਨੇਕ ਸਿੰਘ ਵਿਰਦੀ ਨੇ ਵਿਅੰਗ ਸੁਣਾਇਆ। ਸ. ਨਵਤੇਜ ਸਿੰਘ ਬੱਲ, ਸ੍ਰੀ ਪ੍ਰਤਾਪ ਚੰਦ ਸਹੋਆ, ਜਸਵੀਰ ਸਿੰਘ ਸੰਧੂ, ਗੁਰਦਾਸ ਬੁਰਜਾਂ ਦੇ ਵਿਚਾਰ ਸਨ ਕਿ ਵਾਤਾਵਰਣ ਦੀ ਲਹਿਰ ਸਕੂਲੀ ਬੱਚਿਆਂ ਤੋਂ ਸ਼ੁਰੂ ਕੀਤਾ ਜਾਵੇ। ਕੰਵਰ ਇਮਤਿਆਜ਼ ਹੋਰਾਂ ਪ੍ਰਕਿਰਤੀ ਬਾਰੇ ਕਈ ਗੁੱਝੇ ਭੇਦ ਖੋਲ੍ਹੇ. ਪ੍ਰੋ. ਗੁਰਬਚਨ ਸਿੰਘ ਖਹਿਰਾ ਹੋਰਾ ਕਿਹਾ ਕਿ ਇਹ ਪੁਸਤਕਾਂ ਇਕ ਮੀਲ-ਪੱਥਰ ਸਾਬਤ ਹੋਣਗੀਆਂ। ਪ੍ਰੋ. ਸੁਰਿੰਦਰ ਕੌਰ ਖਹਿਰਾ ਨੇ ਵਾਤਾਵਰਣ ਬਚਾਉਣ ਲਈ ਘਰ ਤੋਂ ਹੀ ਸ਼ੁਰੂਆਤ ਕਰਨ ਦੀ ਗੱਲ ਕਹੀ। ਜਸਵੀਰ ਸਿੰਘ ਸ਼ੀਰੀਂ ਸੰਪਾਦਕ ਨਿਰਮਲ ਦੇਹੀ ਨੇ ਕਿਹਾ ਕਿ ਅਸੀਂ ਇੱਕ ਹਾਰ ਜਾਣ ਵਾਲੀ ਲੜਾਈ ਲੜ ਰਹੇ ਹਾਂ ਪਰ ਕੈਪਟਨ ਸਰਬਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਬਹੁਤ ਸਾਰੇ ਦੁੱਧ ਨੂੰ ਫੁੱਟਣ ਲਈ ਥੋੜੇ ਜਿਹੇ ਖਮੀਰ ਦੀ ਲੋੜ ਹੁੰਦੀ ਹੈ ਸਾਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ ਤੇ ਹਰ ਮਨੁੱਖ ਨੂੰ ਵਾਤਾਵਰਣ ਚੰਗਾ ਬਣਾਉਣ ਵਿੱਚ ਆਪਣਾ ਹਿੱਸਾ ਪਾਉਣਾ ਚਾਹੀਦਾ ਹੈ। ਇਸ ਮੌਕੇ ਪਵਿਤਰ ਸਿੰਘ ਤੇ ਸ਼ਰਨਪਾਲ ਕੌਰ ਨੇ ਵਾਤਾਵਰਣ ਸਬੰਧੀ ਪੁਸਤਕਾਂ ਨਾਮਵਰ ਸ਼ਖਸੀਅਤਾਂ ਨੂੰ ਭੇਂਟ ਕਰਨ ਵਿੱਚ ਸਹਿਯੋਗ ਦਿੱਤਾ। ਇਸ ਸਮਾਗਮ ਦਾ ਸੰਚਾਲਨ ਬਹਾਦਰ ਸਿੰਘ ਸੰਧੂ ਵੱਲੋਂ ਹੋਇਆ ਜਿਸ ਵਿੱਚ ਰਾਮ ਸਿੰਘ ਇਨਸਾਫ ਵਿਸ਼ੇਸ਼ ਤੌਰ ਤੇ ਪਹੁੰਚੇ ' ਇਹ ਸਮਾਗਮ ਰੁਪਿੰਦਰ ਕੌਰ, ਬਲਰਾਜ ਕੌਰ, ਤਰਸੇਮ ਭਾਰਦਵਾਜ, ਮਨਜੀਤ ਲਾਲ ਤੇ ਅਵਤਾਰ ਸਿੰਘ ਦੇ ਸਹਿਯੋਗ ਨਾਲ ਨੇਪਰੇ ਚੜ੍ਹਿਆ। ਅੰਤ ਪ੍ਰਿੰਸੀਪਲ ਚਰਨਜੀਤ ਸਿੰਘ ਹੋਰਾਂ ਸਭ ਦਾ ਧੰਨਵਾਦ ਕੀਤਾ।

*ਬਹਾਦਰ ਸਿੰਘ ਸੰਧੂ*
*ਮੀਡੀਆ ਸੱਕਤਰ ਪੰਜਾਬੀ ਸੱਥ,*

## ਪੰਜਾਬੀ ਲੇਖਕਾਂ ਦੀ ਕਿਰਤ ਦਾ ਭਰਵਾਂ ਮੁਆਵਜ਼ਾ ਦਿਆਂਗੇ

### ਡਾਇਰੈਕਟਰ ਹਰਿਆਣਾ ਪੰਜਾਬੀ ਸਾਹਿਤ ਅਕੈਡਮੀ

ਨਾਮਧਾਰੀ ਪੰਜਾਬੀ ਸਾਹਿਤ ਸਭਾ ਇਲਾਕਾ ਸ੍ਰੀ ਜੀਵਨ ਨਗਰ ਵੱਲੋਂ ਹਰਿਆਣਾ ਪੰਜਾਬੀ ਸਾਹਿਤ ਅਕੈਡਮੀ ਪੰਚਕੂਲਾ


Namdhari Elibrary NamdhariElibrary@gmail.com

ਦੇ ਡਾਇਰੈਕਟਰ ਸ੍ਰੀ ਛੋਟੂ ਰਾਮ ਮੋਦਗਿੱਲ ਦਾ ਸ੍ਰੀ ਗੁਰੂ ਹਰੀ ਸਿੰਘ ਕਾਲਜ ਸ੍ਰੀ ਜੀਵਨ ਨਗਰ ਪਧਾਰਣ ਤੇ ੧੧ ਜੂਨ ੨੦੦੫ ਨੂੰ ਨਿੱਘਾ ਸੁਆਗਤ ਕੀਤਾ ਗਿਆ।

ਰਸਮੀ ਸੁਆਗਤ ਅਤੇ ਜਲਪਾਣ ਤੋਂ ਬਾਦ ਸੁਆਗਤੀ ਸਮਾਰੋਹ ਦਾ ਵਿਧੀਵਤ ਆਰੰਭ ਸ. ਜੁਗਿੰਦਰ ਸਿੰਘ ਮੁਕਤਾ ਦੇ ਪੰਜਾਬੀ ਭਾਸ਼ਾ ਬਾਰੇ ਤਰੰਨਮ ਵਿਚ ਗਾਏ ਸੁਰੀਲੇ ਗੀਤ ਨਾਲ ਹੋਇਆ।

ਸ. ਸਾਧੂ ਸਿੰਘ ਕਿਸਾਨ ਨੇ ਸੁਆਗਤੀ ਭਾਸ਼ਨ ਵਿਚ ਡਾਇਰੈਕਟਰ ਨੂੰ ਸਭਾ ਅਤੇ ਇਲਾਕਾ ਨਿਵਾਸੀਆਂ ਵੱਲੋਂ ਜੀਉ ਆਇਆਂ ਕਿਹਾ। ਸਬਬੀਂ ਅੱਜ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸੀ ਇਸ ਵਾਸਤੇ ਕਿਸਾਨ ਹੋਰਾਂ ਇਸ ਇਤਿਹਾਸਕ ਘਟਨਾ ਦੇ ਤੱਥ ਪੇਸ਼ ਕਰ ਕੇ ਪੰਚਮ ਪਾਤਸ਼ਾਹ ਨੂੰ ਵੀ ਸ਼ਰਧਾ ਸੁਮਨ ਭੇਟ ਕੀਤੇ।

ਸਭਾ ਦੇ ਸਰਪ੍ਰਸਤ ਮਾਸਟਰ ਅਮਰੀਕ ਸਿੰਘ ਜੀ ਨੇ ਸਭਾ ਦੇ ਆਰੰਭ ੧੯੫੭ ਤੋਂ ਲੈ ਕੇ ਹੁਣ ਤੱਕ ਦੀਆਂ ਸਰਗਰਮੀਆਂ ਬਾਰੇ ਇੱਕ ਜਾਣਕਾਰੀ ਵਾਲਾ ਪਰਚਾ ਪੜ੍ਹਿਆ। ਸ. ਸੁਖਦੇਵ ਸਿੰਘ ਸੰਧੂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਲੈ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਦੇਸ਼ ਅਤੇ ਇਲਾਕਾ ਸ੍ਰੀ ਜੀਵਨ ਨਗਰ ਵਾਸਤੇ ਵਿਦਿਆ ਪਸਾਰ ਲਈ ਕੀਤੇ ਕੰਮਾਂ ਦਾ ਉਲੇਖ ਬੜੇ ਸੁੰਦਰ ਅਤੇ ਗੁੰਦਵੇਂ ਸ਼ਬਦਾਂ ਵਿੱਚ ਕੀਤਾ ਉਹਨਾਂ ਨੇ ਸਭਾ ਨੂੰ ਇਕ ਵੱਖਰਾ ਹਾਲ ਬਣਾ ਕੇ ਦੇਣ ਦਾ ਵਾਅਦਾ ਵੀ ਕੀਤਾ।

ਸ. ਸੁਵਰਨ ਸਿੰਘ ਵਿਰਕ ਨੇ ਵਿਸਥਾਰ ਨਾਲ ਪੰਜਾਬੀ ਭਾਸ਼ਾ ਦੀ ਸਿਫਤ ਕਰਦਿਆਂ ਇਸ ਇਲਾਕੇ ਦੀਆਂ ਪੰਜਾਬੀ ਬਾਰੇ ਸਰਗਰਮੀਆਂ ਅਤੇ ਕਾਰਜਾਂ ਦਾ ਜ਼ਿਕਰ ਬਹੁਤ ਵਧੀਆ ਸ਼ਬਦਾਂ ਵਿੱਚ ਕੀਤਾ।

ਡਾਇਰੈਕਟਰ ਸਾਹਿਬ ਦੇ ਗਲ ਵਿੱਚ ਉਨ ਦੀ ਮਾਲਾ ਪਾ ਕੇ ਬਜ਼ੁਰਗ ਆਗੂ ਸ. ਮਹਿੰਦਰ ਸਿੰਘ ਬੱਲ ਹੋਰਾਂ ਆਸ਼ੀਰਵਾਦ ਦਿੱਤਾ ਅਤੇ ਸਭਾ ਦੇ ਮੌਜੂਦਾ ਪ੍ਰਧਾਨ ਸ. ਜੁਗਿੰਦਰ ਸਿੰਘ ਮੁਕਤਾ ਨੇ ਨਾਮਧਾਰੀ ਸੱਭਿਆਚਾਰ ਦਾ ਪ੍ਰਤੀਕ ਗੜਵਾ ਸ਼ੀਸ਼ੇ ਵਿੱਚ ਕਲਾਮਈ ਢੰਗ ਨਾਲ ਜੜਿਆ ਹੋਇਆ ਡਾਇਰੈਕਟਰ ਸਾਹਿਬ ਨੂੰ ਭੇਟ ਕੀਤਾ। ਮਾ. ਅਮਰੀਕ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਾਲਾ ਗੁਟਕਾ ਭੇਟ ਕੀਤਾ। ਸ. ਹਰਮੀਤ ਸਿੰਘ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਫੋਟੋ ਅਤੇ ਸ. ਸੁਖਦੇਵ ਸਿੰਘ ਨੇ ਕਾਲਜ ਦੀ ਪਰਬੰਧਕ ਕਮੇਟੀ ਵੱਲੋਂ ਸ਼ਾਲ ਭੇਟ ਕੀਤੀ।

ਪੰਜਾਬ ਸਾਹਿਤ ਸਭਾ ਸਿਰਸਾ ਦੇ ਪ੍ਰਧਾਨ ਸ੍ਰੀ ਗੁਰਾਂ ਦਿੱਤਾ ਚੌਧਰੀ ਨੇ ਪੰਜਾਬੀ ਭਾਸ਼ਾ ਦੀ ਉਨਤੀ ਵਿਚ ਆਉਣ ਵਾਲੇ ਅੜਿਕਿਆਂ ਦਾ ਜ਼ਿਕਰ ਕੀਤਾ। ਗੁਰਦਿਆਲ ਸਿੰਘ ਪ੍ਰੀਤ ਸੱਕਤਰ ਨੇ ਆਮ ਪੰਜਾਬੀ ਲੇਖਕਾਂ ਨਾਲ ਹੋ ਰਹੇ ਵਿਤਕਰੇ ਦਾ ਜ਼ਿਕਰ ਕੀਤਾ। ਸ. ਸੁਦਰਸ਼ਨ ਸਿੰਘ, ਜ. ਪੂਰਨ ਸਿੰਘ ਨਿਰਾਲਾ, ਸ. ਲਖਵਿੰਦਰ ਸਿੰਘ ਬਾਜਵਾ ਨੇ ਵੀ ਸੰਬੋਧਨ ਕੀਤਾ।

ਡਾਇਰੈਕਟਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਸਾਹਿਤ ਸਭਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਪਿਛਲੀਆਂ ਗੱਲਾਂ ਭੁੱਲ ਜਾਓ ਮੈਂ ਮਾਂ ਬੋਲੀ ਪੰਜਾਬੀ ਅਤੇ ਓਹਦੇ ਸਪੁੱਤਰਾਂ ਦਾ ਮਾਨ ਸਨਮਾਨ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛਡਾਂਗਾ। ਹਰ ਪੰਜਾਬੀ ਲੇਖਕ ਦਾ ਸਨਮਾਨ ਕਰਨ ਲਈ ਆਪਣਾ ਪੂਰਾ ਤਾਣ ਲਾ ਦਿਆਂ ਗਾ। ਡਾਇਰੈਕਟਰ ਨੇ ਅਕਾਦਮੀ ਵੱਲੋਂ ਪ੍ਰਕਾਸ਼ਤ 'ਸ਼ਬਦ ਬੂੰਦ' ਰਸਾਲੇ ਦੀ ਉਨਤੀ ਲਈ ਬਹੁਤ ਕੁਝ ਕਰਨ ਦਾ ਇਕਰਾਰ ਕੀਤਾ ਅਤੇ ਪੰਜਾਬੀ ਲੇਖਕਾਂ ਦੀ ਕਿਰਤ ਦਾ ਭਰਵਾਂ ਮੁਆਵਜ਼ਾ ਦੇਣ ਦਾ ਐਲਾਨ ਕੀਤਾ।

ਸਟੇਜ ਸੰਚਾਲਕ ਸ. ਸਾਧੂ ਸਿੰਘ ਕਿਸਾਨ ਹੋਰਾਂ ਦੇ ਧੰਨਵਾਦੀ ਸ਼ਬਦਾਂ ਨਾਲ ਇਹ ਸਮਾਗਮ ਸਮਾਪਤ ਹੋਇਆ।

*(ਮਾਸਟਰ) ਅਮਰੀਕ ਸਿੰਘ*
*ਐਲਨਾਬਾਦ*

## ਮਹਾਨ ਸ਼ਹੀਦੀ ਕਵੀ ਦਰਬਾਰ ਹੋਇਆ

ਗੁਰਦਾਸਪੁਰ— ਪੰਜਾਬੀ ਕਵੀ ਸਭਾ ਲੁਧਿਆਣਾ ਦੇ ਸਹਿਯੋਗ ਨਾਲ ਗੁ. ਸਾਹਿਬ ਪਿੰਡ ਕੰਗ (ਧਾਰੀਵਾਲ) ਜ਼ਿਲ੍ਹਾ ਗੁਰਦਾਸਪੁਰ ਵਿਖੇ ੩ ਅਪ੍ਰੈਲ, ੨੦੦੫ ਨੂੰ ਮਾਤਾ ਗੁਜਰੀ ਜੀ, ਵੱਡੇ ਤੇ ਛੋਟੇ ਸਾਹਿਬਜ਼ਾਦਿਆਂ ਦੇ ੩੦੦ ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਮਹਾਨ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਕ੍ਰਮਵਾਰ ਸਰਬ ਸ੍ਰੀ ਅਮੀਰ ਸਿੰਘ ਰਾਣਾ (ਨਰਿੰਦਰ ਬੀਬੀ ਦਾ ਸਕਾ ਭਰਾ), ਬਖਸ਼ੀਸ਼ ਸਿੰਘ ਬਖਸ਼ੀਸ਼ ਹੁਸ਼ਿਆਰਪੁਰ ਨੈਸ਼ਨਲ ਐਵਾਰਡੀ, ਨਰਿੰਦਰ ਸਿੰਘ ਕਮਲ-ਚੰਡੀਗੜ੍ਹ, ਤਰਲੋਕ ਸਿੰਘ ਦੀਵਾਨਾ-ਜੰਡਿਆਲਾ ਗੁਰੂ, ਜੋਗਿੰਦਰ ਸਿੰਘ ਕੰਗ ਲੁਧਿਆਣਾ, ਬਲਵਿੰਦਰ ਸਿੰਘ ਕੰਗ, ਬੀਬੀ ਅਮਨਦੀਪ ਕੌਰ ਅਤੇ ਲਾਭ ਸਿੰਘ ਨੇ ਭਾਗ ਲਿਆ। ਪ੍ਰਬੰਧਕ ਕਮੇਟੀ ਵੱਲੋਂ ਸਾਰੇ ਕਵੀਆਂ ਨੂੰ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਕਵੀ ਸਭਾ ਵੱਲੋਂ ਸੰਤ ਬੇਅੰਤ ਸਿੰਘ ਨਾਮਧਾਰੀ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

*ਰਿਪੋਰਟ — ਜੋਗਿੰਦਰ ਸਿੰਘ ਕੰਗ*

## ਪੰਜਾਬੀ ਕਵੀ ਸਭਾ ਦੀ ਮੀਟਿੰਗ ਹੋਈ

ਲੁਧਿਆਣਾ— ਪੰਜਾਬੀ ਕਵੀ ਸਭਾ ਲੁਧਿਆਣਾ ਦੀ


Namdhari Elibrary NamdhariElibrary@gmail.com

ਮਾਸਿਕ ਇਕੱਤਰਤਾ ਗੁ. ਦੂਖ ਨਿਵਾਰਨ ਸਾਹਿਬ ਵਿਖੇ ਸਭਾ ਦੇ ਸਰਪ੍ਰਸਤ ਸ: ਕੰਵਰਜੀਤ ਸਿੰਘ ਵਾਲੀਆ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਫ਼ੈਸਲਾ ਲਿਆ ਗਿਆ ਕਿ ਸਭਾ ਦੀ ਇਕੱਤਰਤਾ ਹਰ ਮਹੀਨੇ ਦੇ ਆਖ਼ਰੀ ਐਤਵਾਰ ਨੂੰ ਹੋਇਆ ਕਰੇ ਗੀ। ਕਵੀ ਸਭਾ ਦਾ ਵਿਧਾਨ ਲਿਖਣ ਅਤੇ ਸਭਾ ਦੀ ਰਜਿਸਟ੍ਰੇਸ਼ਨ ਦੇ ਸਬੰਧ ਵਿੱਚ ਵਿਚਾਰ ਹੋਈ ਉਪ੍ਰੰਤ ਹਾਜ਼ਰ ਕਵੀਆਂ ਨੇ ਆਪਣੀਆਂ ਮੌਲਿਕ ਕਵਿਤਾਵਾਂ ਪੜ੍ਹੀਆਂ।

*ਅਮਰਜੀਤ ਕੌਰ ਨੂਰੀ*
*ਸਕੱਤਰ ਪੰਜਾਬੀ ਕਵੀ ਸਭਾ*

## ਗਰੇਗ ਚੈਪਲ ਵੱਲੋਂ ਵੈਸ਼ਨੂੰ ਖਾਣੇ ਦੀ ਸਲਾਹ

ਕੋਲਕਤਾ– ਆਸਟਰੇਲੀਆ ਦੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਅਤੇ ਭਾਰਤੀ ਕ੍ਰਿਕਟ ਟੀਮ ਦੇ ਨਵ-ਨਿਯੁਕਤ ਕੋਚ ਗਰੇਗ ਚੈਪਲ ਨੇ ਆਪਣੀ ਸਿਹਤ ਦਾ ਰਾਜ਼ ਖੋਲ੍ਹਦਿਆਂ ਖਿਡਾਰੀਆਂ ਤੋਂ ਵਪਾਰੀਆਂ ਤੱਕ ਨੂੰ ਵੈਸ਼ਨੂੰ ਭੋਜਨ ਖਾਣ ਦੀ ਸਲਾਹ ਦਿੱਤੀ ਹੈ। ਆਪਣੀ ਕਿਤਾਬ 'ਹੈਲਥ ਐਂਡ ਫਿਟਨਿਸ' 'ਚ ਉਨ੍ਹਾਂ ਲਿਖਿਆ ਹੈ ਕਿ ਮੈਂ ਮੀਟ ਅਤੇ ਦੁੱਧ ਛੱਡ ਕੇ ਸਿਹਤ ਨੂੰ ਠੀਕ ਰੱਖਣ ਲਈ ਸੋਆਬੀਨ ਅਤੇ ਸਬਜ਼ੀਆਂ ਖਾਂਦਾ ਹਾਂ। ਉਨ੍ਹਾਂ ਟਿੱਪਣੀ ਕੀਤੀ ਕਿ ਧਰਤੀ 'ਤੇ ਮਨੁੱਖ ਹੀ ਇਕ ਅਜਿਹਾ ਪ੍ਰਾਣੀ ਹੈ ਜੋ ਵੱਡਾ ਹੋ ਕੇ ਵੀ ਦੁੱਧ ਪੀਂਦਾ ਹੈ ਅਤੇ ਉਸ ਤੋਂ ਵੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਉਹ ਜਾਨਵਰਾਂ ਦਾ ਦੁੱਧ ਪੀਂਦਾ ਹੈ। ਉਨ੍ਹਾਂ ਕਿਹਾ ਕਿ ਦੁੱਧ ਕੱਟਿਆਂ-ਵੱਛਿਆਂ ਲਈ ਤਾਂ ਚੰਗਾ ਹੈ ਪਰ ਸਾਡੇ ਲਈ ਨਹੀਂ। ਉਨ੍ਹਾਂ ਲਿਖਿਆ ਹੈ ਕਿ ਇਹ ਓਨਾ ਪੋਸ਼ਕ ਨਹੀਂ ਜਿੰਨਾ ਕਿ ਨੁਕਸਾਨਦਾਇਕ ਹੈ। ਉਨ੍ਹਾਂ ਲਿਖਿਆ ਹੈ ਕਿ ਜਦੋਂ ਤੋਂ ਮੈਂ ਦੁੱਧ ਅਤੇ ਮੀਟ ਖਾਣਾ ਛੱਡਿਆ ਹੈ, ਉਦੋਂ ਤੋਂ ਹੀ ਮੈਂ ਆਪਣੇ-ਆਪ ਨੂੰ ਵਧੇਰੇ ਤੰਦਰੁਸਤ ਸਮਝਦਾ ਹਾਂ।

*(ਯੂ. ਐਨ.ਆਈ. 25 ਮਈ)*

## ਪਾਣੀ ਨਾ ਦੇਣ ਕਾਰਨ ਪਾਕਿਸਤਾਨੀ ਕਿਸਾਨ ਵੱਲੋਂ ਆਪਣੀਆਂ ਦੋ ਧੀਆਂ ਦਾ ਕਤਲ

ਮੁਲਤਾਨ, ੧੦ ਜੂਨ (ਏ. ਪੀ.)-ਪਾਕਿਸਤਾਨ ਦੇ ਇਕ ਪਿੰਡ ਵਿਚ ਇਕ ਕਿਸਾਨ ਨੇ ਪਾਣੀ ਦਾ ਗਲਾਸ ਨਾ ਦੇਣ ਕਾਰਨ ਗੁੱਸੇ ਵਿਚ ਆ ਕੇ ਆਪਣੀਆਂ ਦੋ ਜਵਾਨ ਧੀਆਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਪੁਲਿਸ ਅਨੁਸਾਰ ੪੭ ਸਾਲਾ ਇਹ ਕਿਸਾਨ ਆਪਣੇ ਖੇਤਾਂ 'ਚੋਂ ਵਾਪਸ ਆਇਆ ਸੀ ਅਤੇ ਉਸ ਨੇ ਆਪਣੀ ੧੮ ਸਾਲਾ ਲੜਕੀ ਨੂੰ ਇਸ ਲਈ ਗੋਲੀ ਮਾਰ ਦਿੱਤੀ, ਕਿਉਂਕਿ ਉਸ ਨੇ ਉਸ ਨੂੰ ਪਾਣੀ ਨਹੀਂ ਪਿਲਾਇਆ ਸੀ। ਜਦੋਂ ਉਸ ਦੀ ੧੬ ਸਾਲਾ ਲੜਕੀ ਨੇ ਆਪਣੀ ਵੱਡੀ ਭੈਣ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਉਸ ਨੂੰ ਵੀ ਗੋਲੀ ਮਾਰ ਦਿੱਤੀ। ਇਹ ਘਟਨਾ ਮੁਲਤਾਨ ਤੋਂ ੩੦੦ ਕਿਲੋਮੀਟਰ ਦੂਰ ਸਰਗੋਧਾ ਨੇੜੇ ਵਾਪਰੀ। ਕਿਸਾਨ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਇਸ ਗੱਲੋਂ ਆਪਣੀ ਬੇਇੱਜ਼ਤੀ ਮਹਿਸੂਸ ਕੀਤੀ ਕਿ ਪਾਣੀ ਲਿਆਉਣ ਲਈ ਕਹਿਣ ਦੇ ਬਾਵਜੂਦ ਉਸ ਦੀ ਬੇਟੀ ਬੈਠੀ ਰਹੀ। ਪੁਲਿਸ ਨੇ ਕਿਸਾਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

## ਜਥੇਦਾਰ ਦਰਸ਼ਨ ਸਿੰਘ ਦੇ ਮਾਤਾ ਜੀ ਨਮਿਤ ਸਮਾਗਮ

ਜਥੇਦਾਰ ਦਰਸ਼ਨ ਸਿੰਘ ਨਾਮਧਾਰੀ ਲੁਧਿਆਣਾ ਵਾਲੇ ਜੋ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਮਰੀਜ਼ਾਂ ਦੀ ਸਹਾਇਤਾ ਵਾਸਤੇ ਲੁਧਿਆਣਾ ਵਿਖੇ ਪ੍ਰਸਿੱਧ ਡਾਕਟਰਾਂ ਅਤੇ ਹਸਪਤਾਲਾਂ ਨਾਲ ਸੰਪਰਕ ਸੂਤਰ ਹਨ, ਦੇ ਸਤਿਕਾਰਯੋਗ ਮਾਤਾ ਜੀ ਸ੍ਰੀਮਤੀ ਕਰਤਾਰ ਕੌਰ ਸੋਂਹਬੀ ੧ ਜੂਨ ੨੦੦੫ ਬੁੱਧਵਾਰ ਨੂੰ ਆਪਣੀ ਸੰਸਾਰ ਯਾਤਰਾ ਪੂਰੀ ਕਰ ਗਏ ਹਨ। ਉਨ੍ਹਾਂ ਦਾ ਸਸਕਾਰ ੨ ਜੂਨ ਨੂੰ ਕੀਤਾ ਗਿਆ। ਵਿਛੜੀ ਜੀਵ ਆਤਮਾ ਨਮਿਤ ਸਾਧਾਰਨ ਪਾਠ ਦਾ ਭੋਗ ਐਤਵਾਰ ੫ ਜੂਨ ੨੦੦੫ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ। ਇਸ ਸਮੇਂ ਸਮੂਹਿਕ ਨਾਮ ਸਿਮਰਨ ਕੀਤਾ ਗਿਆ। ਜਥੇਦਾਰ ਗੁਰਦੀਪ ਸਿੰਘ ਜੀ ਅਤੇ ਸੂਬਾ ਅਜੀਤ ਸਿੰਘ ਬਟਾਲਾ ਨੇ ਹੱਲੇ ਦੇ ਦੀਵਾਨ ਸਜਾ ਕੇ ਮਾਤਾ ਜੀ ਦੇ ਜੀਵਨ ਅਤੇ ਪਰਿਵਾਰ ਦੇ ਸਦਗੁਣਾਂ ਨੂੰ ਯਾਦ ਕੀਤਾ। ਸੰਤ ਹਰਬੰਸ ਸਿੰਘ ਘੁੱਲਾ ਜੀ ਦੇ ਹਜ਼ੂਰੀ ਰਾਗੀ ਜਥੇ ਨੇ ਵੈਰਾਗਮਈ ਸ਼ਬਦਾਂ ਦੁਆਰਾ ਕੀਰਤਨ ਕੀਤਾ। ਭਾਰੀ ਗਿਣਤੀ ਵਿਚ ਪਰਿਵਾਰ ਦੇ ਮੈਂਬਰ, ਮਿੱਤਰ, ਅਤੇ ਸਾਧ ਸੰਗਤ ਹਾਜ਼ਰ ਸੀ। ਸਵਰਗੀ ਮਾਤਾ ਕਰਤਾਰ ਕੌਰ ਜੀ ਯੂ. ਕੇ. ਨਿਵਾਸੀ ਸੰਤ ਵਾਸਦੇਵ ਸਿੰਘ ਭੰਮਰਾ ਦੇ ਸੱਸ ਮਾਤਾ ਸਨ।

## ਨਵਰਾਹੀ ਨੂੰ ਸਦਮਾ

ਪੰਜਾਬੀ ਕਵੀ ਨਵਰਾਹੀ ਘੁਗਿਆਣਵੀ ਨੂੰ ਉਸ ਸਮੇਂ ਭਾਰੀ ਸਦਮਾ ਪੁੱਜ ਜਦੋਂ ਉਨ੍ਹਾਂ ਦੇ ਵੱਡੇ ਭਾਈ ਸ. ਗੁਰਮੇਲ ਸਿੰਘ ਬਰਾੜ (ਸਾਬਕ ਐਮ. ਸੀ.) ਫਰੀਦਕੋਟ ਪਿਛਲੇ ਦਿਨੀਂ ਮੁਹਾਲੀ ਵਿਖੇ ਅਕਾਲ ਚਲਾਣਾ ਕਰ ਗਏ। ਕੁਝ ਵਰ੍ਹੇ ਪਹਿਲਾਂ ਉਹ ਕੈਨੇਡਾ ਚਲੇ ਗਏ ਸਨ ਅਤੇ ਉਨ੍ਹਾਂ ਦੀ ਸਿਹਤ ਠੀਕ ਨਹੀਂ ਸੀ।


Namdhari Elibrary NamdhariElibrary@gmail.com

# ਪ੍ਰਤੀਕਿਰਿਆ

## ਖਿੱਲਰੇ ਪੱਤਰੇ

ਤੁਹਾਡੀ ਪੁਸਤਕ "ਖਿੱਲਰੇ ਪੱਤਰੇ" ਪੜ੍ਹੀ। ਬੜੀ ਵਧੀਆ ਪੁਸਤਕ ਲਿਖੀ ਹੈ ਤੁਸੀਂ ਆਪਣੀਆਂ ਯਾਦਾਂ ਦੀ। ਫ਼ਸਾਦਾਂ ਵੇਲੇ ਉੱਜੜ ਕੇ ਆਉਣਾ ਤੇ ਏਧਰ ਆ ਕੇ ਥਾਂ-ਪੁਰ-ਥਾਂ ਖੁਆਰ ਹੁੰਦੇ ਫਿਰਨਾ ਤੇ ਫੇਰ ਜਲੰਧਰ ਆ ਕੇ ਵਸਣਾ ਬੜੇ ਸਜੀਵ ਚਿੱਤਰ ਹਨ। ਇਸੇ ਤਰ੍ਹਾਂ ਵਿਦਿਆਰਥੀ ਜੀਵਨ। ਇਸ ੧੨੦ ਸਫ਼ੇ ਦੀ ਨਿੱਕੀ ਜਿਹੀ ਪੁਸਤਕ ਵਿਚ—ਸਗੋਂ ੧੧੦ ਸਫ਼ੇ ਦੀ, ਦਸ ਸਫ਼ੇ ਪਹਿਲੇ ਕਿਉਂਕਿ ਤੁਹਾਡੇ ਤੇ ਵਰਿਆਮ ਸੰਧੂ ਦੇ ਮੁੱਖ-ਬੰਦਾਂ ਵਿਚ ਆ ਗਏ ਹਨ—ਕਿੰਨਾ ਕੁਝ ਦੱਸਿਆ ਗਿਆ ਹੈ। ਕਿੰਨੀਆਂ ਵਿਸਥਾਰਤ ਗੱਲਾਂ ਤੇ ਕਿੰਨਾ ਸੋਹਣਾ ਤੇ ਕਲਾਮਈ ਸੰਜੋਗ। ਬੋਲੀ; ਬੜੀ ਸਰਲ ਤੇ ਰਸ ਨਾਲ ਭਰੀ ਹੋਈ ਹੈ ਤੇ ਵਿਦਵਤਾ ਵੀ ਪੂਰੀ-ਸੂਰੀ। ਨਦੀ ਦੀ ਰਵਾਨੀ ਵਰਗੀ ਬਿਆਨ ਦੀ ਰਵਾਨੀ ਤੇ ਗਲਪ ਵਰਗੀ ਰੋਚਿਕਤਾ। ਬੜੀ ਪਿਆਰੀ ਵਾਰਤਕ ਵਿਚ ਤੁਸੀਂ ਇਹ ਯਾਦਾਂ ਲਿਖੀਆਂ ਹਨ। ਬੜੀ ਸੁੰਦਰ ਵਾਰਤਕ ਵਿਚ।

ਤੁਹਾਡੇ ਮਾਤਾ-ਪਿਤਾ, ਰਿਸ਼ਤੇਦਾਰ ਤੇ ਹੋਰ ਸਬੰਧੀ ਤੇ ਕਾਲਜ ਦੇ ਵਿਦਿਆਰਥੀ ਸਾਥੀ, ਜੋ ਇਸ ਪੁਸਤਕ ਵਿਚ ਆਏ ਹਨ,ਇਨ੍ਹਾਂ ਨੂੰ ਸਭ ਨੂੰ ਜੀਵਨ ਵਿਚ ਵੀ ਦੇਖਣ ਨੂੰ ਦਿਲ ਕਰਦਾ ਹੈ। ਕਿਸੇ ਚੰਗੀ ਲਿਖਤ ਦੀ ਇਹ ਬਹੁਤ ਬੜੀ ਖੂਬੀ ਹੈ। ਮੇਰੇ ਵੱਲੋਂ ਬਹੁਤ-ਬਹੁਤ ਮੁਬਾਰਕਬਾਦ ਕਬੂਲ ਕਰਨੀ।

*ਸੰਤੋਖ ਸਿੰਘ ਧੀਰ*
*689, ਫੇਜ਼-10,*
*ਮੋਹਾਲੀ (ਚੰਡੀਗੜ੍ਹ) 160061*

ਤੁਹਾਡੀ ਪੁਸਤਕ 'ਖਿੱਲਰੇ ਪੱਤਰੇ' ਮਿਲੀ ਪੜ੍ਹੀ, ਉਸ ਰਾਹੀਂ ਸਮੇਂ ਦੇ ਗਵਾਚੇ ਨਕਸ਼ਾਂ ਦਾ ਅਹਿਸਾਸ ਹੋਇਆ। ਨਿਜ ਹੰਢਾਏ ਵਰਤਾਰੇ ਨੂੰ ਜ਼ਬਾਨ ਦੇਣ ਲਗਿਆ ਸੱਚ ਤੋਂ ਸੱਚ ਤਕ ਦੇ ਸਫ਼ਰ ਨੂੰ ਨੈਸਰਗਿਕ ਅਭਿਵਿਅਕਤੀ ਆਪਣੇ ਆਪ ਮਿਲ ਜਾਂਦੀ ਹੈ ਅਤੇ ਸ਼ੈਲੀ ਸਹਿਜ ਹੀ ਰੋਚਕ ਹੋ ਜਾਂਦੀ ਹੈ। ਇਹ ਸਾਰੇ ਗੁਣ ਇਸ ਬ੍ਰਿਤਾਂਤ ਵਿਚ ਮੌਜੂਦ ਹਨ। ਪਰ ਇਸ ਵਿਚ ਇਕ ਕਜਿਆ ਹੋਇਆ ਗੁਣ ਵੀ ਹੈ ਅਤੇ ਉਹ ਹੈ ਤੁਹਾਡੇ ਇਕ ਸਮਰਥ ਵਾਰਤਕ ਲੇਖਕ ਹੋਣ ਦਾ। ਚੰਗਾ ਹੋਏ ਜੇ ਤੁਸੀਂ ਉਸ ਸ਼ਰਮਾਕਲ ਦੀ ਘੁੰਡ-ਚੁਕਾਈ ਕਰ ਦਿਉ।

ਇਕ ਗੱਲ ਹੋਰ। ਨਾਮਧਾਰੀ ਸੰਪ੍ਰਦਾਇ ਬਾਰੇ ਇਕ ਵਿਵਸਥਿਤ ਪੁਸਤਕ ਲਿਖੋ। ਹੁਣ ਤਕ ਮੈਂ ਜੋ ਕੁਝ ਪੜ੍ਹਿਆ, ਹੈ, ਉਸ ਵਿਚ ਸੰਪ੍ਰਦਾਇਕ ਉਲਾਰ ਅਤੇ ਆਤਮ-ਪ੍ਰਸ਼ੰਸਾ ਅਧਿਕ ਹੈ। ਯਥਾਰਥ ਪਹੁੰਚ ਦਾ ਅਭਾਵ ਹੈ। ਇਤਨੀ ਆਤਮ-ਉਤਸਰਗੀ ਪ੍ਰਬੁੱਧ ਅਤੇ ਭਵਿਸ਼-ਮੁਖੀ ਸੰਪ੍ਰਦਾਇ ਦਾ ਅਜੇ ਤਕ ਸਹੀ ਇਤਿਹਾਸਿਕ ਬਿਬ ਉਘੜ ਨਹੀਂ ਸਕਿਆ। ਇਹ ਘਾਟ ਸ਼ਾਇਦ ਤੁਸੀਂ ਹੀ ਪੂਰੀ ਕਰਨੀ ਹੋਵੇ। ਕਰ ਦਿਉ।

*—ਰਤਨ ਸਿੰਘ ਜੱਗੀ (ਡਾ:), ਪਟਿਆਲਾ*

ਕੁਝ ਦਿਨ ਪਹਿਲਾਂ ਖਿੱਲਰੇ ਪੱਤਰੇ ਦੀ ਕਾਪੀ ਮਿਲੀ। ਇਸ ਕੀਮਤੀ ਸੌਗਾਤ ਲਈ ਸ਼ੁਕਰੀਆ। ਭਾਵੇਂ ਇਨ੍ਹਾਂ ਖਿਲਰੇ ਪੱਤਰਿਆਂ ਦਾ ਕਾਫੀ ਭਾਗ ਪਹਿਲਾਂ ਹੀ ਮੇਰੀ ਨਜ਼ਰੋਂ ਗੁਜ਼ਰ ਚੁਕਿਆ ਸੀ ਪਰੰਤੂ ਪੁਸਤਕ ਵੇਖ ਕੇ ਖੁਸ਼ੀ ਹੋਈ ਹੈ। ਇਸ ਨੂੰ ਤੁਹਾਡੀ ਮੁਕੰਮਲ ਸਵੈਜੀਵਨੀ ਨਹੀਂ ਕਿਹਾ ਜਾ ਸਕਦਾ, ਪਰ ਤੁਹਾਡੇ ਜੀਵਨ ਦਾ ਵਡੇਰਾ ਭਾਗ ਇਸ ਆਤਮਕਥਾ ਵਿਚ ਦਰਜ ਹੈ। ਇਹ ਖਿਲਰੇ ਪੱਤਰੇ ਤੁਹਾਡੀ ਹੱਡ-ਬੀਤੀ ਦੇ ਅਜੇਹੇ ਪੱਖਾਂ ਬਾਰੇ ਚਾਨਣਾ ਪਾਉਂਦੇ ਹਨ ਜਿਨ੍ਹਾਂ ਵਿਚ ਤੁਹਾਡੀ ਹਯਾਤੀ ਦੀਆਂ ਸਫਲਤਾਵਾਂ, ਹਾਰਾਂ, ਪ੍ਰਾਪਤੀਆਂ, ਅਪ੍ਰਾਪਤੀਆਂ ਦਾ ਲੇਖਾ ਜੋਖਾ ਦਰਜ ਹੈ। ਇਨ੍ਹਾਂ ਵਿਚੋਂ ਬਹੁਤੀਆਂ ਤੁਹਾਡੇ ਜੀਵਨ ਦੀਆਂ ਅਭੁੱਲ ਯਾਦਾਂ ਹਨ। ਤੁਹਾਡੀ ਸ਼ੈਲੀ ਨੇ ਇਨ੍ਹਾਂ ਨੂੰ ਇਸ ਕਦਰ ਰੌਚਿਕ ਬਣਾ ਦਿੱਤਾ ਹੈ ਕਿ ਇਹ ਰਚਨਾ ਕੇਵਲ ਇਤਿਹਾਸਕ ਵੇਰਵਿਆਂ ਤਕ ਹੀ ਸੀਮਿਤ ਨਹੀਂ ਸਗੋਂ ਇਸ ਨੂੰ ਜੀਵਨੀ ਸਾਹਿਤ ਦੀ ਇਕ ਮੁੱਲਵਾਨ ਰਚਨਾ ਕਿਹਾ ਜਾ ਸਕਦਾ ਹੈ। ਸੋਨੇ ਤੇ ਸੁਹਾਗੇ ਵਾਲੀ ਗੱਲ ਇਹ ਹੈ ਕਿ ਜਿਵੇਂ ਗੁਰਬਖ਼ਸ਼ ਸਿੰਘ ਨੂੰ ਪ੍ਰੀਤਲੜੀ ਨੇ ਪੰਜਾਬੀ ਦੇ ਸ਼੍ਰੋਮਣੀ ਵਾਰਤਕ ਲੇਖਕ ਵਜੋਂ ਲਿਆ ਖੜਾ ਕੀਤਾ ਸੀ, ਤੁਹਾਨੂੰ ਮਾਸਿਕ ਵਰਿਆਮ ਨੇ ਨਿਰੋਲ ਪੱਤਰਕਾਰ ਤੋਂ ਸਾਹਿਤਕਾਰ ਬਣਾ ਦਿੱਤਾ ਹੈ। ਭਾਵੇਂ ਵਰਿਆਮ ਪੱਤਰਕਾਰ ਨੂੰ ਸਾਹਿਤਕਾਰ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਪਰ ਡਾ. ਵਰਿਆਮ ਸਿੰਘ ਸੰਧੂ ਨੇ ਖਿੱਲਰੇ ਪੱਤਰੇ ਰਾਹੀਂ ਜਗਦੀਸ਼ ਸਿੰਘ ਵਰਿਆਮ ਨੂੰ ਪੰਜਾਬੀ ਦੇ ਚੋਣਵੇਂ ਗੱਦਕਾਰਾਂ ਵਿਚ ਸ਼ਾਮਲ ਕਰ ਦਿੱਤਾ ਹੈ। ਤੁਹਾਡੇ ਨਾਲ ਹੀ ਡਾ. ਵਰਿਆਮ ਸਿੰਘ ਸੰਧੂ ਵੀ ਵਧਾਈ ਦਾ ਹੱਕਦਾਰ ਹੈ। ਮੈਂ ਤੁਹਾਨੂੰ ਖਿੱਲਰੇ ਪੱਤਰੇ ਦੇ ਪ੍ਰਕਾਸ਼ਨ ਤੇ ਦਿਲੀ ਮੁਬਾਰਕ ਦਿੰਦਾ ਹਾਂ ਅਤੇ ਭਵਿੱਖ ਵਿਚ ਹੋਰ ਉਚੇਰੀਆਂ ਪ੍ਰਾਪਤੀਆਂ ਦੀ ਅਭਿਲਾਸ਼ਾ ਕਰਦਾ ਹਾਂ।

*—ਕਰਨੈਲ ਸਿੰਘ ਥਿੰਦ (ਡਾ.), ਮੁਹਾਲੀ*

ਤੁਹਾਡੀ ਪੁਸਤਕ 'ਖਿੱਲਰੇ ਪੱਤਰੇ' ਪ੍ਰਾਪਤ ਹੋਈ ਹੈ। ਧੰਨਵਾਦ।

ਸਭ ਤੋਂ ਪਹਿਲਾਂ ਪ੍ਰਭਾਵ ਤਾਂ ਇਹ ਕਿ ਏਨੀ ਸਰਲ, ਸਪਸ਼ਟ ਅਤੇ ਰਸਿਕ ਵਾਰਤਕ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਉਚੇਚ ਨਾਲ 'ਘੋੜੀ ਚੜ੍ਹਿਆ ਲਾੜਾ' ਕਈ ਵਾਰ



Namdhari Elibrary NamdhariElibrary@gmail.com

ਬੜਾ ਅੱਖੜ ਅਤੇ ਨੀਵੇਂ ਪੱਧਰ ਦਾ ਹੋ ਸਕਦਾ ਹੈ, ਪਰ ਸਹਿਜ ਅਵਸਥਾ ਵਿਚ ਘੋੜੀ ਚੜ੍ਹਨ ਦਾ ਆਪਣਾ ਹੀ ਅੰਦਾਜ਼ ਹੈ। ਉਮਰ ਤਾਂ ਬੇਸ਼ਕ ਥੋੜ੍ਹੀ ਵਧ ਜਾਏ ਪਰ ਵਿਚਾਰਾਂ ਦੀ ਸਥਿਰ ਸਹਿਜਤਾ ਉਸ ਵਿਚ ਆ ਬਿਰਾਜਦੀ ਹੈ। ਇਹ ਸਹਿਜਤਾ ਤੁਹਾਡੀ ਵਾਰਤਕ ਸ਼ੈਲੀ ਦਾ ਪ੍ਰਮੁੱਖ ਗੁਣ ਹੈ। ਨਹੀਂ ਤਾਂ ਅਜ ਦੇ ਸਪੂਤਨਿਕ ਇਲੈਕਟ੍ਰਿਕਲ ਦੌਰ ਵਿਚ ਕੌਣ ਪੁਰਾਣੀ ਸਾਈਕਲ ਦੇ ਸਮਾਜਕ, ਆਰਥਕ ਸਰੋਕਾਰਾਂ ਦੀ ਪਹਿਚਾਣ ਕਰਦਾ ਹੈ। ਅਜ ਜਦੋਂ ਵੀ ਅਸੀਂ ਇਤਿਹਾਸਕ ਵਿਕਾਸ, ਪਰੰਪਰਾ ਅਤੇ ਪਿਛੋਕੜ ਨੂੰ ਛੱਡ ਦੇਣ ਦੀ ਸ਼ਰਤ ਲਾਉਂਦੇ ਹਾਂ।

ਕਿੰਨੀ ਦੁਖ ਦੀ ਸਥਿਤੀ ਹੈ ਕਿ ਅੱਜ ਉਤਰ-ਅਧੁਨਿਕਤਾ ਦੇ ਨਾਂ ਉਤੇ ਪੱਛਮੀ ਥਿੰਕ-ਟੈਂਕ ਹਿਸਟਰੀ, ਸਮਾਜ, ਦਰਸ਼ਨ ਅਤੇ ਸ਼ਬਦ ਨੂੰ ਮਰਿਆ ਘੋਸ਼ਿਤ ਕਰ ਚੁੱਕਾ ਹੈ। ਉਹ ਬੜੀ ਚਤੁਰਾਈ ਅਤੇ ਸਕੀਮ ਨਾਲ ਮਨੁੱਖ ਨੂੰ ਇਸ ਤੋਂ ਛੁਟਕਾਰਾ ਪਾ ਲੈਣ ਦੀ ਸਲਾਹ ਦਿੰਦੇ ਹਨ। ਉਹ ਨਹੀਂ ਚਾਹੁੰਦੇ ਕਿ ਮਨੁੱਖ ਆਪਣੇ ਇਤਿਹਾਸ, ਸਮਾਜ ਅਤੇ ਦਰਸ਼ਨ ਦੇ ਖਿੱਲਰੇ ਪੱਤਰਿਆਂ ਨੂੰ ਇਕੱਠੇ ਕਰਕੇ ਸ਼ਬਦੀ ਰੂਪ ਦੇਵੇ ਅਤੇ ਆਪਣੇ ਤਜਰਬਿਆਂ ਦੇ ਆਧਾਰ ਉਤੇ ਆਪਣਾ ਅੱਗਾ ਸੁਆਰੇ। ਮੈਂ ਤੁਹਾਡੀ ਇਸ ਪੁਸਤਕ ਦਾ ਇਸ ਦੇ ਇਤਿਹਾਸਕ, ਸਮਾਜਕ ਅਤੇ ਦਾਰਸ਼ਨਿਕ ਸਰੋਕਾਰਾਂ ਨੂੰ ਸਥਾਪਤ ਕਰਨ ਦੇ ਸਫਲ ਉਪਰਾਲੇ ਵਜੋਂ ਸੁਆਗਤ ਕਰਦਾ ਹਾਂ। ਤੁਹਾਡੀ ਜਿੰਦਗੀ ਦੇ ਵਿਕੋਲਤਰੇ ਪਲਾਂ ਨੂੰ ਸਮਝਣ, ਘੋਖਣ ਅਤੇ ਮੁਲਾਂਕਣ ਤੋਂ ਬਿਨਾਂ ਤੁਹਾਡੀ ਵਰਤਮਾਨ ਸਖਸ਼ੀਅਤ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ ? ਸੰਧੂ ਤੁਹਾਡੇ ਨੇੜੇ ਹੈ ਉਹ ਇਸਦੇ ਮਹੱਤਵ ਬਾਰੇ ਵਧੇਰੇ ਜਾਣਦਾ ਹੈ, ਮੈਂ ਉਸ ਦਾ ਵੀ ਧੰਨਵਾਦੀ ਹਾਂ ਕਿ ਉਸ ਨੇ ਤੁਹਾਡੇ, ਇਕ ਸਾਰਥਕ ਚੂੰਢੀ ਭਰੀ ਅਤੇ ਇਸ ਪੁਸਤਕ ਦੀ ਰੂਪ ਰੇਖਾ ਬਣੀ।

ਵਧੀਆ ਪੁਸਤਕ ਲਿਖਣ ਲਈ ਮੁਬਾਰਕ!

*ਤੇਜਵੰਤ ਮਾਨ*
*ਸੰਗਰੂਰ*
*ਜ. ਸ. ਕੇਂਦਰੀ ਪੰਜਾਬੀ ਲੇਖਕ ਸਭਾ,*

ਤੁਹਾਡੀ ਪੁਸਤਕ ਖਿੱਲਰੇ ਪੱਤਰੇ ਮਿਲੀ-ਧੰਨਵਾਦ।

ਇਸ ਨੂੰ ਮੈਂ ਅਜੇ ਵਿੱਚੋਂ ਵਿੱਚੋਂ ਪੜ੍ਹਿਆ ਹੈ ਅਤੇ ਮਹਿਸੂਸ ਕੀਤਾ ਹੈ ਕਿ ਤੁਸੀਂ ਬੜੇ ਰੋਚਿਕ ਢੰਗ ਨਾਲ ਆਪਣੇ ਜੀਵਨ ਵਿਚ ਵਾਪਰੀਆਂ ਘਟਨਾਵਾਂ ਦਾ ਵਰਨਣ ਕੀਤਾ ਹੈ। ਜਿਸ ਅੰਦਾਜ਼ ਨਾਲ ਤੁਸੀਂ ਆਪਣੇ ਪ੍ਰਭਾਵ ਪਾਠਕਾਂ ਨਾਲ ਸਾਂਝੇ ਕੀਤੇ ਹਨ, ਉਸ ਵਿਚ ਸੁਹਿਰਦਤਾ ਦੇ ਨਾਲ ਨਾਲ, ਜੀਵਨ ਪ੍ਰਤੀ ਤੁਹਾਡਾ ਆਸ਼ਾਵਾਦੀ ਨਜ਼ਰੀਆ ਵੀ ਪ੍ਰਤੱਖ ਹੈ। ਬਹੁਤ ਬਹੁਤ ਮੁਬਾਰਕ!

*—ਨਰਿੰਜਨ ਤਸਨੀਮ, ਲੁਧਿਆਣਾ*

## ਸੁਨੱਖੀਆਂ ਕਿਤਾਬਾਂ ਵਾਲਾ ਭਾਪਾ ਪ੍ਰੀਤਮ

ਇਹ ਸਾਡੇ ਪ੍ਰੀਤਮਾਂ ਨੂੰ ਕੀ ਹੋਈ ਜਾ ਰਿਹਾ ਹੈ ਪੁਰਾਣੇ ਖਰੀਂਡ ਵੀ ਟੱਸ ਟੱਸ ਕਰਨ ਲਗ ਪਏ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚੌਰ-ਬਰਦਾਰ, ਸੰਤ ਸ੍ਰੀ ਪ੍ਰੀਤਮ ਸਿੰਘ ਜੀ ਚੇਲੇਕਿਆਂ ਦਾ ਸੁੰਦਰ ਦੀਦਾਰਾ ਚੇਤੇ ਆ ਰਿਹੈ। ਵਾਰੇ ਦੇ ਵੈਰਾਗੀ ਕਰ ਦੇਣ ਵਾਲੇ ਸ਼ਬਦਾਂ ਗੀਤਾਂ ਦੇ ਉਪਰਲੇ ਠਾਠ ਤੇ ਗੌਣ ਵਾਲੇ, ਸੋਹਣੇ ਸੰਤ ਪ੍ਰੀਤਮ ਸਿੰਘ ਜੀ ਜਿਨ੍ਹਾਂ ਦੇ ਜਾਣ ਨਾਲ ਵਾਰੇ ਦਾ ਵੀ ਭੋਗ ਪੈ ਗਿਐ। ਫਿਰ ਸ਼ਬਦਾਂ ਦੇ ਜਾਦੂਗਰ ਤੇ ਗਨੇਸ਼ ਵਾਂਗ ਚਲਦੀ ਕਲਮ ਵਾਲੇ ਪ੍ਰੀਤਮ ਸਿੰਘ ਜੀ ਕਵੀ ਆਪਣਾ ਸੈਂਕੜਾ ਪੂਰਾ ਕਰਨ ਤੋਂ ਪਹਿਲਾਂ ਈ ਚਲੇ ਗਏ। ਹਲੀਮੀ ਤੇ ਸੁੰਦਰਤਾ ਦੀ ਸਾਖਿਆਤ ਮੂਰਤ, ਅੱਖਰਾਂ ਤੇ ਬੋਲਾਂ ਨੂੰ ਗਿਣ ਮਿਣ ਕੇ ਲਿਖਣ ਬੋਲਣ ਵਾਲੇ ਪ੍ਰੀਤਮ ਸਿੰਘ ਜੀ ਪੰਛੀ, ਵਧੀਆ ਸਿਹਤ ਹੁੰਦਿਆਂ ਵੀ ਵਿਦਾ ਹੋ ਗਏ... ਤੇ ਹੁਣ ਭਾਪਾ ਪ੍ਰੀਤਮ ਸਿੰਘ ਜੀ ਆਰਸੀ, ਜਿਹਨਾਂ ਕਾਗਜ਼ਾਂ ਤੇ ਅੱਖਰਾਂ ਨੂੰ ਜਿਉਂਦੇ ਜੀਆਂ ਵਾਂਗ ਸ਼ਿੰਗਾਰ ਕੇ ਇਸ ਤਰ੍ਹਾਂ ਮਟਕਾ ਕੇ ਸਾਹਮਣੇ ਲਿਆ ਬਿਠਾਇਆ ਕਿ ਹੱਥ ਧੋ ਕੇ ਸੁਕਾਇਆਂ ਬਿਨਾਂ ਲਾਇਆ ਨਹੀਂ ਜਾਂਦਾ।

ਇਸ ਪ੍ਰੀਤਮ ਨੇ ਪੰਜਾਬੀ ਪੁਸਤਕਾਂ ਨੂੰ ਫਰਸ਼ ਤੋਂ ਉਠਾ ਕੇ, ਅਰਸ਼ ਦੇ ਚੰਨਾਂ ਤਾਰਿਆਂ ਨਾਲ ਸਾਵਾਂ ਮਟਕਣ ਲਾ ਦਿੱਤਾ, ਪੰਜਾਬੀ ਦੇ ਵੱਡੇ-ਵੱਡੇ ਲਿਖਾਰੀਆਂ ਤੋਂ ਵੀ ਵੱਧ ਮਾਤ ਬੋਲੀ ਦੀ ਸੇਵਾ ਕਰਨ ਦਾ ਮਾਣ ਏਹਦੇ ਹਿੱਸੇ ਆ ਗਿਆ ਏ।

'ਜਨਤਕ' ਵਾਲੇ 'ਚੰਨ' ਤੇ ਆਰਸੀ ਵਾਲੇ ਗੁਰਬਚਨ ਤੋਂ ਭਾਪੇ ਦੀ ਸਿਖਿਆ ਦਾ ਕੁੱਝ-ਕੁਝ ਝੌਲਾ ਪੈਂਦਾ ਹੈ। ਰੱਬਾ ਜਿਉਂਦੇ ਜਾਗਦੇ ਰਹਿਣ 'ਪ੍ਰੀਤਮ' ਦੇ ਪੁਸਤਕ ਵਾਰਸ।

*—ਸਾਧੂ ਸਿੰਘ ਕਿਸਾਨ*
*ਰਾਮਪੁਰ ਬੁਢੀ ਮਾੜੀ (ਸਿਰਸਾ)*

ਵਰਿਆਮ: ਨਵੇਂ ਅੰਕ ਦਾ ਮੁੱਖ ਪੰਨਾ ਬੜਾ ਆਕਰਸ਼ਕ ਹੈ। ਵਧੀਆ ਪੇਂਟਿੰਗ ਕਰਕੇ ਵੀ ਤੇ ਸੁਖਵੰਤ ਚਿੱਤਰਕਾਰ ਦੀ ਕਵਿਤਾ ਕਰ ਕੇ ਵੀ। ਪਰਚੇ ਵਿੱਚ ਕਿਰਪਾਲ ਕਜ਼ਾਕ ਦਾ ਲੇਖ 'ਦਾਤੇ ਦੀ ਪਰਿਭਾਸ਼ਾ' ਪੜ੍ਹਕੇ ਸ਼ਾਇਦ ਹਰ ਕੋਈ ਭੈਣੀ ਸਾਹਿਬ ਜਾਣ ਲਈ ਤਿਆਰ ਹੋ ਜਾਵੇ। ਮਹਿਮਾ ਸਿੰਘ ਤੂਰ ਨੇ ਨਿੱਕੀਆਂ ਨਿੱਕੀਆਂ ਛੋਹਾਂ ਨਾਲ ਵਧੀਆ ਲਲਿਤ ਨਿਬੰਧ ਲਿਖਿਆ ਹੈ ਤੇ ਅਮਰ ਭਾਰਤੀ ਦੀ ਲਿਖਤ ਵੀ ਬੜੀ ਦਿਲਚਸਪ ਹੈ। ਪ੍ਰੀਤਮ ਸਿੰਘ ਕਵੀ ਹੋਰਾਂ ਦੀ ਸੰਗਤ ਮੈਂ ਵੀ ਬਥੇਰੀ ਮਾਣੀ ਹੈ, ਜਲੰਧਰੋਂ ਲੈ ਕੇ ਅਮਰੀਕਾ ਤੱਕ, ਸੁਵਰਨ ਸਿੰਘ ਵਿਰਕ ਨੇ ਚੰਗੇ ਸ਼ਬਦਾਂ ਵਿਚ ਉਨ੍ਹਾਂ ਨੂੰ ਯਾਦ ਕੀਤਾ ਹੈ। ਸਤਿਗੁਰੂ ਪ੍ਰਤਾਪ ਸਿੰਘ ਹੋਰਾਂ ਬਾਰੇ ਸਵਰਨ ਸਿੰਘ ਸਨੇਹੀ ਨੇ ਯਾਦ ਭਰਪੂਰ ਲੇਖ ਲਿਖਿਆ ਹੈ।

***ਪ੍ਰੇਮ ਗੋਰਖੀ***
***—ਪੰਜਾਬੀ ਟ੍ਰਿਬਿਊਨ ੧੯-੦੬-੦੫***



Namdhari Elibrary NamdhariElibrary@gmail.com

Our Motto : Best Quality of the Day

*High Class Gun Manufacturers*

**Single & Double Barrels**



# 12-BORE GUNS

## Free India Gun Manufacturers

Prop. S. KARTAR SINGH (Jammu-Wale)

6, Industrial Estate, Ashok Nagar,
Jammu Cantt-3
Ph. : 433810

**Sister Concern :**

**M/s Kartar Singh**

**ARMS & AMMUNITION DEALERS**



Namdhari Elibrary NamdhariElibrary@gmail.com

# OSTER®

REGD. TRADE MARK No. 491851

## CARDIGANS • PULLOVERS

# TITLIS

(U.K.)

## LUXURY SHAWLS • BLANKETS

## BED SHEETS • BED LINEN

TEL : + 91 161 2494123, 2496056, 2493689, 5087501-02-03.
FAX:+ 91 161 2494131, 2500732
E-MAIL:jawsons@sify.com osterldh@satyam.net.in
Web site.www.osterindia.com


Namdhari Elibrary NamdhariElibrary@gmail.com

ਮਾਸਟਰ ਦਰਸ਼ਨ ਸਿੰਘ ਜੀ
ਪੰਥ ਰਤਨ ਮਾਸਟਰ ਨਿਹਾਲ ਸਿੰਘ
ਪੁਰਸਕਾਰ ਨਾਲ ਸਨਮਾਨਿਤ





ਦੇਸ਼ ਭਗਤ ਹਾਲ ਜਲੰਧਰ ਵਿਚ ਪੰਜਾਬੀ ਲੇਖਕ ਸਭਾ ਜਲੰਧਰ ਵੱਲੋਂ ਜਨਾਬ ਖਾਲਿਦ ਹੁਸੈਨ ਨਾਲ ਰੂਬਰੂ ਸਮੇਂ ਖੱਬੇ ਤੋਂ ਸ. ਕੁਲਦੀਪ ਸਿੰਘ ਬੇਦੀ, ਡਾ. ਕੀਰਤੀ ਕੇਸਰ, ਸ. ਜਗਦੀਸ਼ ਸਿੰਘ ਵਰਿਆਮ, ਡਾ. ਵਰਿਆਮ ਸਿੰਘ ਸੰਧੂ, ਜਨਾਬ ਖਾਲਿਦ ਹੁਸੈਨ, ਜਨਾਬ ਲਿਆਕਤ ਜਾਫ਼ਰੀ, ਪ੍ਰੋ. ਪਿਆਰਾ ਸਿੰਘ ਭੋਗਲ ਅਤੇ ਸ੍ਰੀ ਦੇਸ ਰਾਜ ਕਾਲੀ।

Namdhari Elibrary NamdhariElibrary@gmail.com

Registered No. PB (0016) 2003 MONTHLY WARIAM Ladowali Road, Jalandhar-144 001
Regd. RNI No. 26453/75 July-2005



ਸੰਤ ਗੁਰਬਚਨ ਸਿੰਘ ਠੇਕੇਦਾਰ, ਦਿੱਲੀ
੨੬ ਮਈ ੨੦੦੫ ਨੂੰ ਸੰਸਾਰ ਯਾਤਰਾ ਸੰਪੂਰਨ ਕਰ ਗਏ।



ਮਾਤਾ ਕਰਤਾਰ ਕੌਰ ਸੈਹੰਬੀ
(ਜਥੇਦਾਰ ਦਰਸ਼ਨ ਸਿੰਘ ਲੁਧਿਆਣਾ ਦੇ ਮਾਤਾ)
੧ ਜੂਨ ੨੦੦੫ ਨੂੰ ਸਦੀਵੀ ਵਿਛੋੜਾ ਦੇ ਗਏ

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ, ਕੀਤਾ
ਫੋਨ : 2222543,
Namdhari Elibrary NamdhariElibrary@gmail.com